# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 3 (ਹਿਸਟਰੀ) — ਸਮੈਸਟਰ ਛੇਵਾਂ

ਪੇਪਰ : ਪੰਜਾਬ ਦਾ ਇਤਿਹਾਸ (1799-1966) — ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 : ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਜੰਗ (1845—1846)

2.2 : ਅੰਗਰੇਜ਼ਾਂ ਤੇ ਸਿੱਖਾਂ ਦੀ ਦੂਜੀ ਜੰਗ (1848—49) ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ

2.3 : ਪੰਜਾਬ ਦਾ ਪ੍ਰਬੰਧ ਬੋਰਡ ਅਤੇ ਜਾਨ ਲਾਰੰਸ ਚੀਫ਼ ਕਮਿਸ਼ਨਰ ਦੇ ਤੌਰ ਤੇ

2.4 : ਕੂਕਾ ਲਹਿਰ

2.5 : ਸਿੰਘ ਸਭਾ ਲਹਿਰ

2.6 : ਆਰੀਆ ਸਮਾਜ ਲਹਿਰ

2.7 : ਗੁਰਦੁਆਰਾ ਸੁਧਾਰ ਲਹਿਰ

2.8 : ਪੰਜਾਬ ਦੀ ਵੰਡ ਦੇ ਕਾਰਣ


**Department website : www.pbidde.org**

**ਪਾਠ ਨੰਬਰ : 2.1**

## ਅੰਗਰੇਜ਼ਾਂ ਅਤੇ ਸਿੱਖਾਂ ਦਾ ਪਹਿਲਾ ਯੁੱਧ

**ਉਦੇਸ਼** :-ਇਸ ਪਾਠ ਨੂੰ ਅਸੀਂ ਦੋ ਹਿੱਸਿਆਂ ਵਿਚ ਵੰਡ ਰਹੇ ਹਾਂ। ਪਹਿਲੇ ਹਿੱਸੇ ਵਿਚ ਅਸੀਂ ਕਾਰਣ ਦੱਸਾਂਗੇ ਅਤੇ ਦੂਜੇ ਹਿੱਸੇ ਵਿਚ ਇਸ ਯੁੱਧ ਦੀਆਂ ਘਟਨਾਵਾਂ ਹੋਣਗੀਆਂ ਅਤੇ ਪਾਠ ਦੇ ਤੀਜੇ ਹਿੱਸੇ ਵਿਚ ਇਸ ਯੁੱਧ ਦੇ ਸਿੱਟੇ ਦਿੱਤੇ ਗਏ ਹਨ। ਸਾਡਾ ਮੁੱਖ ਉਦੇਸ਼ ਇਸ ਪਾਠ ਵਿਚ ਦਿੱਤੀ ਸਮਗਰੀ ਨੂੰ ਸਰਲ ਬਣਾਉਣਾ ਹੈ। ਇਸ ਲਈ ਸ਼ੁਰੂ ਵਿਚ ਹੀ ਇਹ ਗੱਲ ਨੋਟ ਕਰ ਲਈ ਜਾਵੇ ਕਿ ਇਸ ਪਾਠ ਨੂੰ ਇਸ ਤਰਤੀਬ ਵਿਚ ਲਿਖ ਰਹੇ ਹਾਂ :-

| | | |
|---|---|---|
| 1. | ਕਾਰਣ : | ਭੂਮਿਕਾ |
| | 1.1 | ਦਰਬਾਰੀ ਧੜੇਬੰਦੀ |
| | 1.2 | ਕਮਜ਼ੋਰ ਉਤਰ ਅਧਿਕਾਰੀ |
| | 1.3 | ਫੌਜੀ ਪੰਚਾਇਤਾਂ ਦਾ ਦਖ਼ਲ |
| | 1.4 | ਅੰਗਰੇਜ਼ਾਂ ਦੀਆਂ ਫੌਜੀ ਤਿਆਰੀਆਂ |
| | 1.5 | ਸਿੱਖ ਫੌਜ ਦਾ ਸਤਲੁਜ ਪਾਰ ਕਰਨਾ |
| 2. | ਘਟਨਾਵਾਂ : | ਭੂਮਿਕਾ |
| | 2.1 | ਮੁਦਕੀ ਦੀ ਲੜਾਈ |
| | 2.2 | ਫੇਰੂਸ਼ਾਹ ਦੀ ਲੜਾਈ |
| | 2.3 | ਆਲੀਵਾਲ ਦੀ ਲੜਾਈ |
| | 2.4 | ਸਭਰਾਉਂ ਦੀ ਲੜਾਈ |
| 3. | ਸਿੱਟੇ : | ਇਹ ਅੱਠ ਨੁਕਤਿਆਂ ਵਿਚ ਕ੍ਰਮਵਾਰ ਦਿੱਤੇ ਗਏ ਹਨ। |
| 4. | ਸਾਰ | |

**ਭੂਮਿਕਾ :-**

**ਕਾਰਣ** :- ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚਕਾਰ ਅੰਮ੍ਰਿਤਸਰ ਵਿਖੇ 1809 ਈ: ਵਿੱਚ ਇਕ ਸੰਧੀ ਹੋਈ ਸੀ।ਇਹ ਸੰਧੀ ਲਗਭਗ 20 ਵਰ੍ਹਿਆਂ ਤੱਕ ਠੀਕ ਠਾਕ ਚੱਲਦੀ ਰਹੀ। ਭਾਵੇਂ ਮਹਾਰਾਜਾ ਦੇ ਜੀਵਨ ਕਾਲ ਵਿਚ ਕਈ ਅਜਿਹੇ ਮੌਕੇ ਆਏ ਜਦ ਉਸਦੀ ਅੰਗਰੇਜ਼ਾਂ ਨਾਲ ਲੜਾਈ ਹੋ ਸਕਦੀ ਸੀ ਪਰ ਮਹਾਰਾਜਾ ਨੇ ਹਰ ਸਮੇਂ ਲੜਾਈ ਨੂੰ ਟਾਲ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਅੰਗਰੇਜ਼ਾਂ ਦੀ ਨੀਅਤ ਵਿਚ ਫਰਕ ਆ ਗਿਆ। ਹੁਣ ਉਨ੍ਹਾਂ ਨੇ ਮਹਾਰਾਜਾ ਦੇ ਰਾਜ ਨੂੰ ਚਾਰੇ ਪਾਸਿਆਂ ਤੋਂ ਘੇਰਨ ਦੀ ਨੀਤੀ ਅਪਣਾਉਣੀ ਸ਼ੁਰੂ ਕੀਤੀ। 1836 ਈ: ਵਿਚ ਰਣਜੀਤ ਸਿੰਘ ਨੂੰ ਸ਼ਿਕਾਰਪੁਰ ਤੋਂ ਆਪਣੀ ਫੌਜ ਵਾਪਸ ਬੁਲਾਉਣ ਲਈ ਮਜ਼ਬੂਰ ਹੋਣਾ ਪਿਆ ਸੀ। ਮਹਾਰਾਜਾ ਦੀ ਇਹ ਬੜੀ ਤਕੜੀ ਇੱਛਾ ਸੀ ਕਿ ਸ਼ਿਕਾਰਪੁਰ ਨੂੰ ਜਿੱਤ ਕੇ ਆਪਣੇ ਰਾਜ ਵਿਚ ਮਿਲਾਵੇ। 1835 ਈ: ਵਿਚ ਫ਼ਿਰੋਜ਼ਪੁਰ ਉਤੇ ਅੰਗਰੇਜ਼ਾਂ ਨੇ ਆਪਣਾ ਕਬਜ਼ਾ ਕਰ ਲਿਆ ਅਤੇ ਤਿੰਨ ਸਾਲ ਤੋਂ ਬਾਅਦ ਉਥੇ ਇਕ ਵੱਡੀ ਫੌਜੀ ਛਾਉਣੀ ਕਾਇਮ ਕੀਤੀ। ਮਹਾਰਾਜਾ ਸਿੰਧ ਵਿਚ ਆਪਣਾ ਅਸਰ ਰਸੂਖ ਵਧਾਉਣਾ ਚਾਹੁੰਦਾ ਸੀ ਪਰ ਅੰਗਰੇਜ਼ ਉਥੇ ਪਹਿਲਾਂ ਹੀ ਪੁੱਜ ਗਏ।। 1832 ਈ: ਵਿਚ ਉਨ੍ਹਾਂ ਸਿੰਧ ਦੇ ਅਮੀਰਾਂ ਨਾਲ ਇਕ ਸੰਧੀ ਕਰ ਲਈ। ਇਹ ਸੰਧੀ 1834 ਈ: ਵਿਚ ਦੁਬਾਰਾ ਕੀਤੀ ਗਈ। 1838 ਈ: ਵਿਚ ਇਕ ਹੋਰ ਸੰਧੀ ਰਾਹੀਂ ਅਮੀਰਾਂ ਨੂੰ ਨਾਲ ਹੋਰ ਜ਼ਿਆਦਾ ਆਪਣੇ ਕਬਜ਼ੇ ਹੇਠ ਕਰ ਲਿਆ। ਇਕ ਬ੍ਰਿਟਿਸ਼ ਅਫਸਰ ਆਸਬੋਰਨ 1838 ਈ: ਵਿਚ ਪੰਜਾਬ ਵਿਖੇ ਆਇਆ ਅਤੇ ਇਸ ਯਾਤਰਾ ਤੋਂ ਬਾਅਦ ਜੋ ਉਸ ਨੇ ਪੰਜਾਬ ਬਾਰੇ ਲਿਖਿਆ ਉਸ ਤੋਂ ਸਾਫ ਪਤਾ ਚਲਦਾ ਹੈ ਕਿ ਅੰਗਰੇਜ਼ਾਂ ਦੇ ਰਣਜੀਤ ਸਿੰਘ ਦੀ ਮੌਤ ਪਿਛੋਂ ਕੀ ਇਰਾਦੇ ਸਨ। ਉਹ ਲਿਖਦਾ ਹੈ ਕਿ ਈਸਟ ਇੰਡੀਆ ਕੰਪਨੀ ਨੂੰ ਰਣਜੀਤ ਸਿੰਘ ਦੀ ਮੌਤ ਦੇ ਫੌਰੀ ਬਾਅਦ ਇਕ ਵੱਡੀ ਫੌਜ ਭੇਜਕੇ ਪੰਜਾਬ ਨੂੰ ਆਪਣੇ ਅਧਿਕਾਰ ਵਿਚ ਲਿਆਉਣਾ

ਚਾਹੀਦਾ ਹੈ। ਰਣਜੀਤ ਸਿੰਘ ਨੂੰ ਵੀ ਅੰਗਰੇਜ਼ਾਂ ਦੀ ਮਾੜੀ ਨੀਅਤ ਦਾ ਪੂਰਾ ਗਿਆਨ ਸੀ। ਇਹੀ ਕਾਰਨ ਸੀ ਕਿ ਉਸਨੇ ਇਕ ਵਾਰ ਭਾਰਤ ਦਾ ਨਕਸ਼ਾ ਵੇਖਣ ਤੋਂ ਬਾਅਦ ਕਿਹਾ ਸੀ ਕਿ ਸਭ ਲਾਲ ਹੋ ਜਾਵੇਗਾ ਭਾਵੇਂ ਕਿ ਮੁਲਕ ਦੇ ਜੋ ਹਿੱਸੇ ਅਜਿਹੇ ਅੰਗਰੇਜ਼ੀ ਰਾਜ ਤੋਂ ਬਾਹਰ ਸਨ ਉਹ ਵੀ ਅੰਗਰੇਜ਼ਾਂ ਦੇ ਹੇਠ ਆ ਜਾਣਗੇ। ਇਸ ਤਰ੍ਹਾਂ ਪਤਾ ਚਲਦਾ ਹੈ ਕਿ ਅੰਗਰੇਜ਼ਾਂ ਵਲੋਂ, ਪੰਜਾਬ ਨੂੰ ਰਣਜੀਤ, ਸਿੰਘ ਦੇ ਸਮੇਂ ਤੋਂ ਹੀ ਖ਼ਤਰਾ ਬਣਿਆ ਹੋਇਆ ਸੀ। 1839 ਈ: ਵਿਚ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਇਹ ਖ਼ਤਰਾ ਹੋਰ ਜ਼ਿਆਦਾ ਵਧ ਗਿਆ ਕਿਉਂਕਿ ਹਾਲਾਤ ਬਦਲ ਕੇ ਅੰਗਰੇਜ਼ਾਂ ਦੇ ਇਰਾਦਿਆਂ ਦੇ ਅਨੁਕੂਲ ਬਣ ਗਏ ਸਨ।

**ਦਰਬਾਰੀ ਧੜੇਬੰਦੀ** :-ਸਭ ਤੋਂ ਪਹਿਲਾਂ ਪੰਜਾਬ ਦੀ ਅੰਦਰੂਨੀ ਹਾਲਤ ਵੱਲ ਜੇ ਧਿਆਨ ਦਿੰਦੇ ਹਾਂ ਤਾਂ ਇਸ ਸੰਬੰਧ ਵਿਚ ਜੋ ਗਲ ਉੱਭਰ ਕੇ ਸਾਡੇ ਸਾਹਮਣੇ ਆਉਂਦੀ ਹੈ, ਉਹ ਵੱਖ-ਵੱਖ ਧੜਿਆਂ ਦੀ ਆਪਸੀ ਖਿਚੋਤਾਣ ਹੈ। ਇਸ ਖਿਚੋਤਾਣ ਦੇ ਸਿੱਟੇ ਵਜੋਂ ਸਾਰਾ ਵਾਤਾਵਰਣ ਹੀ ਖਰਾਬ ਹੋ ਗਿਆ। ਰਣਜੀਤ ਸਿੰਘ ਦੇ ਆਖਰੀ ਸਾਲਾਂ ਵਿਚ ਡੋਗਰਿਆਂ ਦਾ ਧੜਾ ਬਹੁਤ ਹੀ ਸ਼ਕਤੀਸ਼ਾਲੀ ਹੋ ਗਿਆ ਸੀ ਦੂਜੇ ਧੜੇ ਡੋਗਰਿਆਂ ਦਾ ਬੋਲਬਾਲਾ ਵੇਖਕੇ ਦੁਖੀ ਹੁੰਦੇ ਰਹਿੰਦੇ ਹਨ ।ਰਣਜੀਤ ਸਿੰਘ ਦਾ ਪਹਿਲਾ ਵਾਰਿਸ ਖੜਕ ਸਿੰਘ ਸੀ। ਉਸਨੂੰ ਵੀ ਡੋਗਰਿਆਂ ਦੀ ਤਾਕਤ ਚੰਗੀ ਨਹੀਂ ਸੀ ਲਗਦੀ। ਇਸ ਲਈ ਉਸਨੇ ਚੇਤ ਸਿੰਘ ਨੂੰ ਧਿਆਨ ਸਿੰਘ ਦੀ ਥਾਂ ਉਤੇ ਵੱਡਾ ਵਜੀਰ ਥਾਪਿਆ ਪਰ ਥੋੜੇ ਹੀ ਚਿਰ ਵਿਚ ਡੋਗਰਿਆਂ ਨੇ ਚੇਤ ਸਿੰਘ ਨੂੰ ਮਾਰ ਦਿੱਤਾ ਅਤੇ ਮੁੜ ਤੋਂ ਉਹ ਤਾਕਤ ਵਿਚ ਆ ਗਏ। ਕੰਵਰ ਨੌਨਿਹਾਲ ਸਿੰਘ ਡੋਗਰਿਆਂ ਦੀ ਸ਼ਕਤੀ ਨੂੰ ਠੀਕ ਹੱਦ ਵਿਚ ਰੱਖਣਾ ਚਾਹੁੰਦਾ ਸੀ ਪਰ ਉਸਦੀ ਬੇਵਕਤ ਮੌਤ ਨੇ ਉਸਦੇ ਇਸ ਇਰਾਦੇ ਨੂੰ ਪੂਰਾ ਨਹੀਂ ਹੋਣ ਦਿੱਤਾ। ਇਸ ਵੇਲੇ ਸੰਧਾਵਾਲੀਏ ਧੜੇ ਨੇ ਜੋਰ ਫੜਕੇ ਰਾਣੀ ਚੰਦ ਕੌਰ ਨੂੰ ਤਾਕਤ ਵਿਚ ਲਿਆਂਦਾ ਪਰ ਉਹ ਤਾਕਤ ਸੰਭਾਲ ਨਾ ਸਕੇ ਅਤੇ ਡੋਗਰੇ ਫਿਰ ਕਾਮਯਾਬ ਹੋ ਗਏ ਅਤੇ ਇਨ੍ਹਾਂ ਨੇ ਸ਼ੇਰ ਸਿੰਘ ਨੂੰ ਤਖ਼ਤ ਉਤੇ ਬਿਠਾ ਦਿੱਤਾ। ਇਸ ਤਰ੍ਹਾਂ ਇਹ ਸੰਘਰਸ਼ ਚਾਲੂ ਰਿਹਾ ਜਿਸ ਨਾਲ ਪੰਜਾਬ ਨੂੰ ਬਹੁਤ ਨੁਕਸਾਨ ਪੁੱਜਾ। ਸ਼ਾਸ਼ਨ ਵਿਚ ਢਿੱਲ ਆ ਗਈ। ਮਾਲੀ ਹਾਲਤ ਕਮਜ਼ੋਰ ਹੋ ਗਈ ਅਤੇ ਅਸ਼ਾਂਤੀ ਦਾ ਪ੍ਰਭਾਵ ਵਧਣ ਲਗ ਪਿਆ।

**ਕਮਜ਼ੋਰ ਵਾਰਿਸ** :- ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸ ਇੰਨੀ ਯੋਗਤਾ ਦੇ ਮਾਲਿਕ ਨਹੀਂ ਸਨ ਕਿ ਉਹ ਇਨ੍ਹਾਂ ਧੜਿਆਂ ਨੂੰ ਕਾਬੂ ਵਿਚ ਰੱਖ ਸਕਣ। ਖੜਕ ਸਿੰਘ ਨੂੰ ਤਾਂ ਇੰਨੀ ਸਮਝ ਹੀ ਨਹੀਂ ਸੀ ਅਤੇ ਨਾ ਹੀ ਉਸਦੀ ਸਖਸ਼ੀਅਤ ਦਾ ਕੋਈ ਖਾਸ ਪ੍ਰਭਾਵ ਸੀ। ਕੰਵਰ ਨੌਨਿਹਾਲ ਸਿੰਘ ਵਿਚ ਕਈ ਗੁਣ ਆਪਣੇ ਦਾਦੇ ਵਾਲੇ ਸਨ ਪਰ ਉਸਦੀ ਬੇਵਕਤ ਮੌਤ ਨੇ ਉਸਦੀ ਕੋਈ ਪੇਸ਼ ਨਾ ਜਾਣ ਦਿੱਤੀ। ਰਾਣੀ ਚੰਦ ਕੌਰ ਨੂੰ ਕੁਝ ਮਹੀਨੇ ਤਾਕਤ ਪ੍ਰਾਪਤ ਹੋਈ ਪਰ ਇਹ ਥੋੜੇ ਚਿਰ ਵਿਚ ਹੀ ਪੰਜਾਬ ਨੂੰ ਇਨਾ ਨੁਕਸਾਨ ਪੁਜਿਆ ਜਿਸ ਨੂੰ ਮੁੜ ਪੂਰਾ ਕਰਨਾ ਮੁਸ਼ਕਿਲ ਹੋ ਗਿਆ। ਇਸ ਤੋਂ ਬਾਅਦ ਮਹਾਰਾਜਾ ਸ਼ੇਰ ਸਿੰਘ ਨੂੰ ਗੱਦੀ ਮਿਲੀ ਪਰ ਰਾਜਨੀਤਿਕ ਮਾਮਲਿਆਂ ਵਿਚ ਉਸਨੂੰ ਵੀ ਸੂਝ-ਬੂਝ ਬਹੁਤ ਘੱਟ ਸੀ। ਉਸਦੇ ਕਤਲ ਤੋਂ ਬਾਅਦ ਨਾਬਾਲਗ ਦਲੀਪ ਸਿੰਘ ਤਖ਼ਤ ਤੇ ਬੈਠਿਆ ਉਸਦੀ ਉਮਰ ਕੇਵਲ ਪੰਜ ਵਰ੍ਹਿਆਂ ਦੀ ਸੀ। ਇਸ ਲਈ ਉਹ ਇਸ ਯੋਗ ਹੀ ਨਹੀਂ ਕਿ ਧੜੇਬਾਜ਼ੀ ਨੂੰ ਆਪਣੇ ਦਰਬਾਰ ਵਿਚ ਖ਼ਤਮ ਕਰ ਸਕੇ।

**ਫੌਜੀ ਪੰਚਾਇਤਾਂ ਦਾ ਦਖਲ** :- ਮਹਾਰਾਜਿਆਂ ਦੀ ਕਮਜ਼ੋਰੀ ਤੇ ਨਿਰਭਰ ਧੜੇਬਾਜ਼ੀ ਦੇ ਕਾਰਣ ਫੌਜ ਦਾ ਮਹੱਤਵ ਵੱਧ ਗਿਆ। ਜਿਸ ਵੀ ਧੜੇ ਨੇ ਕੁਝ ਕਰਨਾ ਹੁੰਦਾ ਸੀ ਉਹ ਫੌਜ ਕੋਲ ਅਪੜਕੇ ਜਾਂ ਜਾਕੇ ਉਸਦੀ ਮਦਦ ਲੈਣ ਦੀ ਕੋਸ਼ਿਸ਼ ਕਰਦਾ ਸੀ। ਫੌਜ ਦੀਆਂ ਵੱਖ ਵੱਖ ਰੈਜੀਮੈਂਟਾਂ ਅਤੇ ਬਟਾਲੀਅਨਾਂ ਵਿਚ ਪੰਚਾਇਤਾਂ ਕਾਇਮ ਹੋ ਗਈਆਂ। ਫਿਰ ਸਮੁੱਚੀ ਫੌਜ ਦੀ ਇਕ ਵੱਡੀ ਪੰਚਾਇਤ ਬਣਾਈ ਗਈ ਜਿਸ ਦਾ ਮੁੱਖ ਕੰਮ ਫੌਜੀ ਸਮੱਸਿਆਵਾਂ ਬਾਰੇ ਖਾਲਸਾ ਦਰਬਾਰ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਫੈਸਲਾ ਕਰਨਾ ਸੀ। ਮੁਲਕ ਦੀ ਰਾਜਨੀਤੀ ਵਿਚ ਵੀ ਇਹ ਪੰਚਾਇਤਾਂ ਬਹੁਤ ਜ਼ਿਆਦਾ ਦਿਲਚਸਪੀ ਰਖਦੀਆਂ ਸਨ। ਸ ਜਵਾਹਰ ਸਿੰਘ ਫੌਜੀ ਪੰਚਾਇਤ ਦੇ ਫੈਸਲੇ ਅਨੁਸਾਰ ਹੀ ਮਾਰਿਆ ਗਿਆ ਸੀ।

***ਅੰਗਰੇਜ਼ਾਂ ਦੀਆਂ ਫੌਜੀ ਤਿਆਰੀਆਂ :-*** ਪੰਜਾਬ ਦੇ ਅੰਦਰੂਨੀ ਹਾਲਾਤ ਨੂੰ ਇਸ ਤਰ੍ਹਾਂ ਛੇਤੀ-ਛੇਤੀ ਵਿਗੜਦੇ ਵੇਖਕੇ ਅੰਗਰੇਜ਼ਾਂ ਦੇ ਇਰਾਦੇ ਪੰਜਾਬ ਸੰਬੰਧੀ ਹੋਰ ਮਾੜੇ ਹੋ ਗਏ। ਉਨ੍ਹਾਂ ਨੇ ਫਿਰੋਜ਼ਪੁਰ ਅਤੇ ਲੁਧਿਆਣਾ ਦੇ ਫੌਜੀ ਅੱਡਿਆਂ ਨੂੰ ਹੋਰ ਫੌਜਾਂ ਅਤੇ ਤੋਪਾਂ ਲਿਆ ਕੇ ਮਜ਼ਬੂਤ ਕਰ ਲਿਆ। ਮੇਰਠ ਅਤੇ ਅੰਬਾਲਾ ਦੀਆਂ ਛਾਉਣੀਆਂ ਵੀ ਇਸੇ ਇਰਾਦੇ ਨਾਲ ਪੱਕੀਆਂ ਕੀਤੀਆਂ ਗਈਆਂ। ਫਿਰੋਜ਼ਪੁਰ ਦੇ ਨੇੜੇ ਸਤਲੁਜ ਦਰਿਆ ਤੇ ਇਕ ਬੇੜੀਆਂ ਦਾ ਪੁਲ ਉਚੇਰੇ ਤੋਰ ਤੇ ਬਣਾਇਆ ਗਿਆ ਅਤੇ ਇਸ ਮਨੋਰਥ ਲਈ ਬੇੜੀਆਂ ਬੰਬਈ ਤੋ ਲਿਆਂਦੀਆਂ ਗਈਆਂ। ਬਸੀਆਂ ਦੀ ਥਾਂ ਉਤੇ ਜਿਹੜਾ ਸਿੱਖਾਂ ਦੀ ਸਰਹੱਦ ਤੋਂ ਬਹੁਤ ਦੂਰ ਨਹੀਂ ਸੀ, ਇਕ ਲੜਾਈ ਦੇ ਸਮਾਨ ਦਾ ਡਿਪੂ ਬਣਾਇਆ ਗਿਆ ਜਿਸ ਨੂੰ ਲੜਾਈ ਛਿੜ ਜਾਣ ਦੀ ਸੂਰਤ ਵਿਚ ਵਰਤਿਆ ਜਾਣਾ ਸੀ। ਲੁਧਿਆਣਾ ਦੇ ਸਿਆਸੀ ਏਜੰਟ ਬਰਾਡਫੁੱਟ ਦੀਆਂ ਭੜਕਾਓ ਗੱਲਾਂ ਅਤੇ ਕਾਰਵਾਈਆਂ ਨੇ ਬਲਦੀ ਤੇ

ਤੇਲ ਪਾਉਣ ਦਾ ਕੰਮ ਕੀਤਾ। ਉਸਦੀ ਸਭ ਤੋਂ ਵੱਧ ਭੜਕਾਓ ਕਾਰਵਾਈ ਇਹ ਸੀ ਕਿ ਉਸਨੇ ਖੁਦ ਹੀ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਲਾਹੌਰ ਦਰਬਾਰ ਦੇ ਜੋ ਇਲਾਕੇ ਸਤਲੁਜ ਪਾਰ ਹਨ, ਉਹ ਸਭ ਬ੍ਰਿਟਿਸ਼ ਸਰਕਾਰ ਦੀ ਰੱਖਿਆ ਥੱਲੇ ਹਨ। ਸਿੰਧ ਵਿਚ ਲਾਰਡ ਨੇਪੀਅਰ ਵੀ ਕਈ ਭੜਕਾਊ ਕਾਰਵਾਈਆਂ ਕਰ ਰਿਹਾ ਸੀ। ਸਿੱਖਾਂ ਨੂੰ ਇਹ ਸਭ ਕੁਝ ਵੇਖ ਕੇ ਵਿਸ਼ਵਾਸ਼ ਹੋ ਗਿਆ ਕਿ ਬ੍ਰਿਟਿਸ਼ ਉਨ੍ਹਾਂ ਦੇ ਰਾਜ ਨੂੰ ਹੜਪਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਦੇ ਦਿਲ ਵਿਚ ਦੇਸ਼ ਪਿਆਰ ਦੀ ਅੱਗ ਭੜਕ ਉਠੀ। ਉਹ ਹਰ ਕੀਮਤ ਤੇ ਆਪਣੇ ਅਣਮੁੱਲੇ ਰਾਜ ਨੂੰ ਬਚਾ ਕੇ ਰੱਖਣਾ ਚਾਹੁੰਦੇ ਸਨ ਪਰ ਜੋ ਖਾਲਸਾ ਦਰਬਾਰ ਦੇ ਅਧਿਕਾਰੀ ਸਨ ਉਨ੍ਹਾਂ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਸੀ। ਇਸ ਦੇ ਉਲਟ ਉਨ੍ਹਾਂ ਨੂੰ ਖਾਲਸਾ ਫੌਜ ਦੇ ਦੇਸ਼ ਪਿਆਰ ਵਿਚ ਇਕ ਅਜਿਹਾ ਅਫਸਰ ਨਜ਼ਰ ਆਇਆ ਜਿਸ ਨੂੰ ਵਰਤ ਕੇ ਉਹ ਸੈਨਿਕ ਸ਼ਕਤੀ ਨੂੰ ਨਸ਼ਟ ਕਰ ਸਕਦੇ ਸਨ।ਇਸ ਲਈ ਉਨ੍ਹਾਂ ਗੁਪਤ ਤੌਰ ਤੇ ਅੰਗਰੇਜ਼ਾਂ ਨਾਲ ਗੱਲਬਾਤ ਸ਼ੁਰੂ ਕੀਤੀ।

**ਸਿੱਖ ਸੈਨਾ ਦਾ ਸਤਲੁਜ ਪਾਰ ਕਰਨਾ :-** ਲੜਾਈ ਸ਼ੁਰੂ ਹੋਣ ਦਾ ਤੱਤਕਾਲੀਨ ਕਾਰਨ ਇਹ ਦੱਸਿਆ ਗਿਆ ਹੈ ਕਿ ਸਿੱਖਾਂ ਨੂੰ ਦਰਿਆ ਸਤਲੁਜ ਪਾਰ ਕਰਕੇ ਦੋਸਤੀ ਦੀ ਸੰਧੀ ਦੀ ਉਲੰਘਣਾ ਕਰ ਦਿੱਤੀ ਪਰ ਇਹ ਠੀਕ ਨਹੀਂ ਸੀ। ਇਹ ਗੱਲ ਅੰਗਰੇਜ਼ਾਂ ਨੇ ਸਿੱਖਾ ਦੇ ਸਿਰ ਸਾਰਾ ਦੋਸ਼ ਮੜਨ ਲਈ ਕਹੀ। ਜਿਵੇਂ ਅਸੀਂ ਉਪਰ ਵੇਖ ਆਏ ਹਾਂ ਸਾਰਾ ਦੋਸ਼ ਅੰਗਰੇਜ਼ਾਂ ਦਾ ਆਪਣਾ ਸੀ। ਇਹ ਸਿੱਖ ਫੌਜ ਲਾਹੌਰ ਤੋਂ ਤੁਰੀ ਵੀ ਨਹੀਂ ਸੀ ਕਿ ਅੰਬਾਲਾ ਛਾਉਣੀ ਤੇ ਕੁਝ ਅੰਗਰੇਜ਼ੀ ਸੈਨਾ ਨੇ ਸਿੱਖਾਂ ਦੀ ਸਰਹੱਦ ਵੱਲ ਵੱਧਣਾ ਸ਼ੁਰੂ ਕਰ ਦਿੱਤਾ। ਫਿਰ ਸਿੱਖ ਦਰਿਆ ਪਾਰ ਕਰਕੇ ਆਪਣੇ ਹੀ ਇਲਾਕੇ ਵਿਚ ਖੜੇ ਰਹੇ। ਉਨ੍ਹਾਂ ਨੂੰ ਕੋਈ ਅੰਗਰੇਜ਼ੀ ਇਲਾਕਾ ਹਥਿਆਉਣ ਦਾ ਲਾਲਚ ਨਹੀਂ ਸੀ। ਦੂਜੀ ਤਰਫ਼ ਅੰਗਰੇਜ਼ਾਂ ਦਾ ਇਰਾਦਾ ਇਹ ਸੀ ਕਿ ਪੰਜਾਬ ਨੂੰ ਹੜਪ ਲਿਆ ਜਾਵੇ।

**ਘਟਨਾਵਾਂ**

**ਮੁਦਕੀ ਦੀ ਲੜਾਈ** :- ਅੰਗਰੇਜ਼ਾਂ ਅਤੇ ਸਿੱਖਾਂ ਵਿਚ ਸਭ ਤੋਂ ਪਹਿਲਾਂ ਮੁਦਕੀ ਦੀ ਥਾਂ ਤੇ ਲੜਾਈ ਹੋਈ । ਲਾਲ ਸਿੰਘ ਨੇ ਚਾਲਾਕੀ ਨਾਲ ਖਾਲਸਾ ਸੈਨਾ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ। ਪਹਿਲਾ ਹਿੱਸਾ ਤੇਜ ਸਿੰਘ ਦੀ ਕਮਾਂਡ ਹੇਠ ਫ਼ਿਰੋਜ਼ਪੁਰ ਵਿਖੇ ਛੱਡਿਆ ਗਿਆ। ਉਸਨੂੰ ਉਥੋਂ ਦੀ ਅੰਗਰੇਜ਼ੀ ਛਾਉਣੀ ਤੇ ਹਮਲਾ ਕਰਕੇ ਆਪਣੇ ਹੇਠ ਕਰਨ ਲਈ ਨਹੀਂ ਸੀ ਛੱਡਿਆ ਗਿਆ ਸਗੋਂ ਉਸ ਤੇ ਨਿਗਰਾਨੀ ਰੱਖਣ ਲਈ ਅਜਿਹਾ ਕੀਤਾ ਗਿਆ। ਦੂਜਾ ਅਤੇ ਸਭ ਤੋਂ ਵੱਡਾ ਹਿੱਸਾ ਫੇਰੂ ਸ਼ਾਹ ਦੀ ਥਾਂ ਤੇ ਰੱਖਿਆ ਗਿਆ। ਬਾਕੀ ਦੀ ਥੋੜੀ ਜਿਹੀ ਫੌਜ ਲੈ ਕੇ ਲਾਲ ਸਿੰਘ ਉਸ ਪਾਸੇ ਵੱਲ ਵਧਿਆ ਜਿਧਰ ਅੰਗਰੇਜ਼ੀ ਸੈਨਾ ਲਾਰਡ ਹਾਰਡਿੰਗ ਦੀ ਅਗਵਾਈ ਵਿਚ ਵਧੀ ਆ ਰਹੀ ਸੀ। ਇਸ ਤਰ੍ਹਾਂ ਦੋਹਾਂ ਦਾ ਟਾਕਰਾ ਪਿੰਡ ਮੁਦਕੀ ਕੋਲ ਹੋਇਆ। ਇਹ ਲੜਾਈ ਸਿੱਖ ਫੌਜ ਨੇ ਬੜੀ ਤਾਕਤ ਨਾਲ ਲੜੀ ਅਤੇ ਅੰਗਰੇਜ਼ਾਂ ਦਾ ਬਹੁਤ ਜ਼ਿਆਦਾ ਨੁਕਸਾਨ ਕੀਤਾ, ਪਰ ਰਾਜਾ ਲਾਲ ਸਿੰਘ ਲੜਾਈ ਦੇ ਮੈਦਾਨ ਵਿਚੋਂ ਨੱਸ ਗਿਆ। ਇਸ ਲੜਾਈ ਵਿਚ ਅੰਗਰੇਜ਼ਾਂ ਦੇ 215 ਆਦਮੀ ਮਰੇ ਅਤੇ 656 ਜ਼ਖ਼ਮੀ ਹੋਏ।

**ਫੇਰੂ ਸ਼ਾਹ ਦੀ ਲੜਾਈ** :-ਮੁਦਕੀ ਦੀ ਲੜਾਈ ਤੋਂ ਤਿੰਨ ਦਿਨ ਬਾਅਦ 21 ਦਸੰਬਰ ਦੇ ਦਿਨ ਫੇਰੂ ਸ਼ਾਹ ਦੀ ਲਹੂ ਡੋਲਣੀ ਲੜਾਈ ਲੜੀ ਗਈ। ਪਹਿਲੇ ਦਿਨ ਦੀ ਲੜਾਈ ਵਿਚ ਅੰਗਰੇਜ਼ਾਂ ਦੇ ਹੌਸਲੇ ਇੰਨੇ ਢੱਠੇ ਕਿ ਉਹ ਪਿੱਛੇ ਹੱਟਣ ਲਈ ਸੋਚਣ ਲੱਗ ਪਏ। ਗਵਰਨਰ ਜਨਰਲ ਲਾਰਡ ਹਰਡਿੰਗ ਨੇ ਤਾਂ ਆਪਣੇ ਗੁਪਤ ਕਾਗ਼ਜ਼ਾਂ ਨੂੰ ਨਸ਼ਟ ਕਰਨ ਦਾ ਆਦੇਸ਼ ਦੇ ਦਿੱਤਾ। ਇਸ ਸਮੇਂ ਅੰਗਰੇਜ਼ਾਂ ਦੀ ਹਾਲਤ ਬਹੁਤ ਖ਼ਰਾਬ ਸੀ। ਇਥੋਂ ਤੱਕ ਕਿ ਉਨ੍ਹਾਂ ਕੋਲ ਬਾਰੂਦ ਮੁਕਣ ਹੀ ਵਾਲਾ ਸੀ। ਪਰ ਲਾਲ ਸਿੰਘ ਨੇ ਇਕ ਵਾਰ ਫਿਰ ਗਦਾਰੀ ਕੀਤੀ ਅਤੇ ਰਾਤੋ-ਰਾਤ ਫੌਜ ਨੂੰ ਇਕੱਲਿਆਂ ਛੱਡ ਕੇ ਦੌੜ ਗਿਆ। ਅਗਲੀ ਸਵੇਰ ਤੇਜ ਸਿੰਘ ਦੀ ਤਾਜਾ ਦਮ ਫੌਜ ਫੇਰੂ ਸ਼ਾਹ ਪੁੱਜ ਗਈ ਜਿਸ ਨੂੰ ਅੰਗਰੇਜ਼ ਵੇਖਕੇ ਸਹਿਮ ਗਏ ਪਰ ਤੇਜ ਸਿੰਘ ਨੇ ਲੜਾਈ ਕਰਨੀ ਠੀਕ ਨਾ ਸਮਝੀ ਅਤੇ ਛੇਤੀ ਹੀ ਵਾਪਸ ਮੁੜ ਗਿਆ। ਇਸ ਤਰ੍ਹਾਂ ਜਿੱਤੀ ਹੋਈ ਲੜਾਈ ਹਾਰ ਵਿਚ ਬਦਲ ਦਿੱਤੀ। ਥੋੜ੍ਹੇ ਦਿਨ ਪਿਛੋਂ ਫਿਲੌਰ ਵਾਲੇ ਪਾਸਿਓਂ ਸਰਦਾਰ ਰਣਯੋਧ ਸਿੰਘ ਨੇ ਆਪਣੀ ਫੌਜ ਸਮੇਤ ਲੁਧਿਆਣੇ ਉੱਤੇ ਹਮਲਾ ਕਰਨ ਲਈ ਸਤਲੁਜ ਦਰਿਆ ਪਾਰ ਕੀਤਾ। ਬਦੋਵਾਲ ਵਿਖੇ ਉਸਦੀ ਇਕ ਅੰਗਰੇਜ਼ ਸੈਨਾ ਨਾਲ ਝੜਪ ਹੋਈ। ਥੋੜ੍ਹੀ ਦੇਰ ਤੋਂ ਬਾਅਦ ਆਲੀਵਾਲ ਦੀ ਥਾਂ ਤੇ ਦੋਹਾਂ ਫੌਜਾਂ ਵਿਚ ਇਕ ਲਹੂ ਡੁਲਵੀਂ ਲੜਾਈ ਲੜੀ ਗਈ ਜਿਸ ਵਿਚ ਅੰਗਰੇਜ਼ਾਂ ਦਾ ਪਾਸਾ ਭਾਰੀ ਰਿਹਾ।

**ਸਭਰਾਉਂ ਦੀ ਲੜਾਈ** :- ਪਹਿਲੇ ਐਂਗਲੋਂ ਸਿੱਖ ਯੁੱਧ ਦੀ ਅੰਤਿਮ ਲੜਾਈ ਸਤਲੁਜ ਦੇ ਕਿਨਾਰੇ ਤੇ ਸਬਰਾਉਂ ਦੀ ਥਾਂ ਤੇ ਲੜੀ ਗਈ। ਜਿਥੋਂ ਤੱਕ ਸਿੱਖ ਸਿਪਾਹੀਆਂ ਦਾ ਸੰਬੰਧ ਸੀ ਉਨ੍ਹਾਂ ਨੇ ਵੀ ਵੱਧ ਤੋਂ ਵੱਧ ਤਿਆਰੀ ਕੀਤੀ। ਸ੍ਰ.

ਸ਼ਾਮ ਸਿੰਘ ਅਟਾਰੀ ਜਿਹੇ ਕੁਝ ਸਰਦਾਰਾਂ ਨੇ ਇਸ ਨੂੰ ਜ਼ਿੰਦਗੀ ਮੌਤ ਦਾ ਸਵਾਲ ਬਣਾਇਆ ਪਰ ਖਾਲਸਾ ਦਰਬਾਰ ਦੇ ਉੱਚ ਅਧਿਕਾਰੀਆਂ ਦੀ ਨੀਅਤ ਵਿਚ ਕੋਈ ਫ਼ਰਕ ਨਹੀਂ ਪਿਆ ਸੀ। ਉਹ ਅੱਗੇ ਨਾਲੋਂ ਵੀ ਵੱਧ ਅੰਗਰੇਜ਼ਾਂ ਨੂੰ ਜਿਤਾਉਣ ਦੇ ਹੱਕ ਵਿਚ ਸਨ। ਰਾਜਾ ਗੁਲਾਬ ਸਿੰਘ ਨੂੰ ਜੰਮੂ ਤੋਂ ਉਚੇਚਾ ਬੁਲਾਇਆ ਗਿਆ। ਉਸਦੀ ਨੀਅਤ ਲਾਲ ਸਿੰਘ ਅਤੇ ਤੇਜ ਸਿੰਘ ਨਾਲੋਂ ਵੀ ਮਾੜੀ ਸੀ ਜਦੋਂ ਲੜਾਈ ਸ਼ੁਰੂ ਹੋਈ ਸਿਪਾਹੀਆਂ ਨੇ ਜੋ ਕੁਝ ਵੀ ਹੋ ਸਕਦਾ ਸੀ ਕੀਤਾ ਪਰ ਵੱਡੇ ਅਫਸਰਾਂ ਨੂੰ ਕੋਈ ਦਿਲਚਸਪੀ ਨਾ ਰਹੀ। ਤੇਜ ਸਿੰਘ ਇਸ ਲੜਾਈ ਨੂੰ ਵਿੱਚੇ ਛੱਡ ਕੇ ਨੱਸ ਗਿਆ ਅਤੇ ਜਾਂਦਾ-ਜਾਂਦਾ ਦਰਿਆ ਦਾ ਪੁੱਲ ਵੀ ਤੋੜ ਗਿਆ। ਸ. ਸ਼ਾਮ ਸਿੰਘ ਅਟਾਰੀ ਨੇ ਆਖ਼ਰੀ ਦਮ ਤੱਕ ਲੜਾਈ ਲੜੀ ਅਤੇ ਲੜਦਾ-ਲੜਦਾ ਸ਼ਹੀਦ ਹੋ ਗਿਆ। ਇਸ ਵਿਚ 8000 ਤੋਂ 10,000 ਤੱਕ ਸਿੱਖ ਮਾਰੇ ਗਏ। ਅੰਗਰੇਜ਼ਾਂ ਦਾ ਵੀ ਬਹੁਤ ਨੁਕਸਾਨ ਹੋਇਆ ਪਰ ਸਿੱਖਾਂ ਦੇ ਮੁਕਾਬਲੇ ਵਿਚ ਇਹ ਨੁਕਸਾਨ ਬਹੁਤ ਹੀ ਘੱਟ ਸੀ। ਸਬਰਾਉਂ ਦੀ ਲੜਾਈ 20 ਫ਼ਰਵਰੀ 1846 ਈ. ਨੂੰ ਲੜੀ ਗਈ ਸੀ।

### ਲੜਾਈ ਦੇ ਸਿੱਟੇ

ਪਹਿਲੀ ਐਂਗਲੋਂ ਸਿੱਖ ਲੜਾਈ 9 ਮਾਰਚ, 1846 ਈ. ਨੂੰ ਇਕ ਸੰਧੀ ਰਾਹੀਂ ਖ਼ਤਮ ਹੋਈ। ਇਸ ਸੰਧੀ ਨੂੰ ਲਾਹੌਰ ਦੀ ਸੰਧੀ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ। ਇਸ ਸੰਧੀ ਦੀਆਂ ਮੁੱਖ ਧਰਾਵਾਂ ਇਹ ਸਨ :-

1. ਖਾਲਸਾ ਦਰਬਾਰ ਦੇ ਜੋ ਇਲਾਕੇ ਸਤਲੁਜ ਦਰਿਆ ਦੇ ਦੱਖਣ ਵੱਲ ਸਨ ਉਹ ਸਾਰੇ ਮਹਾਰਾਜਾ ਦਲੀਪ ਸਿੰਘ ਦੇ ਅਧਿਕਾਰ ਹੇਠੋਂ ਨਿਕਲਕੇ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਏ।
2. ਬਿਆਸ ਅਤੇ ਸਤਲੁਜ ਦੇ ਵਿਚਕਾਰ ਜਿਹੜੇ ਇਲਾਕੇ ਲਾਹੌਰ ਦਰਬਾਰ ਦੇ ਸੀ ਭਾਵੇਂ ਮੈਦਾਨ ਵਿਚ ਅਤੇ ਭਾਵੇਂ ਪਹਾੜੀਆਂ ਵਿਚ ਉਹ ਸਾਰੇ ਅੰਗਰੇਜ਼ਾਂ ਨੂੰ ਪ੍ਰਾਪਤ ਹੋਏ। ਅੱਗੇ ਲਈ ਮਹਾਰਾਜਾ ਦਲੀਪ ਸਿੰਘ ਦਾ ਉਨ੍ਹਾਂ ਤੋਂ ਕਬਜ਼ਾ ਖ਼ਤਮ ਹੋ ਗਿਆ।
3. ਸਿੱਖਾਂ ਉੱਤੇ ਡੇਢ ਕਰੋੜ ਰੁਪਏ ਦਾ ਲੜਾਈ ਦਾ ਹਰਜਾਨਾ ਲਾਇਆ ਗਿਆ। ਖਾਲਸਾ ਦਰਬਾਰ ਵਿਚ ਕੇਵਲ 50 ਲੱਖ ਰੁ: ਸਨ, ਜਿਹੜੇ ਅੰਗਰੇਜ਼ਾਂ ਨੇ ਲੈ ਲਏ ਅਤੇ ਬਾਕੀ ਰਹਿੰਦੇ ਇਕ ਕਰੋੜ ਦੇ ਬਦਲੇ ਵਿਚ ਕਸ਼ਮੀਰ ਦੀ ਵਾਦੀ ਤੇ ਹਜ਼ਾਰਾ ਦਾ ਸਾਰਾ ਇਲਾਕਾ ਗੁਲਾਬ ਸਿੰਘ ਨੂੰ ਦਿੱਤਾ ਗਿਆ।
4. ਖਾਲਸਾ ਸੈਨਾ ਦੀ ਤਾਕਤ ਘਟਾ ਕੇ 20,000 ਪੈਦਲ ਸੈਨਿਕ ਅਤੇ 12,000 ਘੋੜ ਸਵਾਰ ਸੈਨਾ ਕਰ ਦਿੱਤੀ ਗਈ। ਇਸ ਤੋ ਵੱਧ ਜਿੰਨੀ ਵੀ ਫੌਜ ਸੀ ਉਸ ਨੂੰ ਹਥਿਆਰ ਜਮਾਂ ਕਰਾਕੇ ਘਰੋ-ਘਰੀਂ ਭੇਜ ਦਿੱਤਾ ਗਿਆ।
5. ਦਲੀਪ ਸਿੰਘ ਨੂੰ ਮਹਾਰਾਜਾ ਮੰਨਿਆ ਗਿਆ। ਰਾਣੀ ਜਿੰਦਾਂ ਨੂੰ ਸਰਪ੍ਰਸਤ ਮੰਨਿਆ ਗਿਆ। ਰਾਜਾ ਲਾਲ ਸਿੰਘ ਨੂੰ ਮੁੱਖ ਮੰਤਰੀ ਅਤੇ ਮਿਸਰ ਤੇਜ ਸਿੰਘ ਨੂੰ ਫੌਜ ਦਾ ਮੁੱਖ ਕਮਾਂਡਰ ਨਿਯੁਕਤ ਕੀਤਾ ਗਿਆ।
6. ਗਵਰਨਰ ਜਨਰਲ ਨੇ ਇਹ ਭਰੋਸਾ ਦਿਵਾਇਆ ਕਿ ਬ੍ਰਿਟਿਸ਼ ਸਰਕਾਰ ਖਾਲਸਾ ਦਰਬਾਰ ਦੇ ਅੰਦਰਲੇ ਮਾਮਲਿਆਂ ਵਿਚ ਕੋਈ ਦਖ਼ਲ ਨਹੀਂ ਦੇਵੇਗੀ।
7. ਇਹ ਵੀ ਨਿਰਣਾ ਲਿਆ ਗਿਆ ਕਿ 1846 ਈ: ਦੇ ਅੰਤ ਤੱਕ ਇਕ ਅੰਗਰੇਜ਼ੀ ਸੈਨਾ ਲਾਹੌਰ ਵਿਖੇ ਰੱਖੀ ਜਾਵੇਗੀ। ਇਹ ਫੌਜ ਖਾਲਸਾ ਰਾਜ ਦੇ ਪੁਨਰ ਗਠਨ ਵਿਚ ਮਦਦ ਦੇਣ ਲਈ ਹੋਵੇਗੀ।
8. ਇਸ ਤਰ੍ਹਾਂ ਵੇਖਣ ਵਿਚ ਆਉਂਦਾ ਹੈ ਕਿ ਪਹਿਲੇ ਐਂਗਲੋਂ ਸਿੱਖ ਯੁੱਧ ਵਿਚ ਸਿੱਖਾਂ ਦੀ ਹਾਰ ਨੇ ਖਾਲਸਾ ਰਾਜ ਨੂੰ ਬਹੁਤ ਵੱਡੀ ਸੱਟ ਮਾਰੀ। ਕਾਫੀ ਇਲਾਕੇ ਇਸ ਦੇ ਹੱਥਾਂ ਵਿੱਚੋਂ ਨਿਕਲ ਗਏ ਜਿਸ ਦੇ ਸਿੱਟੇ ਵਜੋਂ ਇਸਦਾ ਆਕਾਰ ਬਹੁਤ ਹੀ ਛੋਟਾ ਹੋ ਗਿਆ। ਇਸਦੇ ਆਲੇ-ਦੁਆਲੇ ਅੰਗਰੇਜ਼ਾਂ ਦਾ ਬਹੁਤ ਹੀ ਮਜ਼ਬੂਤ ਘੇਰਾ ਪੈ ਗਿਆ। ਇਸ ਦੀ ਫੌਜੀ ਤਾਕਤ ਪਹਿਲਾਂ ਨਾਲੋਂ ਬਹੁਤ ਘੱਟ ਕਰ ਦਿੱਤੀ ਗਈ। ਇਸ ਦੀ ਰਾਜਧਾਨੀ ਵਿਚ ਇੱਕ ਵੱਡੀ ਅੰਗਰੇਜ਼ ਫੌਜ ਤੈਨਾਤ ਕੀਤੀ ਗਈ। ਖਾਲਸਾ ਰਾਜ ਮਾਲੀ ਤੋਰ ਤੇ ਵੀ ਬਹੁਤ ਕਮਜ਼ੋਰ ਹੋ ਗਿਆ। ਪਰ ਜਿਨ੍ਹਾਂ ਗ਼ੱਦਾਰ ਅਧਿਕਾਰੀਆਂ ਨੇ ਲੜਾਈ ਦੌਰਾਨ ਅੰਗਰੇਜ਼ਾਂ ਦੀ ਸੇਵਾ ਕੀਤੀ ਸੀ ਉਨ੍ਹਾਂ ਨੂੰ ਉਸ ਸੇਵਾ ਦੇ ਬਦਲੇ ਵੱਡੇ ਵੱਡੇ ਅਹੁਦੇ ਦਿੱਤੇ ਗਏ।

### ਆਪਣੇ ਗਿਆਨ ਦੀ ਪਰਖ ਕਰੋ

ਖਾਲੀਂ ਥਾਂਵਾਂ ਭਰੋ :-

1. ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚਕਾਰ...................... ਈ: ਵਿਚ ਅੰਮ੍ਰਿਤਸਰ ਦੀ ਸੰਧੀ ਹੋਈ।

2. ਰਣਜੀਤ ਸਿੰਘ ਦੇ ਰਾਜ ਦੇ ਅੰਤਿਮ ਵਰ੍ਹਿਆ ਵਿਚ.......... ਦਾ ਧੜਾ ਕਾਫੀ ਸ਼ਕਤੀਸ਼ਾਲੀ ਹੋ ਗਿਆ ਸੀ।
3. ਰਣਜੀਤ ਸਿੰਘ ਦਾ ਪਹਿਲਾ ਵਾਰਿਸ..................ਸੀ।
4. ਖੜਕ ਸਿੰਘ ਨੇ ..................ਨੂੰ ਆਪਣਾ ਵਜ਼ੀਰ ਬਣਾਇਆ।
5. ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਸਭ ਤੋਂ ਪਹਿਲੀ ਲੜਾਈ..................... ਦੀ ਥਾਂ ਤੇ ਹੋਈ।
6. ਫੇਰੂ ਸ਼ਾਹ ਦੀ ਲੜਾਈ..................... ਈ: ਨੂੰ ਲੜੀ ਗਈ।
7. ਸਬਰਾਉਂ ਦੀ ਲੜਾਈ 20 ਫ਼ਰਵਰੀ...................... ਈ: ਨੂੰ ਹੋਈ।
8. ਲਾਹੌਰ ਦੀ ਸੰਧੀ 9 ਮਾਰਚ........................ ਨੂੰ ਕੀਤੀ ਗਈ।
9. ਸਿੱਖਾਂ ਉੱਤੇ ....................ਕਰੋੜ ਰੁਪਏ ਦਾ ਖ਼ਰਚਾ ਪਾਇਆ ਗਿਆ।
10. ਦਲੀਪ ਸਿੰਘ ਨੂੰ....................... ਮੰਨਿਆ ਗਿਆ।

ਆਪਣੇ ਉੱਤਰ ਮਿਲਾਉ :-

1. 1809 2. ਡੋਗਰਿਆਂ 3. ਖੜਕ ਸਿੰਘ 4. ਚੇਤ ਸਿੰਘ 5. ਮੁਦਕੀ
6. 1845 7. 1846 8. 1846 9. ਡੇਢ 10. ਮਹਾਰਾਜਾ

ਆਪਣੀ ਪੁਜੀਸ਼ਨ ਵੇਖੋ :-

| | | |
|---|---|---|
| ਬਹੁਤ ਚੰਗਾ | - | ਛੇ ਤੋਂ ਵੱਧ ਠੀਕ ਉਤਰ |
| ਚੰਗਾ | - | ਪੰਜ-ਛੇ ਠੀਕ ਉੱਤਰ |
| ਸੰਤੋਖ਼ਜਨਕ | - | ਚਾਰ ਠੀਕ ਉੱਤਰ |
| ਅਸੰਤੋਖਜਨਕ | - | ਚਾਰ ਤੋਂ ਘੱਟ ਠੀਕ ਉੱਤਰ |

ਹੇਠ ਦਿੱਤੇ ਹਰ ਪ੍ਰਸ਼ਨ ਦਾ 30 ਤੋਂ 40 ਸ਼ਬਦਾਂ ਵਿਚ ਉੱਤਰ ਲਿਖੋ :-

1. ਫੌਜੀ ਪੰਚਾਇਤ ਦੇ ਦਖ਼ਲ ਬਾਰੇ ਤੁਸੀਂ ਕੀ ਜਾਣਦੇ ਹੋ?
2. ਰਣਜੀਤ ਸਿੰਘ ਦੇ ਕਮਜ਼ੋਰ ਉੱਤਰ ਅਧਿਕਾਰੀ ਪਹਿਲੀ ਐਂਗਲੋਂ ਸਿੱਖ ਲੜਾਈ ਦਾ ਕਾਰਨ ਕਿਸ ਤਰ੍ਹਾਂ ਬਣੇ?
3. ਲਾਹੌਰ ਦਰਬਾਰ ਵਿਚ ਦਰਬਾਰੀ ਧੜੇਬੰਦੀ ਬਾਰੇ ਲਿਖੋ।
4. ਅੰਗਰੇਜ਼ਾਂ ਦੀਆਂ ਫੌਜੀ ਤਿਆਰੀਆਂ ਬਾਰੇ ਤੁਸੀਂ ਕੀ ਜਾਣਦੇ ਹੋ?
5. ਸਿੱਖ ਫੌਜ ਨੇ ਕਦੋਂ ਅਤੇ ਕਿਸ ਤਰ੍ਹਾਂ ਸਤਲੁਜ ਦਰਿਆ ਪਾਰ ਕੀਤਾ।
6. ਪਹਿਲੇ ਐਂਗਲੋਂ ਸਿੱਖ ਯੁੱਧ ਵਿਚ ਲੜੀ ਗਈ ਮੁੱਖ ਲੜਾਈ ਦੇ ਨਾਂ ਅਤੇ ਉਨ੍ਹਾਂ ਦੀਆਂ ਤਾਰੀਖ਼ਾਂ ਦੱਸੋ।
7. 9 ਮਾਰਚ 1846 ਈ: ਨੂੰ ਹੋਈ ਲਾਹੌਰ ਦੀ ਸੰਧੀ ਦੀਆਂ ਕੋਈ ਚਾਰ ਸ਼ਰਤਾਂ ਬਾਰੇ ਲਿਖੋ।
8. ਰਾਜਾ ਲਾਲ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ?
9. ਲਾਹੌਰ ਦੀ ਸੰਧੀ (9 ਮਾਰਚ, 1846) ਦੇ ਮਹੱਤਵ ਬਾਰੇ ਲਿਖੋ।
10. ਪਹਿਲੇ ਐਂਗਲੋਂ ਸਿੱਖ ਯੁੱਧ ਤੋਂ ਅੰਗਰੇਜ਼ਾਂ ਨੂੰ ਪ੍ਰਾਪਤ ਹੋਏ ਲਾਭਾਂ ਬਾਰੇ ਲਿਖੋ।

ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ 1000 ਸ਼ਬਦਾਂ ਵਿਚ ਉੱਤਰ ਦਿਉ :-

1. ਪਹਿਲੇ ਐਂਗਲੋਂ ਸਿੱਖ ਯੁੱਧ ਦੇ ਕਾਰਣਾਂ ਬਾਰੇ ਵਿਸਤਾਰ ਵਿਚ ਲਿਖਦਿਆਂ ਹੋਇਆਂ ਇਹ ਦੱਸੋ ਕਿ ਸਿੱਖ ਇਸ ਯੁੱਧ ਵਿਚ ਕਿਉਂ ਹਾਰ ਗਏ?
2. ਪਹਿਲੇ ਐਂਗਲੋਂ ਸਿੱਖ ਯੁੱਧ ਦੇ ਦੌਰਾਨ ਲੜੀਆਂ ਗਈਆਂ ਮੁੱਖ ਲੜਾਈਆਂ ਅਤੇ ਇਨ੍ਹਾਂ ਲੜਾਈਆਂ ਦੇ ਸਿੱਟਿਆਂ ਬਾਰੇ ਲਿਖਦਿਆਂ ਹੋਇਆ ਲਾਹੌਰ ਦੀ ਸੰਧੀ ਦਾ ਆਲੋਚਨਾਤਮਕ ਅਧਿਐਨ ਕਰੋ।

**ਪਾਠ ਨੰਬਰ : 2.2**

# ਅੰਗਰੇਜ਼ਾਂ ਅਤੇ ਸਿੱਖਾਂ ਦਾ ਦੂਜਾ ਯੁੱਧ

**ਉਦੇਸ਼** :-ਇਸ ਪਾਠ ਨੂੰ ਲਿਖਣ ਦਾ ਮੁੱਖ ਉਦੇਸ਼ ਪਹਿਲਾ ਐਂਗਲੋਂ ਸਿੱਖ ਯੁੱਧ ਤੇ ਬਾਅਦ ਅੰਗਰੇਜ਼ਾਂ ਦੀ ਪੰਜਾਬ ਵੱਲ ਕੀ ਨੀਤੀ ਰਹੀ ਉਸਦਾ ਅਧਿਐਨ ਕਰਨਾ ਹੈ ਅਤੇ ਉਹ ਨੀਤੀ ਕਿਸ ਹੱਦ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਮਿਲਾਉਣ ਲਈ ਸਹਾਇਕ ਸਾਬਿਤ ਹੋਈ ਉਸਨੂੰ ਜਾਣਨਾ ਹੈ। ਅਸੀਂ ਇਸ ਪਾਠ ਨੂੰ ਕੁਝ ਉਪ-ਸਿਰਲੇਖਾਂ ਹੇਠ ਲਿਖਣ ਦਾ ਯਤਨ ਕਰਾਂਗੇ ਜਿਹੜੇ ਇਸ ਤਰ੍ਹਾਂ ਕੀਤੇ ਜਾ ਸਕਦੇ ਹਨ।

1. ਭੂਮਿਕਾ
   - 1.1 ਇਸ ਯੁੱਧ ਲਈ ਜ਼ਿੰਮੇਵਾਰ ਕਾਰਣ ਜਿਸ ਵਿਚ ਇਤਿਹਾਸਿਕ ਪਿਛੋਕੜ ਦਾ ਵਰਣਨ ਵੀ ਕੀਤਾ ਜਾਵੇਗਾ।
   - 1.2 ਸਿੱਖਾਂ ਦਾ ਅੰਗਰੇਜ਼ਾਂ ਵੱਲ ਵਤੀਰਾ
   - 1.3 ਪ੍ਰੇਮਾ ਸਾਜ਼ਿਸ਼
   - 1.4 ਸ਼ੇਖੂਪੁਰਾ ਦੇ ਕਿਲੇ ਵਿਚ ਰਾਣੀ ਜਿੰਦਾਂ ਦੀਆਂ ਕਾਰਵਾਈਆਂ
   - 1.5 ਸਿੱਖ ਸੈਨਾ ਦੀ ਹਾਲਤ ਅਤੇ ਅੰਗਰੇਜ਼ਾਂ ਪ੍ਰਤੀ ਵਤੀਰਾ
   - 1.6 ਭਾਈ ਮਹਾਰਾਜ ਸਿੰਘ
   - 1.7 ਦੀਵਾਨ ਮੂਲ ਰਾਜ ਦੀ ਬਗ਼ਾਵਤ
   - 1.8 ਲਾਰਡ ਡਲਹੌਜੀ ਦੀ ਮੁਲਤਾਨ ਵੱਲ ਅਪਣਾਈ ਨੀਤੀ
   - 1.9 ਚਤਰ ਸਿੰਘ ਅਤੇ ਸ਼ੇਰ ਸਿੰਘ
   - 1.0 ਲਾਰਡ ਡਲਹੌਜ਼ੀ ਨੂੰ ਕਲਕੱਤਾ ਵਿਖੇ ਕੁਝ ਘਟਨਾਵਾਂ ਬਾਰੇ ਸੂਚਨਾ।

ਇਸ ਪਾਠ ਦੇ ਦੂਜੇ ਹਿੱਸੇ ਵਿਚ ਅਸੀਂ ਇਸ ਯੁੱਧ ਦੀਆਂ ਮੁੱਖ ਘਟਨਾਵਾਂ ਦਾ ਵਿਸਤਾਰ ਵਿਚ ਵਰਣਨ ਕਰਾਂਗੇ। ਇਹ ਵਰਣਨ ਵੀ ਹੇਠ ਲਿਖੇ ਸਿਰਲੇਖਾਂ ਹੇਠ ਹੋਵੇਗਾ :-

- 1. ਰਾਮ ਨਗਰ ਦੀ ਲੜਾਈ
- 1.1 ਚੇਲਿਆਂਵਾਲਾ ਦੀ ਲੜਾਈ
- 1.2 ਗੁਜਰਾਤ ਦੀ ਲੜਾਈ
- 1.3 ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿਚ ਮਿਲਾਉਣਾ
- 1.4 ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿਚ ਮਿਲਾਉਣ ਬਾਰੇ ਵੱਖ ਵੱਖ ਵਿਚਾਰ

**ਭੂਮਿਕਾ** :- ਪਿਛਲੇ ਪਾਠ ਵਿਚ ਅਸੀਂ ਪੜ੍ਹ ਚੁੱਕੇ ਹਾਂ ਕਿ ਪਹਿਲੀ ਐਂਗਲੋਂ ਸਿੱਖ ਲੜਾਈ 9 ਮਾਰਚ 1846 ਈ: ਦੇ ਦਿਨ ਲਾਹੌਰ ਦੀ ਸੰਧੀ ਨਾਲ ਖ਼ਤਮ ਹੋਈ ਸੀ।1846 ਈ: ਦਾ ਸਾਲ ਅਜੇ ਖ਼ਤਮ ਨਹੀਂ ਸੀ ਹੋਇਆ ਕਿ ਇਕ ਸੰਧੀ ਖਾਲਸਾ ਦਰਬਾਰ ਉਤੇ ਠੋਸ ਦਿੱਤੀ ਗਈ। ਇਸ ਸੰਧੀ ਨੂੰ ਭੈਰੋਵਾਲ ਦੀ ਸੰਧੀ ਦੇ ਨਾਉਂ ਨਾਲ ਜਾਣਿਆ ਗਿਆ। ਇਹ ਸੰਧੀ 16 ਦਸੰਬਰ 1846 ਈ: ਨੂੰ ਕੀਤੀ ਗਈ ਸੀ। ਇਹ ਸੰਧੀ ਅਨੁਸਾਰ ਖਾਲਸਾ ਸਰਕਾਰ ਦੀ ਸਾਰੀ ਤਾਕਤ ਅੰਗਰੇਜ਼ਾਂ ਦੇ ਹੱਥ ਵਿਚ ਚਲੀ ਗਈ ਸੀ। ਪਰ ਇਹ ਵੀ ਸੱਚ ਹੈ ਕਿ ਇਸ ਸ਼ਕਤੀ ਦੀ ਵਰਤੋਂ ਮਹਾਰਾਜਾ ਦਲੀਪ ਸਿੰਘ ਦੇ ਨਾਂ ਤੇ ਹੀ ਕੀਤੀ ਜਾਂਦੀ ਸੀ।

**ਭੈਰੋਵਾਲ ਸੰਧੀ ਦੀਆਂ ਮੁੱਖ ਸ਼ਰਤਾਂ :-**

1. ਰਾਣੀ ਜਿੰਦਾਂ ਕੋਲੋਂ ਰਿਜੈਂਸੀ ਦਾ ਅਹੁਦਾ ਖੋਹ ਲਿਆ ਗਿਆ। ਉਸ ਨੂੰ ਡੇਢ ਲੱਖ ਰੁਪਿਆ ਸਾਲਾਨਾ ਪੈਨਸ਼ਨ ਦੇ ਦਿੱਤੀ ਗਈ।

2. ਰਿਜੈਂਸੀ ਦੀ ਤਾਕਤ ਇਕ ਖਾਸ ਕੌਂਸਿਲ ਨੂੰ ਸੌਂਪੀ ਗਈ। ਇਸ ਕੌਂਸਿਲ ਦੇ ਕੁਲ ਅੱਠ ਮੈਂਬਰ ਸਨ।
3. ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਰਿਜੈਂਸੀ ਕੌਂਸਿਲ ਨੇ ਅੰਗਰੇਜ਼ ਰੈਜੀਡੈਂਟ ਦੀ ਨਿਗਰਾਨੀ ਅਤੇ ਕੰਟਰੋਲ ਹੇਠ ਕੰਮ ਕਰਨਾ ਸੀ।
4. ਅੰਗਰੇਜ਼ੀ ਸੈਨਾ ਨੂੰ ਲਾਹੌਰ ਵਿਚ 1846 ਈ: ਦੇ ਅੰਤ ਤੌ ਬਾਅਦ ਵੀ ਰਹਿਣ ਦੀ ਇਜਾਜ਼ਤ ਦਿੱਤੀ ਗਈ। ਇਸ ਫੌਜ ਦੇ ਖ਼ਰਚ ਲਈ ਖਾਲਸਾ ਸਰਕਾਰ ਨੂੰ ਹਰ ਸਾਲ 22 ਲੱਖ ਰੁਪਏ ਦੇਣੇ ਸਨ।

**ਇਤਿਹਾਸਕ ਪਿਛੋਕੜ** :-ਭੈਰੋਵਾਲ ਸੰਧੀ ਨੇ ਖਾਲਸਾ ਰਾਜ ਦੀ ਸੁਤੰਤਰਤਾ ਅਤੇ ਪ੍ਰਭੂਸੱਤਾ ਦਾ ਲਗਭਗ ਅੰਤ ਕਰ ਦਿੱਤਾ। ਜਿਨ੍ਹਾਂ ਲੋਕਾਂ ਦੇ ਮਨਾਂ ਵਿਚ ਖਾਲਸਾ ਰਾਜ ਲਈ ਕੋਈ ਦਰਦ ਸੀ ਉਨ੍ਹਾਂ ਨੂੰ ਇਸ ਨਾਲ ਭਾਰੀ ਸਦਮਾ ਪੁੱਜਿਆ। ਸੱਚਾਈ ਤਾਂ ਇਹ ਸੀ ਕਿ ਸਿੱਖਾਂ ਅਤੇ ਅੰਗਰੇਜ਼ਾਂ ਦੇ ਵਿਚਕਾਰ ਲੜੇ ਗਏ ਦੂਜੇ ਯੁੱਧ ਦੀ ਜੜ੍ਹ ਇਹੋ ਭੈਰੋਵਾਲ ਦੀ ਸੰਧੀ ਸਾਬਿਤ ਹੋਈ।

**ਸਿੱਖਾਂ ਦਾ ਵਤੀਰਾ :**- ਪਹਿਲੀ ਗੱਲ ਇਸ ਸਮੇਂ ਤੋਂ ਅੱਗੇ ਰਾਣੀ ਜਿੰਦਾਂ ਬ੍ਰਿਟਿਸ਼ ਰਾਜ ਦੇ, ਸਖਤ ਵਿਰੁੱਧ ਹੋ ਗਈ ਕਿਉਂਕਿ ਉਸ ਦਾ ਨਿਰਾਦਰ ਕੀਤਾ ਗਿਆ ਸੀ ਜੋ ਉਸ ਲਈ ਅਸਹਿ ਸੀ। ਵਿਦੇਸ਼ੀ ਰਾਜ ਦੀ ਵਿਰੋਧਤਾ ਕਾਰਨ ਰਾਣੀ ਜਿੰਦਾਂ ਦਾ ਪ੍ਰਤੀਬਿੰਬ ਚਮਕਣ ਲੱਗ ਪਿਆ। ਪਹਿਲਾਂ ਉਹ ਕੇਵਲ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਰੂਪ ਵਿਚ ਜਾਣੀ ਜਾਂਦੀ ਸੀ, ਪਰ ਹੁਣ ਉਸਨੂੰ ਖਾਲਸਾ ਦੀ ਮਾਤਾ ਸਮਝਿਆ ਜਾਣ ਲੱਗ ਪਿਆ ਪੰਜਾਬ ਦੇ ਸਾਰੇ ਲੋਕਾਂ ਲਈ ਅੰਗਰੇਜ਼ ਦੇ ਖ਼ਿਲਾਫ਼ ਸੰਘਰਸ਼ ਦਾ ਉਹ ਇਕ ਪ੍ਰਤੀਕ ਬਣ ਗਈ। ਹੁਣ ਪੰਜਾਬ ਦੇ ਲੋਕ ਅੰਗਰੇਜ਼ਾਂ ਦੇ ਖਿਲਾਫ਼ ਹੋ ਗਏ।

**ਪ੍ਰੇਮਾ ਸਾਜ਼ਿਸ਼** :- ਫਰਵਰੀ 1847 ਈ: ਵਿਚ ਬ੍ਰਿਟਿਸ਼ ਰੈਜੀਡੈਂਟ ਤੇ ਮਿਸਰ ਤੇਜ ਸਿੰਘ ਨੂੰ ਕਤਲ ਕਰਨ ਦੀ ਇਕ ਸਾਜ਼ਿਸ਼ ਪਕੜੀ ਗਈ।ਇਹ ਪ੍ਰੇਮਾ ਸਾਜ਼ਿਸ਼ ਦੇ ਨਾਉਂ ਨਾਲ ਜਾਣੀ ਗਈ। ਅੰਗਰੇਜ਼ ਚਾਹੁੰਦੇ ਸਨ ਕਿ ਇਸ ਦੀ ਜ਼ਿੰਮੇਵਾਰੀ ਰਾਣੀ ਜਿੰਦਾਂ ਉੱਤੇ ਸੁੱਟ ਕੇ ਉਸਨੂੰ ਸਖ਼ਤ ਸਜਾ ਦਿੱਤੀ ਜਾਵੇ ਪਰ ਇੰਞ ਕਰਨਾ ਮੁਸ਼ਕਿਲ ਸੀ ਕਿਉਂਕਿ ਬੜੇ ਯਤਨ ਦੇ ਬਾਵਜੂਦ ਵੀ ਅੰਗਰੇਜ਼ਾਂ ਨੂੰ ਰਾਣੀ ਦੇ ਖ਼ਿਲਾਫ਼ ਕੋਈ ਪੱਕਾ ਸਬੂਤ ਨਾ ਮਿਲਿਆ। ਲਗਭਗ ਛੇ ਮਹੀਨਿਆਂ ਤੋਂ ਬਾਅਦ ਇਕ ਸਮਾਗਮ ਕੀਤਾ ਗਿਆ ਜਿਸ ਦਾ ਮੁੱਖ ਮਨੋਰਥ ਮਿਸਰ ਤੇਜ ਸਿੰਘ ਨੂੰ ਰਾਜਾ ਦਾ ਖ਼ਿਤਾਬ ਦੇਣਾ ਸੀ। ਪਰ ਇਸ ਸਮੇਂ ਜਦੋਂ ਰਸਮ ਕੀਤੀ ਜਾਣ ਲੱਗੀ ਤਾਂ ਮਹਾਰਾਜਾ ਦਲੀਪ ਸਿੰਘ ਨੇ ਤਿਲਕ ਦੀ ਰਸਮ ਕਰਨ ਤੋਂ ਸਾਫ਼ ਮਨਾਹੀ ਕਰ ਦਿੱਤੀ। ਬੜਾ ਜ਼ੋਰ ਦੇਣ ਤੇ ਵੀ ਦਲੀਪ ਸਿੰਘ ਰਾਜੀ ਨਾ ਹੋਇਆ ਅਤੇ ਸਰਕਾਰ ਨੂੰ ਕਿਸੇ ਹੋਰ ਤੋਂ ਇਹ ਰਸਮ ਕਰਵਾਣੀ ਪਈ। ਮਹਾਰਾਜਾ ਦਲੀਪ ਸਿੰਘ ਦੇ ਇਸ ਵਤੀਰੇ ਲਈ ਵੀ ਅੰਗਰੇਜ਼ਾਂ ਨੇ ਉਸਦੀ ਮਾਤਾ ਰਾਣੀ ਜਿੰਦਾਂ ਨੂੰ ਦੋਸ਼ੀ ਠਹਿਰਾਇਆ। ਸਿੱਟੇ ਵਜੋਂ ਰਾਣੀ ਜਿੰਦਾਂ ਦੀ ਸਾਲਾਨਾ ਪੈਨਸ਼ਨ ਡੇਢ ਲੱਖ ਤੋਂ ਘਟਾ ਕੇ 48,000 ਕਰ ਦਿੱਤੀ ਗਈ। ਰਾਣੀ ਜਿੰਦਾਂ ਨੂੰ ਲਾਹੌਰ ਕਿਲੇ ਵਿਚੋਂ ਲਿਜਾ ਕੇ ਸ਼ੇਖੂ-ਪੁਰੇ ਦੇ ਕਿਲ੍ਹੇ ਵਿਚ ਰੱਖਿਆ ਗਿਆ। ਰਾਣੀ ਨੇ ਇਸ ਸਲੂਕ ਲਈ ਅੰਗਰੇਜ਼ਾਂ ਨੂੰ ਬਹੁਤ ਬੁਰਾ ਭਲਾ ਕਿਹਾ ਅਤੇ ਨਾਲ ਹੀ ਸਖਤ ਰੋਸ ਪ੍ਰਗਟ ਕੀਤਾ।

**ਸ਼ੇਖੂਪੁਰਾ ਦੇ ਕਿਲੇ ਵਿਚ ਰਾਣੀ ਜਿੰਦਾਂ** :-ਇਸ ਕਿਲੇ ਵਿਚ ਜਾ ਕੇ ਰਾਣੀ ਚੁੱਪ ਕਰਕੇ ਨਾ ਬੈਠੀ। ਉਸਨੇ ਖਾਲਸਾ ਰਾਜ ਦੇ ਲਈ ਵੱਡੇ ਵੱਡੇ ਸੂਬੇਦਾਰ ਦੇ ਗਵਰਨਰ ਨੂੰ ਮੂਲਰਾਜ ਕੋਲ ਭੇਜਿਆ ਅਤੇ ਉਸਨੇ ਅੰਗਰੇਜ਼ਾਂ ਦੇ ਖ਼ਿਲਾਫ਼ ਵਿਦਰੋਹ ਖੜ੍ਹਾ ਕਰਨ ਦੀ ਯੋਜਨਾ ਵੀ ਤਿਆਰ ਕਰ ਲਈ ਪਰ ਇਸ ਦਾ ਸਮੇਂ ਤੋਂ ਪਹਿਲਾਂ ਹੀ ਭੇਦ ਖੁਲ੍ਹ ਗਿਆ। ਜਿਨ੍ਹਾਂ ਲੋਕਾਂ ਨੂੰ ਇਸਦੇ ਕਾਰਨ ਫਾਂਸੀ ਦਿੱਤੀ ਗਈ ਉਨ੍ਹਾਂ ਵਿਚ ਰਾਣੀ ਜਿੰਦਾਂ ਦਾ ਇਕ ਮੁਨਸ਼ੀ ਵੀ ਸੀ। ਇਸ ਨਾਲ ਅੰਗਰੇਜ਼ਾਂ ਨੂੰ ਬਹਾਨਾ ਮਿਲ ਗਿਆ ਅਤੇ ਉਨ੍ਹਾਂ ਨੇ ਰਾਣੀ ਜਿੰਦਾਂ ਨੂੰ ਪੰਜਾਬ ਵਿਚੋਂ ਕੱਢਕੇ ਬਨਾਰਸ ਭੇਜਣ ਦਾ ਫੈਸਲਾ ਕਰ ਲਿਆ। ਰਾਣੀ ਨੂੰ ਜਲਾਵਤਨ ਕਰਨ ਦੇ ਫੈਸਲੇ ਤੇ ਪੂਰੇ ਪੰਜਾਬ ਵਿੱਚ ਗੁੱਸੇ ਦੀ ਲਹਿਰ ਦੌੜ ਗਈ।

**ਸਿੱਖ ਸਿਪਾਹੀਆਂ ਦੀ ਹਾਲਤ :**- ਪਹਿਲੀ ਐਂਗਲੋਂ ਸਿੱਖ ਲੜਾਈ ਤੇ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸਿਪਾਹੀਆਂ ਨੂੰ ਨੌਕਰੀ ਤੋ ਹਟਾ ਦਿੱਤਾ ਗਿਆ। ਉਹ ਸਭ ਆਪਣੇ ਘਰ ਵਾਪਸ ਆ ਗਏ। ਪਰ ਉਨ੍ਹਾਂ ਸਭਨਾਂ ਦੇ ਮਨਾਂ ਵਿਚ ਅੰਗਰੇਜ਼ਾਂ ਦੇ ਖ਼ਿਲਾਫ਼ ਸਖਤ ਨਰਾਜ਼ਗੀ ਦੀ ਭਾਵਨਾ ਸੀ। ਭੈਰੋਵਾਲ ਦੀ ਸੰਧੀ ਪਿਛੇ ਉਨ੍ਹਾਂ ਦੀ ਅਸ਼ਾਂਤੀ ਹੋਰ ਵੀ ਵਧ ਗਈ ਅਤੇ ਉਨ੍ਹਾਂ ਦਾ ਦੇਸ਼ ਪਿਆਰ ਇਕ ਵਾਰ ਫਿਰ ਜਾਗ ਉਠਿਆ। ਉਹ ਲੜਾਈ ਦੇ ਪੱਖੋਂ ਅੰਗਰੇਜ਼ਾਂ ਨੂੰ ਆਪਣੇ ਨਾਲੋਂ ਕਿਸੇ ਤਰ੍ਹਾਂ ਵੀ ਚੰਗਾ ਨਹੀਂ ਸਮਝਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਉਨ੍ਹਾਂ ਦੀ ਹਾਰ ਆਗੂਆਂ ਦੀ ਗਦਾਰੀ ਕਾਰਨ ਹੋਈ ਸੀ ਨਾ ਕਿ ਉਨ੍ਹਾਂ ਦੀ ਆਪਣੀ ਕਿਸੇ ਕਮਜ਼ੋਰੀ ਕਾਰਨ ਅਤੇ ਉਹ ਇਸ ਤਾੜ

ਵਿਚ ਕਿ ਕੋਈ ਮੌਕਾ ਮਿਲੇ ਤਾਂ ਉਹ ਆਪਣੀ ਪਿਛਲੀ ਹਾਰ ਦੇ ਧੱਬੇ ਨੂੰ ਧੋ ਸਕਣ।

**ਭਾਈ ਮਹਾਰਾਜ ਸਿੰਘ** :- ਖਾਲਸਾ ਰਾਜ ਨੂੰ ਸੰਕਟ ਦੀ ਹਾਲਤ ਵਿਚ ਵੇਖਦਿਆਂ ਹੋਏ ਨੌਰੰਗਾਬਾਦ ਦੇ ਇਕ ਸੰਤ ਭਾਈ ਮਹਾਰਾਜ ਸਿੰਘ ਦੇ ਮਨ ਵਿਚ ਤੀਬਰ ਇੱਛਾ ਪੈਦਾ ਹੋਈ ਕਿ ਲੋਕਾਂ ਵਿਚ ਪ੍ਰਚਾਰ ਕਰਕੇ ਅੰਗਰੇਜ਼ੀ ਸੰਕਟ ਦਾ ਟਾਕਰਾ ਕਰਨ ਲਈ ਤਿਆਰ ਕੀਤਾ ਜਾਵੇ। ਉਹ 1846 ਈ: ਦੇ ਸ਼ੁਰੂ ਦੇ ਮਹੀਨੀਆਂ ਵਿਚ ਮਹਾਰਾਣੀ ਜਿੰਦਾਂ ਨੂੰ ਕਈ ਵਾਰ ਖੁਫ਼ੀਆਂ ਤੌਰ ਤੇ ਮਿਲਿਆ। ਫਿਰ ਮਹਾਰਾਜ ਸਿੰਘ ਨੇ ਪਿੰਡੋ-ਪਿੰਡੀ ਘੁੰਮ-ਘੁੰਮ ਕੇ ਲੋਕਾਂ ਨੇ ਧਰਮ ਯੁੱਧ ਲਈ ਉਕਸਾਇਆ। ਉਹ ਦੀਵਾਨ ਮੂਲ ਰਾਜ ਨੂੰ ਮੁਲਤਾਨ ਵਿਖੇ ਅਤੇ ਸਰਦਾਰ ਚਤਰ ਸਿੰਘ ਅਟਾਰੀ ਵਾਲਾ ਨੂੰ ਉੱਤਰ-ਪੱਛਮ ਦੇ ਸਰਹੱਦੀ ਇਲਾਕੇ ਵਿਚ ਮਿਲਿਆ। ਮਹਾਰਾਜ ਸਿੰਘ ਇੱਕ ਪੂਰੀ ਤਰ੍ਹਾਂ ਨਿਸ਼ਕਾਮ ਸੇਵਕ ਸੀ ਅਤੇ ਉਸਦਾ ਇਕੋ-ਇਕ ਮਨੋਰਥ ਖਾਲਸਾ ਰਾਜ ਨੂੰ ਅੰਗਰੇਜ਼ਾਂ ਤੋਂ ਬਚਾਉਣਾ ਸੀ। ਅੰਗਰੇਜ਼ ਭਾਈ ਮਹਾਰਾਜ ਸਿੰਘ ਦੀਆਂ ਗਤੀਵਿਧੀਆਂ ਨੂੰ ਆਪਣੇ ਇੱਛਾ ਲਈ ਬਹੁਤ ਖ਼ਤਰਨਾਕ ਸਮਝਦੇ ਸਨ ਅਤੇ ਉਨ੍ਹਾਂ ਨੇ ਹਰ ਕੋਸ਼ਿਸ਼ ਕੀਤੀ ਕਿ ਉਸਨੂੰ, ਗ੍ਰਿਫ਼ਤਾਰ ਕਰ ਸਕਣ ਪਰ ਉਨ੍ਹਾਂ ਦੀ ਕੋਈ ਕੋਸ਼ਿਸ਼ ਸਿਰੇ ਨਾ ਚੜ੍ਹੀ।

**ਦੀਵਾਨ ਮੂਲ ਰਾਜ ਦੀ ਬਗ਼ਾਵਤ** :- 1848 ਈ: ਵਿਚ ਦੀਵਾਨ ਮੂਲ ਰਾਜ ਦੀ ਬਗ਼ਾਵਤ ਨਾਲ ਅੰਗਰੇਜ਼ਾਂ ਖ਼ਿਲਾਫ਼ ਲੜਾਈ ਦਾ ਮੁੱਢ ਬੱਝ ਗਿਆ। ਦੀਵਾਨ ਮੂਲ ਰਾਜ ਨੂੰ ਬ੍ਰਿਟਿਸ਼ ਰੈਜੀਡੈਂਟ ਵਲੋਂ ਬਹੁਤ ਪ੍ਰੇਸ਼ਾਨੀ ਦਿੱਤੀ ਜਾ ਰਹੀ ਸੀ। ਕੁਝ ਸਮਾਂ ਤਾਂ ਉਸਨੇ ਬਰਦਾਸ਼ਤ ਕੀਤਾ, ਪਰ ਫਿਰ ਮਜ਼ਬੂਰੀ ਵਿਚ ਅਸਤੀਫ਼ਾ ਦੇ ਦਿੱਤਾ। ਰੈਜੀਡੈਂਟ ਨੇ ਉਸਦਾ ਅਸਤੀਫ਼ਾ ਮਨਜ਼ੂਰ ਕਰ ਲਿਆ। ਉਸਦੀ ਥਾਂ ਤੇ ਸਰਦਾਰ ਕਾਹਨ ਸਿੰਘ ਨੂੰ ਮੁਲਤਾਨ ਦਾ ਨਵਾਂ ਗਵਰਨਰ ਨਿਯੁਕਤ ਕਰ ਦਿੱਤਾ। ਨਵੇਂ ਗਵਰਨਰ ਨੂੰ ਕੁਝ ਫੌਜ ਰਖਵਾਲੀ ਲਈ ਦਿੱਤੀ ਗਈ ਅਤੇ ਦੋ ਬ੍ਰਿਟਿਸ਼ ਅਫਸਰ ਉਸਦੇ ਨਾਲ ਭੇਜੇ ਗਏ। ਇਨ੍ਹਾਂ ਦੋਂਹਾਂ ਅਫਸਰਾਂ ਨੇ ਨਵੇਂ ਗਵਰਨਰ ਨੂੰ ਹਰ ਵਿਸ਼ੇ ਸੰਬੰਧੀ ਅਗਵਾਈ ਦੇਣੀ ਸੀ। ਇਸ ਤੋਂ ਭਾਵ ਸੀ ਕਿ ਅਸਲ ਤਾਕਤ ਉਨ੍ਹਾਂ ਦੇ ਹੱਥਾਂ ਵਿਚ ਹੋਣੀ ਸੀ ਅਤੇ ਗਵਰਨਰ ਕੇਵਲ ਨਾ ਮਾਤਰ ਹੀ ਹੋਣਾ ਸੀ।ਨਵੇਂ ਗਵਰਨਰ ਦੇ ਪੁੱਜਣ ਤੇ ਮੂਲ ਰਾਜ ਦੇ ਕੁਝ ਸਿਪਾਹੀਆਂ ਨੇ ਬ੍ਰਿਟਿਸ਼ ਅਫਸਰਾਂ ਉਤੇ ਹਮਲਾ ਕਰਕੇ ਉਨ੍ਹਾਂ ਨੂੰ ਫੱਟੜ ਕਰ ਦਿੱਤਾ। ਥੋੜੀ ਦੇਰ ਪਿਛੋਂ ਇਕ ਵੱਡਾ ਹਮਲਾ ਕਰਕੇ ਉਨ੍ਹਾਂ ਅਫਸਰਾਂ ਨੂੰ ਜਾਨੋਂ ਹੀ ਮਾਰ ਦਿੱਤਾ ਅਤੇ ਕਾਹਨ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ। ਜਿਹੜੀ ਸੈਨਾ ਉਨ੍ਹਾਂ ਦੇ ਨਾਲ ਲਾਹੌਰ ਤੋਂ ਗਈ ਸੀ ਉਹ ਵੀ ਦੀਵਾਨ ਮੂਲ ਰਾਜ ਦੀ ਫੌਜ ਨਾਲ ਮਿਲ ਗਈ।

**ਡਲਹੌਜ਼ੀ ਦੀ ਨੀਤੀ :-** ਜਦੋਂ ਮੁਲਤਾਨ ਦੀ ਬਗ਼ਾਵਤ ਦੀ ਖ਼ਬਰ ਕਲਕੱਤਾ ਵਿਖੇ ਲਾਰਡ ਡਲਹੌਜ਼ੀ ਕੋਲ ਪੁੱਜੀ ਤਾਂ ਉਸ ਨੇ ਇਸ ਬਗਾਵਤ ਨੂੰ ਫੌਰੀ ਦਬਾਉਣਾ ਠੀਕ ਨਾ ਸਮਝਿਆ। ਸਗੋਂ ਉਸਦੀ ਇੱਛਾ ਸੀ ਕਿ ਇਹ ਬਗ਼ਾਵਤ ਵਧਕੇ ਹੋਰਨਾਂ ਥਾਵਾਂ ਤੇ ਵੀ ਫੈਲ ਜਾਵੇ ਇਸ ਦੇ ਫੈਲਾਉ ਵਿਚ ਉਸਨੂੰ ਆਪਣੇ ਮਨ ਭਾਉਂਦੇ ਮਨੋਰਥ ਦੀ ਪੂਰਤੀ ਦੀ ਉਮੀਦ ਦਿਸਦੀ ਸੀ। ਇਹ ਮਨੋਰਥ ਖਾਲਸਾ ਰਾਜ ਨੂੰ ਸਮਾਪਤ ਕਰਕੇ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿਚ ਮਿਲਾਉਣਾ ਸੀ। ਸਿੱਟਾ ਇਹ ਹੋਇਆ ਜੋ ਉਹ ਚਾਹੁੰਦਾ ਸੀ, ਥੋੜੇ ਮਹੀਨਿਆਂ ਵਿਚ ਹੀ ਮੁਲਤਾਨ ਦਾ ਵਿਦਰੋਹ ਪੰਜਾਬ ਦੇ ਦੂਜੇ ਹਿੱਸਿਆਂ ਵਿਚ ਵੀ ਫੈਲ ਗਿਆ।

**ਹਜਾਰਾ ਵਿਚ ਵਿਦਰੋਹ :-** ਵਿਦਰੋਹ ਦਾ ਇਕ ਹੋਰ ਅਸਥਾਨ ਹਜ਼ਾਰਾ ਦਾ ਇਲਾਕਾ ਸੀ। ਇਸ ਇਲਾਕੇ ਵਿਚ ਸ. ਚਤਰ ਸਿੰਘ ਅਟਾਰੀ ਵਾਲਾ, ਨਾਜਿਮ ਲੱਗਿਆਂ ਹੋਇਆ ਸੀ। ਭੈਰੋਵਾਲ ਸੰਧੀ ਤੋਂ ਬਾਅਦ ਲਾਹੌਰ ਵਿਖੇ ਅੰਗਰੇਜ਼ੀ ਰੈਜ਼ੀਡੈਂਟ ਨੇ ਆਪਣੀ ਮਦਦ ਲਈ ਰਾਜ ਦੇ ਉੱਤਰ-ਪੱਛਮੀ ਹਿੱਸਿਆਂ ਵਿਚ ਕੁਝ ਏਜੰਟ ਨਿਯੁਕਤ ਕੀਤੇ ਹੋਏ ਸਨ। ਉਨ੍ਹਾਂ ਵਿਚ ਉਘੇ ਨਾਮ ਇਹ ਸਨ ਕੈਪਟਨ ਐਬਟ, ਮੇਜਰ ਜਾਨ ਲਾਰੇਂਸ ਅਤੇ ਲੈਫਟੀਨੈਂਟ ਹਰਬਰਟ ਐਡਵਰਡ। ਸਪੱਸ਼ਟ ਤੋਰ ਤੇ ਇਨ੍ਹਾਂ ਦਾ ਕਰਤੱਵ ਦਰਬਾਰ ਦੇ ਅਧਿਕਾਰੀਆਂ ਦੀ ਪ੍ਰਸ਼ਾਸ਼ਨਿਕ ਕੰਮਕਾਰਾਂ ਵਿਚ ਮਦਦ ਕਰਨਾ ਸੀ ਪਰ ਅਸਲ ਵਿਚ ਉਨ੍ਹਾਂ ਦਾ ਕੰਮ ਉਨ੍ਹਾਂ ਇਲਾਕਿਆਂ ਦੀਆਂ ਮੁਸਲਮਾਨ ਅਬਾਦੀਆਂ ਨੂੰ ਖ਼ੁਸ਼ ਕਰਨਾ ਹੋਵੇ ਤਾਂ ਉਹ ਵੀ ਉਹ ਕਰਨ ਨੂੰ ਤਿਆਰ ਰਹਿੰਦੇ ਸਨ।

ਹਜ਼ਾਰਾ ਵਿਚ ਕੈਪਟਨ ਐਬਟ ਨੂੰ ਸ. ਚਤਰ ਸਿੰਘ ਅਟਾਰੀਵਾਲਾ ਦੀ ਅਗਵਾਈ ਹੇਠ ਨਿਯੁਕਤ ਕੀਤਾ ਗਿਆ ਸੀ ਪਰ ਉਸਨੇ ਇਲਾਕੇ ਦੇ ਮੁਸਲਮਾਨਾਂ ਨੂੰ ਭੜਕਾ ਕੇ ਉਸਦੇ ਗੱਲ ਪੁਆ ਦਿੱਤਾ। ਮੁਸਲਮਾਨਾਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਚਤਰ ਸਿੰਘ ਨੇ ਆਪਣੀ ਫੌਜ ਨੂੰ ਉਨ੍ਹਾਂ ਉਤੇ ਗੋਲੀ ਚਲਾਉਣ ਦਾ ਆਦੇਸ਼ ਦਿੱਤਾ। ਇਕ ਅਮਰੀਕਨ ਅਫ਼ਸਰ ਕਨੇਰਾ ਨੇ ਸਰਦਾਰ ਦੇ ਹੁਕਮ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਜਿਸ ਤੋਂ ਸਰਦਾਰ ਦੇ

ਆਗਿਆਕਾਰੀ ਫ਼ੌਜੀਆਂ ਨੇ ਕਨੇਰਾ ਨੂੰ ਮਾਰ ਦਿੱਤਾ। ਜਦ ਇਸ ਘਟਨਾ ਦੀ ਖ਼ਬਰ ਲਾਹੌਰ ਦੇ ਰੈਜੀਡੈਂਟ ਨੂੰ ਮਿਲੀ ਉਸਨੇ ਕੈਪਟਨ ਐਬਟ ਨੂੰ ਕਸੂਰਵਾਰ ਠਹਿਰਾਇਆ ਪਰ ਫਿਰ ਵੀ ਉਸਦੇ ਖ਼ਿਲਾਫ਼ ਕਾਰਵਾਈ ਕਰਨ ਦੀ ਥਾਂ ਸਰਦਾਰ ਨੂੰ ਹੀ ਅਹੁਦਾ ਛੱਡਣ ਲਈ ਕਿਹਾ। ਇਹ ਸਰਾਸਰ ਬੇਇਨਸਾਫ਼ੀ ਸੀ। ਚਤਰ ਸਿੰਘ ਦੀ ਇਕ ਹੋਰ ਸ਼ਿਕਾਇਤ ਇਹ ਸੀ ਕਿ ਉਸਦੀ ਲੜਕੀ ਮਹਾਰਾਜਾ ਦਲੀਪ ਸਿੰਘ ਨਾਲ ਮੰਗੀ ਹੋਈ ਸੀ ਅਤੇ ਉਹ ਚਾਹੁੰਦਾ ਸੀ ਕਿ ਉਸ ਦੀ ਸ਼ਾਦੀ ਕਰ ਦਿੱਤੀ ਜਾਵੇ ਅਤੇ ਇਸ ਲਈ ਕੀ ਤਾਰੀਖ਼ ਮਿਥੀ ਜਾਵੇ। ਉਸਨੇ ਇਥੋਂ ਤੱਕ ਵੀ ਕਹਿ ਦਿੱਤਾ ਸੀ ਕਿ ਇਸ ਸ਼ਾਦੀ ਤੋਂ ਬਾਅਦ ਉਹ ਨੌਕਰੀ ਤੋਂ ਰਿਟਾਇਰ ਜਾਂ ਸੇਵਾ ਮੁਕਤ ਹੋ ਜਾਵੇਗਾ। ਪਰ ਸਰਕਾਰ ਨੇ ਉਸਦੀ ਇਕ ਨਾ ਮੰਨੀ। ਸਿੱਟੇ ਵਜੋਂ ਉਸਦੇ ਮਨ ਦੇ ਸ਼ੰਕੇ ਅੰਗਰੇਜ਼ਾਂ ਦੇ ਇਰਾਦਿਆਂ ਸੰਬੰਧੀ ਯਕੀਨ ਵਿਚ ਬਦਲ ਗਏ।

ਉਸ ਸਮੇਂ ਚਤਰ ਸਿੰਘ ਦਾ ਲੜਕਾ ਸ਼ੇਰ ਸਿੰਘ ਮੁਲਤਾਨ ਦਾ ਘੇਰਾ ਪਾਉਣ ਵਾਲੀ ਅੰਗਰੇਜ਼ੀ ਸੈਨਾ ਦਾ ਵੱਡਾ ਅਫ਼ਸਰ ਸੀ। ਜਦ ਉਸਨੂੰ ਪਤਾ ਲੱਗਾ ਕਿ ਅੰਗਰੇਜ਼ਾਂ ਨੇ ਉਸਦੀ ਭੈਣ ਦੀ ਸ਼ਾਦੀ ਦੀ ਤਾਰੀਖ਼ ਮਿੱਥਣ ਤੋਂ ਨਾ ਕਰ ਦਿੱਤੀ ਸੀ ਤਾਂ ਉਸਨੂੰ ਬਹੁਤ ਦੁੱਖ ਹੋਇਆ ਅਤੇ ਉਸਦੀ ਵਫ਼ਾਦਾਰੀ ਡੋਲ ਗਈ। ਉਸਨੇ ਫੌਰੀ ਵਿਦਰੋਹ ਵਿਚ ਸ਼ਾਮਿਲ ਹੋਣਾ ਮਨਜ਼ੂਰ ਕਰ ਲਿਆ ਅਤੇ 14 ਸਤੰਬਰ 1848 ਈ: ਨੂੰ ਮੁਲਤਾਨ ਤੋਂ ਉਤਰਵੱਲ ਨੂੰ ਚਲ ਪਿਆ। ਉਸਦਾ ਇਰਾਦਾ ਆਪਣੇ ਪਿਤਾ ਦੀ ਫੌਜ ਨਾਲ ਮਿਲ ਕੇ ਲੜਾਈ ਸ਼ੁਰੂ ਕਰਨੀ ਸੀ।

ਜਦੋਂ ਲਾਰਡ ਡਲਹੌਜ਼ੀ ਨੂੰ ਕਲਕੱਤਾ ਵਿਖੇ ਨਵੀਆਂ ਘਟਨਾਵਾਂ ਦੀ ਖ਼ਬਰ ਮਿਲੀ ਤਾਂ ਉਸ ਦੀ ਖ਼ੁਸ਼ੀ ਦੀ ਕੋਈ ਸੀਮਾ ਨਹੀਂ ਰਹੀ ਜਿਸ ਮੌਕੇ ਦੀ ਉਸਨੂੰ ਲੰਬੇ ਸਮੇਂ ਤੋਂ ਉਡੀਕ ਸੀ । ਉਹ ਮੌਕਾ ਅੰਤ ਉਸਨੂੰ ਪ੍ਰਾਪਤ ਹੋ ਗਿਆ। ਉਸਨੇ ਘੋਸ਼ਣਾ ਕਰਦਿਆਂ ਹੋਇਆ ਇਹ ਕਿਹਾ, "ਵਾਪਰ ਗਈਆਂ ਘਟਨਾਵਾਂ ਤੋਂ ਅੱਖਾਂ ਮੀਟ ਕੇ ਅਤੇ ਗੁਜ਼ਰ ਗਈਆਂ ਉਦਾਹਰਣਾਂ ਦੇ ਪ੍ਰਭਾਵ ਨੂੰ ਭੁਲਾ ਕੇ ਸਿੱਖ ਕੌਮ ਨੇ ਯੁੱਧ ਦਾ ਸੱਦਾ ਦਿੱਤਾ ਹੈ ਅਤੇ ਮੇਰੀ ਗੱਲ ਤੇ ਵਿਸ਼ਵਾਸ ਕਰਨਾ ਉਨ੍ਹਾਂ ਨੂੰ ਇਹ ਮੋੜ ਜਿਨ੍ਹਾਂ ਚਾਹੀਏ ਉਸ ਤੋਂ ਵੱਧ ਦਿੱਤਾ ਜਾਵੇਗਾ।"

ਛੇਤੀ ਹੀ ਪਿਛੋਂ ਕਮਾਂਡਰ ਇਨ ਚੀਫ਼ ਲਾਰਡ ਗਫ ਨੂੰ ਆਦੇਸ਼ ਦਿੱਤਾ ਗਿਆ ਕਿ ਉਹ ਆਪਣੀ ਫੌਜ ਸਮੇਤ ਪੰਜਾਬ ਵਿਚ ਦਾਖ਼ਲ ਹੋ ਕੇ ਵਿਦਰੋਹ ਨੂੰ ਨਸ਼ਟ ਕਰੇ ਅਤੇ ਇਸ ਨਾਲ ਹੀ ਦੂਜੇ ਐਂਗਲੋ ਸਿੱਖ ਯੁੱਧ ਸ਼ੁਰੂ ਹੋਇਆ। ਪਰ ਯੁੱਧ ਦਾ ਕੋਈ ਐਲਾਨ ਨਹੀਂ ਕੀਤਾ ਗਿਆ। ਅੰਗਰੇਜ਼ਾਂ ਦੀ ਹਾਲਤ ਬੜੀ ਅਜੀਬ ਸੀ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਇਹ ਐਲਾਨ ਕਿਸ ਦੇ ਵਿਰੁਧ ਕਰਨ। ਮਹਾਰਾਜਾ ਦਲੀਪ ਸਿੰਘ ਨਾਬਾਲਗ਼ ਸੀ ਅਤੇ ਅੰਗਰੇਜ਼ਾਂ ਦੀ ਸਰਪ੍ਰਸਤੀ ਹੇਠ ਸੀ। ਉਸਨੇ ਕੋਈ ਗੱਲ ਅੰਗਰੇਜ਼ਾਂ ਦੇ ਖ਼ਿਲਾਫ਼ ਨਹੀਂ ਕੀਤੀ ਸੀ। ਰਿਜੈਂਸੀ ਕੌਂਸਲ ਦੇ ਬਹੁਤੇ ਮੈਂਬਰ ਵੀ ਅੰਗਰੇਜ਼ਾਂ ਦੇ ਨਾਲ ਸਨ।

**ਘਟਨਾਵਾਂ**

**ਰਾਮ ਨਗਰ ਦੀ ਲੜਾਈ** :- ਲਾਰਡ ਗਫ ਨੇ 16 ਨਵੰਬਰ 1848 ਈ: ਨੂੰ ਦਰਿਆ ਰਾਵੀ ਪਾਰ ਕੀਤਾ। ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਦਰਿਆ ਝਨਾ ਦੇ ਕੰਡੇ ਤੇ ਰਾਮ ਨਗਰ ਦੀ ਥਾਂ ਉਤੇ ਹੋਈ। ਇਹ ਕੋਈ ਮਹੱਤਵਪੂਰਣ ਲੜਾਈ ਨਹੀਂ ਸੀ। ਪਰ ਇਸ ਨੇ ਸਿੱਖਾਂ ਦਾ ਹੌਸਲਾ ਵਧਾਉਣ ਵਿਚ ਬੜੀ ਮਦਦ ਕੀਤੀ। ਇਸ ਥਾਂ ਤੇ ਤਿੰਨ ਵੱਡੇ ਅੰਗਰੇਜ਼ ਅਫਸਰ ਮਾਰੇ ਗਏ। ਇਕ ਅੰਗਰੇਜ਼ ਅਫਸਰ ਕੈਂਪਬਲ ਦੀ ਫੌਜ ਨੂੰ ਬੁਰੀ ਤਰ੍ਹਾਂ ਲੜਾਈ ਦੇ ਮੈਦਾਨ ਤੇ ਭਜਣਾ ਪਿਆ। ਉਸਦੀ ਇਕ ਤੋਪ ਅਤੇ ਰੈਜੀਮੈਂਟ ਦੇ ਝੰਡੇ ਸਿੱਖਾਂ ਨੇ ਖੋਹ ਲਏ।

**ਚੇਲਿਆਂ ਵਾਲਾ ਦੀ ਲੜਾਈ** :- ਇਕ ਹਫ਼ਤਾ ਪਿਛੋਂ ਗਫ ਨੇ ਝਨਾਂ ਨੇ ਖੱਬੇ ਕੰਢੇ ਦੇ ਨਾਲ ਉਪਰ ਜਾਕੇ ਵਜੀਰਾਬਾਦ ਦੇ ਨੇੜੇ ਬੇੜੀਆਂ ਰਾਹੀਂ ਦਰਿਆ ਪਾਰ ਕੀਤਾ। ਪਤਾ ਲਗਣ ਤੇ ਰਾਜਾ ਸ਼ੇਰ ਸਿੰਘ ਕੁਝ ਫੌਜ ਸਮੇਤ ਉਸਦਾ ਰਾਹ ਰੋਕਣ ਲਈ ਅੱਗੇ ਵਧਿਆ। ਸ਼ੇਰ ਸਿੰਘ ਨੂੰ ਓਧਰ ਜਾਂਦਿਆਂ ਵੇਖਕੇ ਬਾਕੀ ਅੰਗਰੇਜ਼ ਫੌਜ ਨੇ ਸਾਹਮਣੇ ਵੱਲੋਂ ਦਰਿਆ ਪਾਰ ਕਰ ਲਿਆ। ਸ਼ੇਰ ਸਿੰਘ ਨੂੰ ਇਹੋ ਜਾਪਿਆਂ ਕਿ ਉਹ ਘੇਰਿਆ ਰਿਹਾ ਹੈ, ਇਸ ਲਈ ਰਸੂਲ ਪੁਰ ਦੀ ਥਾਂ ਤੇ ਇਕ ਛੋਟੀ ਜਿਹੀ ਤੋਪਾਂ ਦੀ ਝੜਪ ਪਿਛੋਂ ਉਸਨੇ ਪਿਛੇ ਹਟ ਜਾਣ ਦਾ ਫੈਸਲਾ ਕੀਤਾ। ਪਿਛੇ ਹਟ ਕੇ ਉਸਨੇ ਦਰਿਆਂ ਜੇਹਲਮ ਉਤੇ ਡੇਰਾ ਜਮਾਇਆ। ਅੰਗਰੇਜ਼ਾਂ ਨੇ ਉਸ ਦਾ ਪਿਛਾ ਕੀਤਾ ਅਤੇ 31 ਜਨਵਰੀ 1849 ਈ. ਨੂੰ ਚੇਲਿਆਂ ਵਾਲਾ ਅਸਥਾਨ ਤੇ ਦੋਹਾਂ ਫੌਜਾਂ ਵਿਚਕਾਰ ਲੜਾਈ ਲੜੀ ਗਈ। ਜਿਸ ਵਿਚ ਸਿੱਖਾਂ ਦਾ ਹੱਥ ਉਤੇ ਰਿਹਾ। ਅੰਗਰੇਜ਼ਾਂ ਦੀ ਫੌਜ ਵਿਚ ਹਾਰ ਦਾ ਇੰਨਾਂ ਭੈੜਾ ਅਸਰ ਹੋਇਆ ਕਿ ਸਰਕਾਰ ਨੇ ਗਫ ਨੂੰ ਹਟਾ ਕੇ ਉਸਦੀ ਥਾਂ ਨੇਪੀਅਰ ਨੂੰ ਸੈਨਾਪਤੀ ਬਣਾਉਣ ਦਾ ਨਿਰਣੇ ਲਿਆ। ਅਜਿਹੀ ਹਾਰ ਦਾ ਅੰਗਰੇਜ਼ਾਂ ਨੂੰ ਪਹਿਲਾਂ ਕਦੇ ਭਾਰਤ ਵਿਖੇ ਸਾਹਮਣਾ

ਨਹੀਂ ਕਰਨਾ ਪਿਆ ਸੀ। ਇਕ ਅੰਗਰੇਜ਼ ਸੈਨਿਕ ਅਫਸਰ ਜੋ ਉਸ ਵੇਲੇ ਮੌਜੂਦ ਸੀ ਨੇ ਲਿਖਿਆ ਕਿ ਉਸਦੀਆਂ ਅੱਖਾਂ ਨੇ ਪਹਿਲਾਂ ਅਜਿਹੇ ਆਦਮੀ ਕਦੇ ਨਹੀਂ ਦੇਖੇ ਸਨ। ਉਨ੍ਹਾਂ ਦੀ ਹਿੰਮਤ ਸ਼ੇਰ ਵਰਗੀ ਸੀ। ਪਰ ਸਿੱਖਾਂ ਨੇ ਇਸ ਜਿੱਤ ਦਾ ਕੋਈ ਲਾਭ ਨਾ ਉਠਾਇਆ। ਜਿਵੇਂ ਪਹਿਲੇ ਐਂਗਲੋ ਸਿੱਖ ਯੁੱਧ ਵਿਚ ਫੇਰੂ ਸ਼ਾਹ ਦੀ ਥਾਂ ਤੇ ਉਹ ਜਿੱਤ ਗਏ ਸਨ ਪਰ ਉਹ ਜਿੱਤ ਦਾ ਫ਼ਾਇਦਾ ਨਹੀਂ ਉਠਾ ਸਕੇ, ਠੀਕ ਉਸੇ ਤਰ੍ਹਾਂ ਹੁਣ ਇਕ ਬੜੀ ਵਧੀਆ ਜਿੱਤ ਉਨ੍ਹਾਂ ਨੂੰ ਪ੍ਰਾਪਤ ਹੋਈ ਪਰ ਉਹ ਉਨ੍ਹਾਂ ਨੇ ਬੇਸਮਝੀ ਕਾਰਨ ਗੁਆ ਲਈ। ਅਗਲੇ ਹੀ ਦਿਨ ਅੰਗਰੇਜ਼ਾਂ ਦੀ ਹਾਲਤ ਬਹੁਤ ਪਤਲੀ ਸੀ। ਜੇ ਉਸ ਦਿਨ ਸਿੱਖ ਡਟ ਕੇ ਹਮਲਾ ਕਰ ਦਿੰਦੇ ਤਾਂ ਕੋਈ ਕਾਰਨ ਨਹੀਂ ਦਿਸਦਾ ਕਿ ਉਨ੍ਹਾਂ ਦੀ ਜਿੱਤ ਫੈਸਲਾਕੁੰਨ ਨਾ ਹੁੰਦੀ।

**ਮੁਲਤਾਨ ਦੀ ਜਿੱਤ :-** ਮੁਲਤਾਨ ਵਿਚ ਅਚਾਨਕ ਗੋਲਾ ਫਟਣ ਨਾਲ ਮੂਲਰਾਜ ਦੇ ਕਿਲੇ ਦੇ ਸਾਰੇ ਬਾਰੂਦ ਨੂੰ ਅੱਗ ਲਗ ਪਈ। ਉਸਨੇ ਹਾਰ ਮੰਨਦੇ ਹੋਏ 22 ਜਨਵਰੀ 1849 ਨੂੰ ਹਥਿਆਰ ਸੁੱਟ ਦਿੱਤੇ।

**ਗੁਜਰਾਤ ਦੀ ਲੜਾਈ** :- ਇਸ ਯੁੱਧ ਦੀ ਆਖ਼ਰੀ ਲੜਾਈ ਗੁਜਰਾਤ ਦੀ ਥਾਂ ਤੇ 21 ਫ਼ਰਵਰੀ 1849 ਈ. ਨੂੰ ਲੜੀ ਗਈ। ਉਸ ਸਮੇਂ ਤੱਕ ਹਾਲਤ ਨੇ ਅੰਗਰੇਜ਼ਾਂ ਦੇ ਹੱਕ ਵਿਚ ਪਲਟਾ ਖਾ ਲਿਆ ਸੀ। ਮੁਲਤਾਨ ਦੀ ਲੜਾਈ ਖ਼ਤਮ ਹੋ ਚੁੱਕੀ ਸੀ ਅਤੇ ਜੋ ਸੈਨਾ ਉਥੇ ਰੁਝੀ ਹੋਈ ਸੀ ਉਹ ਵਿਹਲੀ ਹੋ ਕੇ ਗਫ ਦੀ ਸੈਨਾ ਨਾਲ ਮਿਲਣ ਲਈ ਬੜੀ ਤੇਜ਼ੀ ਨਾਲ ਆ ਰਹੀ ਸੀ। ਸਿੱਖਾਂ ਦੀ ਤਾਕਤ ਵਿਚ ਵੀ ਕੁਝ ਵਾਧਾ ਹੋ ਗਿਆ ਕਿਉਂਕਿ ਦੋਸਤ ਮੁਹੰਮਦ ਖਾਂ ਦੀ ਕੁਝ ਸੈਨਾਂ ਸਿੱਖਾਂ ਦੀ ਮਦਦ ਲਈ ਆ ਗਈ ਸੀ। ਗੁਜਰਾਤ ਦੀ ਲੜਾਈ ਨੂੰ ਤੋਪਾਂ ਦੀ ਲੜਾਈ ਵੀ ਕਿਹਾ ਜਾਂਦਾ ਹੈ। ਸਿੱਖਾਂ ਦੇ ਟਾਕਰੇ ਵਿਚ ਅੰਗਰੇਜ਼ਾਂ ਕੋਲੋਂ ਤੋਪਾ ਚੰਗੀਆਂ, ਵੱਡੀਆਂ ਅਤੇ ਵਧੇਰੇ ਵੀ ਸਨ। ਇਹੀ ਕਾਰਨ ਸੀ ਕਿ ਤੋਪਾਂ ਦੀਆਂ ਵਾਛੜਾ ਨੇ ਸਿੱਖ ਫੌਜ ਨੂੰ ਪੈਰਾਂ ਤੋਂ ਹਿਲਾ ਦਿੱਤਾ। ਦੌੜ ਕੇ ਇਹ ਸਿੱਖ ਫੌਜ ਜ਼ੇਹਲਮ ਤੋਂ ਪਾਰ ਰਾਵਲਪਿੰਡੀ ਪੁੱਜ ਗਈ। ਹੁਣ ਇਹ ਬਹੁਤ ਹੀ ਮੁਸ਼ਕਿਲ ਵਿਚ ਫਸ ਗਈ ਸੀ ਕਿਉਂਕਿ ਅਗਲੇ ਪਾਸੇ ਅੰਗਰੇਜ਼ਾਂ ਦੀ ਫੌਜ ਸੀ। ਪਿਛਲਾ ਰਸਤਾ ਕੈਪਟਨ ਐਬਟ ਅਤੇ ਰਾਜਾ ਗੁਲਾਬ ਸਿੰਘ ਨੇ ਰੋਕਿਆ ਹੋਇਆ ਸੀ। ਇਹੀ ਕਾਰਨ ਸੀ ਕਿ 14 ਮਾਰਚ, 1849 ਈ: ਦੇ ਦਿਨ ਸਿੱਖਾਂ ਨੇ ਹਥਿਆਰ ਸੁੱਟ ਦਿੱਤੇ ਪਰ ਭਾਈ ਮਹਾਰਾਜ ਸਿੰਘ ਹਾਰ ਮੰਨਣ ਲਈ ਤਿਆਰ ਨਹੀਂ ਸੀ। ਉਸਨੇ ਸਿੱਖ ਸਰਦਾਰਾਂ ਨੂੰ ਲੜਾਈ ਜਾਰੀ ਰੱਖਣ ਲਈ ਅਪੀਲ ਕੀਤੀ ਪਰ ਉਸਦਾ ਕੋਈ ਪ੍ਰਭਾਵ ਨਹੀਂ ਸੀ ਰਿਹਾ। ਫਿਰ ਉਹ ਉਨ੍ਹਾਂ ਦਾ ਸਾਥ ਛੱਡ ਕੇ ਜੰਮੂ ਦੇ ਇਲਾਕੇ ਵਿਚ ਨਿਕਲ ਗਿਆ ਅਤੇ ਪਿਛੇ ਹੁਸ਼ਿਆਰਪੁਰ ਪੁੱਜ ਕੇ ਇਕ ਵਾਰ ਫਿਰ ਅੰਗਰੇਜ਼ਾਂ ਦੇ ਵਿਰੁੱਧ ਕੋਸ਼ਿਸ਼ ਕਰਨ ਵਿਚ ਰੁੱਝ ਗਿਆ।

**ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿਚ ਮਿਲਾਉਣਾ** :- 29 ਮਾਰਚ 1849 ਈ: ਨੂੰ ਡਲਹੌਜ਼ੀ ਦੇ ਸਕੱਤਰ ਇਲੀਅਟ ਨੇ ਲਾਹੌਰ ਦੇ ਕਿਲੇ ਵਿਖੇ ਇਕ ਦਰਬਾਰ ਸਜਾਇਆ। ਮਹਾਰਾਜਾ ਦਲੀਪ ਸਿੰਘ ਨੂੰ ਤਖ਼ਤ ਉਤੇ ਬਿਠਾਇਆ ਗਿਆ। ਫਿਰ ਇਲੀਅਟ ਨੇ ਇਹ ਐਲਾਨ ਪੜ੍ਹ ਕੇ ਸੁਣਾਇਆ। ਇਸ ਐਲਾਨ ਵਿਚ ਕਿਹਾ ਗਿਆ ਸੀ ਕਿ ਖਾਲਸਾ ਰਾਜ ਖ਼ਤਮ ਹੋ ਗਿਆ ਹੈ। ਮਹਾਰਾਜਾ ਦਲੀਪ ਸਿੰਘ ਨੂੰ ਪੈਨਸ਼ਨ ਦਿੱਤੀ ਗਈ। ਇੰਝ ਪੰਜਾਬ ਬ੍ਰਿਟਿਸ਼ ਸਾਮਰਾਜ ਦਾ ਇਕ ਹਿੱਸਾ ਬਣ ਗਿਆ। ਮਹਾਰਾਜਾ ਨੇ ਆਪਣੇ ਹੱਥੀਂ ਕੋਹੇਨੂਰ ਹੀਰਾ ਮਹਾਰਾਣੀ ਵਿਕਟੋਰੀਆ ਨੂੰ ਦੇਣ ਲਈ ਡਲਹੌਜ਼ੀ ਨੂੰ ਦਿੱਤਾ।

**ਪੰਜਾਬ ਦਾ ਬ੍ਰਿਟਿਸ਼ ਸਮਾਰਾਜ ਵਿਚ ਮਿਲਾਉਣਾ ਕਿਥੋਂ ਤੱਕ ਠੀਕ ਸੀ :-** ਅਸਲ ਵਿਚ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿਚ ਮਿਲਾਉਣਾ ਇਕ ਵਿਸ਼ਵਾਸਘਾਤ ਵਾਲੀ ਗੱਲ ਸੀ। ਮਹਾਰਾਜਾ ਦਲੀਪ ਸਿੰਘ ਦਾ ਕੀ ਕਸੂਰ ਸੀ ਜਿਸ ਕਰਕੇ ਉਸ ਤੋਂ ਤਖ਼ਤ ਖੋਹ ਲਿਆ ਗਿਆ? ਦਲੀਪ ਸਿੰਘ ਅਜੇ ਨਾਬਾਲਗ਼ ਸੀ। ਨਾਬਾਲਗੀ ਦੀ ਉਮਰ ਵਿਚ ਉਹ ਪੂਰੀ ਤਰ੍ਹਾਂ ਬ੍ਰਿਟਿਸ਼ ਸਰਕਾਰ ਦੀ ਰੱਖਿਆ ਹੇਠ ਸੀ। ਇਹੀ ਕਾਰਨ ਸੀ ਕਿ ਬ੍ਰਿਟਿਸ਼ ਸਰਕਾਰ ਦਾ ਇਹ ਕਰਤੱਵ ਸੀ ਕਿ ਉਹ ਉਸਦੀ ਰੱਖਿਆ ਕਰਦੇ। ਦੂਜੇ ਰਿਜੈਂਸੀ ਕੌਂਸਲ ਜੋ ਖਾਲਸਾ ਸਰਕਾਰ ਦੀ ਪ੍ਰਤੀਨਿਧਤਾ ਕਰਦੀ ਸੀ ਉਸਨੇ ਵੀ ਅੰਗਰੇ ਜ਼ਾਂ ਦੇ ਖ਼ਿਲਾਫ਼ ਕੋਈ ਕੰਮ ਨਹੀਂ ਸੀ ਕੀਤਾ। ਤੀਜਾ ਲਾਹੌਰ ਵਿਖੇ ਇਕ ਤਕੜੀ ਅੰਗਰੇਜ਼ੀ ਫੌਜ ਰੱਖੀ ਹੋਈ ਸੀ। ਇਸ ਦੇ ਖ਼ਰਚ ਲਈ ਖਾਲਸਾ ਦਰਬਾਰ 22 ਲੱਖ ਰੁਪਇਆ ਦਿੰਦਾ ਸੀ। ਜਦ ਮੁਲਤਾਨ ਵਿਖੇ ਵਿਦਰੋਹ ਸ਼ੁਰੂ ਹੋਇਆ ਤਾਂ ਅੰਗਰੇਜ਼ਾਂ ਨੂੰ ਚਾਹੀਦਾ ਸੀ ਕਿ ਇਸ ਫੌਜ ਦੀ ਮਦਦ ਨਾਲ ਉਸ ਵਿਦਰੋਹ ਨੂੰ ਫੌਰੀ ਕੁਚਲ ਦਿੰਦੇ ਪਰ ਇੰਵ ਨਹੀਂ ਕੀਤਾ ਗਿਆ। ਸਗੋਂ ਇਸ ਛੋਟੇ ਜਿਹੇ ਵਿਦਰੋਹ ਨੂੰ ਜਾਣ-ਬੁਝ ਕੇ ਫੈਲਣ ਦਿੱਤਾ ਗਿਆ ਤਾਂ ਜੋ ਪਿਛੋਂ ਇਸੇ ਵਿਦਰੋਹ ਦਾ ਬਹਾਨਾ ਬਣਾਕੇ ਖਾਲਸਾ ਰਾਜ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਜਾਵੇ। ਇਸ ਤਰ੍ਹਾਂ ਇਹ ਅੰਗਰੇਜ਼ਾਂ ਵਲੋਂ ਇਕ ਸੋਚੀ-ਸਮਝੀ

ਪੰਜਾਬ ਨੂੰ ਹੜਪ ਜਾਣ ਦੀ ਕੂਟਨੀਤਿਕ ਚਾਲ ਸੀ।

ਮਿ: ਟਰਨਰ ਨੇ ਲਿਖਿਆ ਹੈ ਕਿ ਡਲਹੋਜੀ ਦੀ ਨੀਤੀ ਦਾ ਨਾ ਕੋਈ ਸਿਧਾਂਤ ਸੀ ਅਤੇ ਨਾ ਹੀ ਕੋਈ ਆਧਾਰ। ਈਵਟਜ਼ ਬੈਲ ਨੇ ਇਸ ਬਾਰੇ ਇਕ ਪੁਸਤਕ ਲਿਖੀ ਜਿਸ ਵਿਚ ਉਸਨੇ ਲਿਖਿਆ ਕਿ ਅਜਿਹਾ ਕਰਨਾ ਪੰਜਾਬ ਨਾਲ ਘੋਰ ਵਿਸ਼ਵਾਸ਼ਘਾਤ ਸੀ। ਲਾਰਡ ਡਲਹੌਜ਼ੀ ਨੇ ਸੰਧੀਆਂ ਤੋੜੀਆਂ ਅਤੇ ਇਕ ਪਵਿੱਤਰ ਭਰੋਸੇ ਦੀ ਦੁਰਵਰਤੋਂ ਕੀਤੀ। ਅੰਗਰੇਜ਼ਾਂ ਨੂੰ ਭਾਰਤ ਦੀ ਉਤਰੀ ਸਰਹੱਦ ਤੱਕ ਇਕ ਨਰੋਏ ਸੁਧਾਰ ਦਾ ਬਹੁਤ ਹੀ ਸ਼ਾਨਦਾਰ ਮੌਕਾ ਮਿਲਿਆ ਸੀ ਇਸ ਨੇ ਉਸਨੂੰ ਅਜਾਈਂ ਗਵਾ ਦਿੱਤਾ। ਇਕ ਪ੍ਰਾਪਤੀ ਦੇ ਰਾਹੀਂ ਜਿਹੜੀ ਜਿੰਨੀ ਇਨਸਾਫ ਦੇ ਖਿਲਾਫ ਸੀ, ਉਨ੍ਹੀ ਹੀ ਸਿਆਣਪ ਤੋਂ ਖਾਲੀਂ ਸੀ। ਆਪਣੀ ਸਰਹੱਦ ਨੂੰ ਕਮਜ਼ੋਰ ਕੀਤਾ ਗਿਆ ਆਪਣੀ ਸੈਨਿਕ ਤਾਕਤ ਨੂੰ ਖਿੰਡਾਇਆ ਗਿਆ ਅਤੇ ਆਪਣੇ ਸਮਾਰਾਜ ਉਤੇ ਇਕ ਭਾਰੀ ਖ਼ਰਚੇ ਦਾ ਬੋਝ ਲੱਦਿਆ ਗਿਆ। ਲਾਰਡ ਡਲਹੌਜ਼ੀ ਨੇ ਆਪਣੀ ਨੀਤੀ ਦੇ ਹੱਕ ਵਿਚ ਨਿਮਨਲਿਖਤ ਦਲੀਲਾਂ ਦਿੱਤੀਆਂ :-

1. ਮੁਲਤਾਨ ਦੇ ਵਿਦਰੋਹ ਨੂੰ ਫੋਰੀ ਦਬਾਉਣਾ ਮੁਸ਼ਕਿਲ ਸੀ ਕਿਉਂਕਿ ਇਸ ਵਿਚ ਕਈ ਔਕੜਾਂ ਸਨ ਜਿਵੇਂ ਕਿ ਗਰਮੀ ਦਾ ਮੌਸਮ ਅਤੇ ਛੇਤੀ ਹੀ ਪਿਛੋਂ ਮੀਂਹ ਦਾ ਜ਼ੋਰ।
2. ਜਦੋਂ ਵਿਦਰੋਹ ਫੈਲ ਗਿਆ ਤਾਂ ਉਸਦਾ ਮਨੋਰਥ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਬਾਹਰ ਕੱਢਣਾ ਸੀ। ਭਾਵੇਂ ਮਹਾਰਾਜਾ ਅਤੇ ਰਿਜੈਂਸੀ ਕੌਂਸਲ ਅੰਗਰੇਜ਼ਾਂ ਦੇ ਪੱਖ ਵਿਚ ਸਨ ਪਰ ਇਸ ਨਾਲ ਹਾਲਾਤ ਵਿਚ ਕੋਈ ਫ਼ਰਕ ਨਹੀਂ ਸੀ ਪੈਂਦਾ।
3. ਸਿੱਖਾਂ ਦਾ ਅੰਗਰੇਜ਼ਾਂ ਦੇ ਖ਼ਿਲਾਫ਼ ਇਨ੍ਹਾਂ ਜ਼ਿਆਦਾ ਗੁੱਸਾ ਸੀ ਕਿ ਜੇ ਮੁਲਤਾਨ ਦਾ ਵਿਦਰੋਹ ਦਬਾਅ ਵੀ ਦਿੱਤਾ ਜਾਂਦਾ ਤਾਂ ਵੀ, ਸਮੱਸਿਆਵਾਂ ਹੱਲ ਨਹੀਂ ਹੋਣੀ ਸੀ।
4. ਸਿੱਖਾਂ ਦੀ ਕਾਬਲ ਦੇ ਪਠਾਣਾਂ ਨਾਲ ਸੰਧੀ ਹੋ ਜਾਣ ਤੋਂ ਬਾਅਦ ਪੰਜਾਬ ਦਾ ਇਕ ਰੋਕ ਦੇ ਰੂਪ ਵਿਚ ਵੀ ਕੋਈ ਲਾਭ ਨਹੀਂ ਸੀ ਰਹਿ ਗਿਆ ।

ਉਪਰ ਦਿੱਤੀਆਂ ਗੱਲਾਂ ਤੋਂ ਇਹ ਸਾਫ ਪਤਾ ਲਗਦਾ ਹੈ ਕਿ ਡਲਹੋਜੀ ਦੀਆਂ ਦਲੀਲਾਂ ਦਾ ਆਧਾਰ ਕੇਵਲ ਅੰਗਰੇਜ਼ਾਂ ਦੇ ਰਾਜਨੀਤਿਕ ਹਿੱਤ ਸਨ ਅਤੇ ਉਨ੍ਹਾਂ ਵਿਚ ਕਾਨੂੰਨ ਜਾ ਨੈਤਿਕਤਾ ਲਈ ਕੋਈ ਥਾਂ ਨਹੀਂ ਸੀ। ਇਸ ਤੋਂ ਸਾਬਿਤ ਹੁੰਦਾ ਹੈ ਕਿ ਡਲਹੌਜ਼ੀ ਕੋਲ ਉਸ ਨੁਕਤਾਚੀਨੀ ਦਾ ਕੋਈ ਸਿੱਧਾ ਜਵਾਬ ਨਹੀਂ ਸੀ ਜੋ ਨੈਤਿਕ ਜਾਂ ਕਾਨੂੰਨੀ ਪੱਖ ਤੋ ਉਸਦੀ ਨੀਤੀ ਦੇ ਸੰਬੰਧ ਵਿਚ ਦਿੱਤਾ ਜਾ ਸਕਦਾ।

## ਆਪਣੇ ਗਿਆਨ ਦੀ ਪਰਖ ਕਰੋ।

ਖਾਲੀਂ ਥਾਂਵਾਂ ਭਰੋ :-

1. ਭੈਰੋਵਾਲ ਦੀ ਸੰਧੀ 16 ਦਸੰਬਰ ..........................ਈ: ਨੂੰ ਹੋਈ।
2. ਭੈਰੋਵਾਲ ਸੰਧੀ ਅਨੁਸਾਰ ਸਾਰੀ ਤਾਕਤ..................... ਦੇ ਹੱਥ ਚਲੀ ਗਈ।
3. ਰਿਜੈਂਸੀ ਕੌਂਸਿਲ ਦੇ ਮੈਂਬਰਾਂ ਦੀ ਗਿਣਤੀ......................... ਸੀ।
4. ਭੈਰੋਵਾਲ ਦੀ ਸੰਧੀ ਅਨੁਸਾਰ ਖਾਲਸਾ ਰਾਜ ਨੇ ਹਰ ਵਰ੍ਹੇ ਅੰਗਰੇਜ਼ਾਂ ਨੂੰ ....................ਲੱਖ ਰੁਪਏ ਦੇਣੇ ਸਨ।
5. ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਦੂਜੇ ਯੁੱਧ ਦੀ ਜੜ੍ਹ.................... ਦੀ ਸੰਧੀ ਸੀ।
6. ਰਾਣੀ ਜਿੰਦਾਂ ਦੀ ਸਾਲਾਨਾ ਪੈਨਸ਼ਨ ਡੇਢ ਲੱਖ ਤੋ ਘਟਾ ਕੇ .....................ਰੁ: ਕਰ ਦਿੱਤੀ ਗਈ।
7. ਲਾਰਡ ਗਫ ਨੇ 16 ਨਵੰਬਰ 1848 ਈ: ਦੇ ਦਿਨ ਦਰਿਆ...................... ਪਾਰ ਕੀਤਾ।
8. ਇਸ ਲੜਾਈ ਦੀ ਪਹਿਲੀ ਟੱਕਰ ਦਰਿਆ ਚਨਾਬ ਦੇ ਕੰਢੇ ..........................ਦੇ ਸਥਾਨ ਤੇ ਹੋਈ।
9. ਅਹਿਮ ਲੜਾਈ ਗੁਜਰਾਤ ਦੀ ਥਾਂ ਤੇ ਫ਼ਰਵਰੀ............................ ਈ. ਨੂੰ ਹੋਈ।
10. ਖਾਲਸਾ ਰਾਜ ਦਾ ਖ਼ਾਤਮਾ 29 ਮਾਰਚ............................. ਈ: ਨੂੰ ਹੋਇਆ।

ਆਪਣੇ ਉੱਤਰ ਮਿਲਾਉ-

| | | | | |
|---|---|---|---|---|
| 1. 1846 ਈ. | 2. ਅੰਗਰੇਜ਼ਾਂ | 3. ਅੱਠ | 4. ਬਾਈ ਲੱਖ | 5. ਭੈਰੋਵਾਲ |
| 6. 48,000 | 7. ਰਾਵੀ | 8. ਰਾਮ ਨਗਰ | 9. 1849 ਈ. | 10. 1849 ਈ. |

**ਆਪਣੀ ਸਿਥਿਤੀ ਵੇਖੋ :-**

| | | | | | |
|---|---|---|---|---|---|
| ਬਹੁਤ ਚੰਗਾ | - | ਛੇ ਤੋ ਵੱਧ ਠੀਕ ਉੱਤਰ | ਚੰਗਾ | - | ਪੰਜ-ਛੇ ਠੀਕ ਉੱਤਰ |
| ਸੰਤੋਖਜਨਕ | - | ਚਾਰ ਠੀਕ ਉਤਰ | ਅਸੰਤੋਖਜਨਕ | - | ਚਾਰ ਤੋਂ ਘੱਟ ਠੀਕ ਉੱਤਰ |

**ਹੇਠ ਦਿੱਤੇ ਹਰ ਪ੍ਰਸ਼ਨ ਦਾ 30 ਤੋਂ 40 ਸ਼ਬਦਾਂ ਵਿਚ ਉੱਤਰ ਲਿਖੇ :-**

1. ਭੈਰੋਵਾਲ ਦੀ ਸੰਧੀ ਕਦੋਂ ਅਤੇ ਕਿੰਨ੍ਹਾਂ ਵਿਚਕਾਰ ਹੋਈ ?
2. ਰਿਜੈਂਸੀ ਕੌਂਸਲ ਦੇ ਮੁੱਖ ਕੀ ਕੰਮ ਸਨ ?
3. ਭੈਰੋਵਾਲ ਸੰਧੀ ਦੀਆਂ ਮੁੱਖ ਸ਼ਰਤਾਂ ਬਾਰੇ ਲਿਖੋ ?
4. ਦੂਜਾ ਐਂਗਲੋਂ ਸਿੱਖ ਯੁੱਧ ਕਿਉਂ ਲੜਿਆ ਗਿਆ ?
5. ਮਹਾਰਾਣੀ ਜਿੰਦਾਂ ਨੂੰ ਅੰਗਰੇਜ਼ਾਂ ਵਲੋਂ ਕੀ ਵਤੀਰਾ ਮਿਲਿਆ ?
6. ਲਾਰਡ ਡਲਹੋਜੀ ਨੇ ਮੁਲਤਾਨ ਦੇ ਵਿਦਰੋਹ ਨੂੰ ਸ਼ੁਰੂ ਵਿਚ ਕਿਉਂ ਨਹੀਂ ਦਬਾਇਆ ?
7 ਦੂਜੇ ਐਂਗਲੋਂ-ਸਿੱਖ ਯੁੱਧ ਵਿਚ ਕਿੰਨੀਆਂ ਲੜਾਈਆਂ ਕਿਥੇ ਅਤੇ ਕਦੋਂ ਲੜੀਆਂ ਗਈਆਂ ?
8. ਕੀ ਪੰਜਾਬ ਨੂੰ ਬ੍ਰਿਟਿਸ਼ ਰਾਜ ਵਿਚ ਸ਼ਾਮਿਲ ਕਰਨਾ ਠੀਕ ਸੀ ?
9. ਮੂਲਰਾਜ ਬਾਰੇ ਤੁਸੀਂ ਕੀ ਜਾਣਦੇ ਹੋ ?
10. ਚਤਰ ਸਿੰਘ ਅਤੇ ਸ਼ੇਰ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ ?

**ਹੇਠ ਦਿੱਤੇ ਹਰ ਪ੍ਰਸ਼ਨ ਦਾ 1000 ਸ਼ਬਦਾਂ ਵਿਚ ਉੱਤਰ ਦਿਉ :-**

1. ਦੂਜੇ ਐਂਗਲੋਂ ਸਿੱਖ ਯੁੱਧ ਦੇ ਕਾਰਣਾਂ ਦਾ ਵਿਸਥਾਰ ਵਿਚ ਉੱਤਰ ਲਿਖੋ।
2. ਦੂਜੇ ਐਂਗਲੋਂ ਸਿੱਖ ਯੁੱਧ ਦੀਆਂ ਮੁੱਖ ਲੜਾਈਆਂ ਦਾ ਵਰਣਨ ਕਰਦਿਆਂ ਹੋਇਆਂ ਦੱਸੋ ਕਿ ਪੰਜਾਬ ਨੂੰ ਡਲਹੌਜ਼ੀ ਰਾਹੀ ਹੜਪਣਾ ਕਿਥੇ ਤੱਕ ਉਚਿਤ ਸੀ?

**ਹੋਰ ਜ਼ਿਆਦਾ ਗਿਆਨ ਪ੍ਰਾਪਤ ਕਰਨ ਲਈ ਪੁਸਤਕਾਂ :-**

1. ਡਾ. ਐਨ. ਕੇ. ਸਿਨਹਾ : ਮਹਾਰਾਜਾ ਰਣਜੀਤ ਸਿੰਘ
2. ਕੇ. ਐਸ. ਨਾਰੰਗ ਅਤੇ ਐਚ. ਆਰ ਗੁਪਤਾ : ਪੰਜਾਬ ਦਾ ਇਤਿਹਾਸ
3. ਡਾ. ਏ. ਸੀ. ਅਰੋੜਾ : ਪੰਜਾਬ ਦਾ ਇਤਿਹਾਸ

**ਪਾਠ ਨੰਬਰ : 2.3**

## ਪ੍ਰਬੰਧ ਬੋਰਡ, ਬਣਤਰ ਤੇ ਕੰਮ ਅਤੇ ਸਰ ਜਾਨ ਲਾਰੰਸ ਇਕ ਪ੍ਰਬੰਧਕ ਦੇ ਤੌਰ ਤੇ

ਜਦੋਂ ਦੂਜੀ ਐਂਗਲੋ-ਸਿੱਖ ਜੰਗ ਖ਼ਤਮ ਹੋ ਗਈ ਤਾਂ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਦੇ ਆਦੇਸ਼ ਅਨੁਸਾਰ ਸਰ ਹੈਨਰੀ ਈਲੀਅਟ, ਵਿਦੇਸ਼ ਸਕੱਤਰ ਵਲੋਂ 29 ਮਾਰਚ 1849 ਨੇ ਲਾਹੌਰ ਵਿਖੇ ਇਕ ਦਰਬਾਰ ਕੀਤਾ ਗਿਆ। ਇਸ ਵਿਚ ਪੰਜਾਬ ਉਤੇ ਕਬਜ਼ੇ ਦਾ ਐਲਾਨ ਪੜ੍ਹਿਆ ਗਿਆ ਅਤੇ ਇਸ ਦੇ ਤੁਰੰਤ ਬਾਅਦ ਇਕ ਕਾਗ਼ਜ਼ ਤੇ ਮਹਾਰਾਜਾ ਦਲੀਪ ਸਿੰਘ ਨੇ ਦਸਤਖ਼ਤ ਕੀਤੇ। ਪੰਜਾਬ ਵਿਚ ਅਜ਼ਾਦ ਸਿੱਖ ਹਕੂਮਤ ਦਾ ਖ਼ਾਤਮਾ ਹੋ ਗਿਆ ਤੇ ਇਸ ਦੇ ਪ੍ਰਬੰਧ ਲਈ ਨਵੇਂ ਇੰਤਜ਼ਾਮ ਕੀਤੇ ਗਏ।

ਇਕ ਪ੍ਰਬੰਧ ਬੋਰਡ, ਜਿਸ ਦੇ ਤਿੰਨ ਬੰਦੇ ਹੈਨਰੀ ਲਾਰੰਸ, ਜਾਨ ਲਾਰੰਸ ਅਤੇ ਚਾਰਲਸ ਮੈਨਸਲ ਮੈਂਬਰ ਸਨ, ਬਣਾਇਆ ਗਿਆ। ਡਲਹੌਜ਼ੀ ਹੈਨਰੀ ਲਾਰੰਸ ਨੂੰ ਪਸੰਦ ਨਹੀਂ ਕਰਦਾ ਸੀ ਕਿਉਂਕਿ ਇਕ ਵਾਰੀ ਪਹਿਲਾਂ ਹੀ ਉਸ ਨਾਲ ਝਗੜ ਪਿਆ ਸੀ ਕਿਉਂਕਿ ਹੈਨਰੀ ਪੰਜਾਬ ਤੇ ਕਬਜ਼ਾਂ ਕਰਨ ਦੀ ਪਾਲਸੀ ਦੇ ਵਿਰੁੱਧ ਸੀ। ਪਰੰਤੂ ਗਵਰਨਰ ਜਨਰਲ ਹੈਨਰੀ ਲਾਰੰਸ ਨੂੰ ਛੱਡ ਨਹੀਂ ਸੀ ਸਕਦਾ ਜਿਵੇਂ ਕਿ ਗਫ ਦੇ ਸ਼ਬਦਾਂ ਵਿਚ ਇਹੋ ਜਿਹਾ ਹੋਰ ਕੋਈ ਆਦਮੀ ਨਹੀਂ ਸੀ ਜਿਸ ਨੇ ਉਥੋਂ ਦੇ ਲੋਕਾਂ ਦਾ ਭਰੋਸਾ ਬੜੀ ਚੰਗੀ ਤਰ੍ਹਾਂ ਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਾਪਤ ਕਰ ਲਿਆ ਹੋਵੇ। ਉਸ ਤੋਂ ਬਾਅਦ ਉਸ ਦੇ ਭਰਾ ਜਾਨ ਲਾਰੰਸ ਦੀ ਵਾਰੀ ਆਉਂਦੀ ਹੈ ਜਿਹੜਾ ਕਿ ਮੋਟੇ ਦਿਮਾਗ਼ ਦਾ ਪੱਛਮੀ ਖ਼ਿਆਲਾਂ ਦਾ ਧਾਰਨੀ ਸੀ, ਪਰੰਤੂ ਲੋਕਾਂ ਵੱਲੋਂ ਘੱਟ ਸਲਾਹਿਆ ਗਿਆ। "ਹੈਨਰੀ ਦਾ ਭਰੋਸਾ ਅਤੇ ਲੋਕਾਂ ਨਾਲ ਗੱਲਬਾਤ ਕਰਨ ਦੀ ਜਾਂਚ ਨੇ ਉਸ ਨੂੰ ਅਜਿਹਾ ਆਦਮੀ ਐਲਾਨਿਆ ਜਿਹੜਾ ਕਿ ਐਂਗਲੋਂ-ਸਿੱਖ ਜੰਗਾਂ ਦੇ ਜ਼ਖ਼ਮਾਂ ਨੂੰ ਠੀਕ ਕਰ ਸਕਦਾ ਸੀ। ਉਹ ਜੋੜ ਅਤੇ ਹਾਰੇ ਹੋਇਆਂ ਦੇ ਵਿਚਕਾਰ ਉਦਾਰਵਾਦੀ ਵਿਚਾਰਾ ਵਾਲਾ ਵਿਅਕਤੀ ਸੀ। ਇਹ ਸਭ ਕੁਝ ਹੁੰਦੇ ਹੋਏ ਹੈਨਰੀ ਨੂੰ ਪ੍ਰਬੰਧ ਬੋਰਡ ਦਾ ਮੁਖੀ (President) ਨਿਯੁਕਤ ਕੀਤਾ ਗਿਆ ਪਰੰਤੂ ਡਲਹੌਜ਼ੀ ਉਸ ਦੇ ਹੱਥਾਂ ਵਿਚ ਸਾਰੀਆਂ ਕਾਰਜਕਾਰੀ ਸ਼ਕਤੀਆਂ ਨਹੀਂ ਸੀ ਛੱਡਣਾ ਚਾਹੁੰਦਾ ਕਿਉਂਕਿ ਇਸ ਬਾਰੇ ਗਵਰਨਰ ਜਨਰਲ ਦਾ ਵਿਸ਼ਵਾਸ ਸੀ ਕਿ ਹੈਨਰੀ ਦੇ ਵਿਚਾਰ ਸਰਕਾਰ ਦੀ ਆਪਣਾਈ ਗਈ ਨੀਤੀ ਦੇ ਬਿਲਕੁਲ ਉਲਟ ਸਨ ।"

ਜਾਨ ਲਾਰੰਸ ਦੇ ਵਿਚਾਰਾਂ ਨਾਲ ਗਵਰਨਰ ਜਨਰਲ ਸਹਿਮਤ ਸੀ। ਇਸ ਤਰ੍ਹਾ ਦੋਵੇਂ ਭਰਾ ਵੱਖ ਵੱਖ ਦਿਸ਼ਾਵਾਂ ਵੱਲ ਖਿੱਚੇ ਹੋਏ ਸਨ । ਇਸ ਲਈ ਡਲਹੌਜ਼ੀ ਨੇ ਲੋੜੀਂਦੀ ਸ਼ਾਂਤੀ ਸਥਾਪਤ ਰੱਖਣ ਲਈ ਤੀਜੇ ਆਦਮੀ ਚਾਰਲਸ ਮੈਨਸਲ ਨੇ ਨਿਯੁਕਤ ਕੀਤਾ। ਦੋਨੋਂ ਭਰਾਵਾਂ ਵਿਚ ਰਾਜਨੀਤਿਕ, ਮਾਮਲਿਆਂ ਵਿਚ ਭਿੰਨਤਾ ਨਾ ਖ਼ਤਮ ਹੋਣ ਵਾਲੀ ਸੀ। ਇੰਜ ਸ਼ੁਰੂ ਤੋਂ ਹੀ ਬੋਰਡ ਵਿਚ ਏਕਤਾ ਦੀ ਘਾਟ ਸੀ। ਫਿਰ ਵੀ ਬੋਰਡ ਨੇ ਜਿਵੇਂ ਅਸੀਂ ਵੇਖਾਂਗੇ, ਭਰੋਸੇਯੋਗ ਤੇ ਲਾਹੇਵੰਦ ਸਿੱਟੇ ਕੱਢੇ।

ਬੋਰਡ ਦੇ ਹਰੇਕ ਮੈਂਬਰ ਨੂੰ ਉਸ ਦੀ ਰੁਚੀ ਅਤੇ ਇੱਛਾ ਤੇ ਮੁਤਾਬਕ ਕੰਮ ਦਿੱਤਾ ਗਿਆ ਸੀ। ਹੈਨਰੀ ਲਾਰੰਸ ਨੇ ਰਾਜਨੀਤਕ ਤੇ ਫੌਜੀ ਮਾਮਲਿਆਂ ਬਾਰੇ ਜ਼ਿੰਮੇਵਾਰੀ ਸੰਭਾਲੀ। ਉਸ ਦੇ ਕੰਮ ਵਿਚ ਰਾਜ ਦੇ ਲੋਕਾਂ ਤੇ ਹਥਿਆਰ ਲੈਣਾ ਖਾਲਸਾ ਫੌਜ ਤੋਂ ਸਰਹੱਦ ਦੀ ਸੁਰੱਖਿਆ, ਸੈਨਾ ਦਾ ਵਿਘਟਨ ਕਰਨਾ ਆਦਿ ਸ਼ਾਮਿਲ ਸਨ। ਉਸ ਨੇ ਉਨ੍ਹਾਂ ਦੇ ਜ਼ਖ਼ਮਾਂ ਨੂੰ ਮਲ੍ਹਮ ਪੱਟੀ ਤੇ ਰਾਜ਼ੀ ਕਰਨਾ ਸੀ ਜਿਹੜੇ ਸ਼ਕਤੀਆਂ ਖ਼ੁਸ਼ ਜਾਣ ਕਾਰਨ ਬਹੁਤ ਜ਼ਿਆਦਾ ਮਹਿਸੂਸ ਕਰ ਰਹੇ ਸਨ। ਜਾਨ ਲਾਰੈਂਸ ਨੂੰ ਵਿੱਤੀ ਵਿਭਾਗ ਦੇ ਜ਼ਮੀਨ ਦੇ ਫੈਸਲਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ। ਚਾਰਲਸ ਮੈਨਸਲ ਜਿਹੜਾ ਕਿ ਸੁਹਿਰਦ ਗੰਭੀਰ ਸ਼ਾਂਤ ਅਤੇ ਬਹੁਤ ਜ਼ਿਆਦਾ ਸੁਲਾਹ ਸਫਾਈ ਵਾਲਾ ਸੀ ਉਸ ਨੇ ਨਿਆਂ ਵਿਭਾਗ ਦਾ ਕੰਮ ਸੌਂਪਿਆਂ ਗਿਆ। ਉਹ ਬੋਰਡ ਤੇ ਜ਼ਿਆਦਾ ਸਮੇਂ ਲਈ ਨਹੀਂ ਟਿਕਿਆ ਤੇ ਉਸ ਦੀ ਥਾਂ 1851 ਵਿਚ ਰੋਬਰਟ ਮੌਂਟਗੁਮਰੀ ਨੇ ਲਈ। ਕੇਯ ਦੇ ਸ਼ਬਦਾਂ ਵਿਚ ਇਹ ਸਿਸਟਮ ਕੰਮ ਦੀ ਵੰਡ ਅਤੇ ਸਾਂਝੀ ਜ਼ਿੰਮੇਵਾਰੀ ਤੇ ਅਧਾਰਤ ਸੀ। ਇਕ ਦੂਜੇ ਦੇ ਕੰਮਾਂ ਲਈ ਹਰੇਕ ਜੁਆਬਦੇਹ ਸੀ। ਸਾਰੇ ਸਰਕਾਰੀ ਕਾਗ਼ਜ਼ ਤਿੰਨੇ ਮੈਂਬਰਾਂ ਵਿਚਕਾਰ ਸਰਕੁਲੇਟ ਕੀਤੇ ਜਾਂਦੇ ਸਨ ਅਤੇ ਹਰੇਕ ਮੈਂਬਰ ਮਸਲੇ ਤੇ ਆਪਣੇ ਵਿਚਾਰ ਦਰਜ ਕਰਦਾ ਸੀ ਜਿਹੜਾ ਕਿ ਉਸ ਦੇ ਸਾਹਮਣੇ ਆਉਂਦਾ

ਸੀ। ਇਸ ਤੋਂ ਬਾਅਦ ਮਸਲਿਆਂ ਤੇ ਬੋਰਡ ਵੱਲੋਂ ਵਿਚਾਰ-ਵਟਾਂਦਰਾ ਕੀਤਾ ਜਾਂਦਾ ਸੀ ਅਤੇ ਸਾਂਝੇ ਤੌਰ ਤੇ ਫੈਸਲਾ ਲਿਆ ਜਾਂਦਾ ਸੀ।

ਬੋਰਡ ਕੋਲ ਪੰਜਾਬ ਨਾਲ ਸੰਬੰਧਤ ਮਾਮਲਿਆਂ ਬਾਰੇ ਬਹੁਤ ਜ਼ਿਆਦਾ ਸ਼ਕਤੀਆਂ ਸਨ। ਨਵੇਂ ਸਿਸਟਮ ਵਿਚ ਬਹੁਤੀਆਂ ਮਰਿਆਦਾਵਾਂ ਜਾਂ ਔਖੇ ਕਾਨੂੰਨ ਜਿਹੜੇ ਕਿ ਲੋਕਾਂ ਦੀ ਸਮਝ ਤੋਂ ਪਰੇ ਹੋਣ ਨਹੀਂ ਸਨ। ਡਲਹੌਜ਼ੀ ਨੇ ਬਹੁਤ ਜ਼ਿਆਦਾ ਕਾਬਲ ਬ੍ਰਿਟਿਸ਼ ਅਧਿਕਾਰੀਆਂ ਦੀਆਂ ਸੇਵਾਵਾਂ ਬੋਰਡ ਦੇ ਹਵਾਲੇ ਕੀਤੀਆਂ।

**ਫੌਜੀ ਅਤੇ ਪੁਲਿਸ ਸੰਬੰਧੀ ਕੰਮ**

ਖਾਲਸਾਜ ਫੌਜ ਦੇ ਪਤਨ ਪਿਛੋਂ ਸਿੱਖ ਸਿਪਾਹੀ ਬੜੇ ਨਿਰਾਸ਼ ਸਨ। ਬ੍ਰਿਟਿਸ਼ ਸਰਕਾਰ ਨੇ ਨਾ ਕੇਵਲ ਉਨ੍ਹਾਂ ਕੋਲੋਂ ਹਥਿਆਰ ਲੈਣ ਦੀ ਯੋਜਨਾ ਬਣਾਈ ਸਗੋਂ ਉਨ੍ਹਾਂ ਨੂੰ ਅਮਨ ਅਤੇ ਖ਼ੁਸ਼ਹਾਲੀ ਦਾ ਜੀਵਨ ਜੀਣ ਲਈ ਪ੍ਰੇਰਿਤ ਕੀਤਾ। ਇਹ ਜ਼ਰੂਰੀ ਸਮਝਿਆ ਜਾਂਦਾ ਸੀ ਕਿ ਪੰਜਾਬ ਦੇ ਲੋਕਾਂ ਨੂੰ ਨਿਹੱਥੇ ਕੀਤਾ ਜਾਏ ਕਿਉਂਕਿ ਤਤਕਾਲ ਫੌਜੀ ਬਿਪਤਾਵਾਂ ਨੂੰ ਵੇਖ ਕੇ ਉਨ੍ਹਾਂ ਦੇ ਹੋਸ਼ ਗੁੰਮ ਹੋ ਗਏ ਸਨ। ਇਸ ਸੰਬੰਧ ਵਿਚ ਕੋਈ ਦੇਰੀ ਕਰਨਾ ਸਿੱਖ ਫੌਜ ਦੇ ਰੈਂਕਾਂ ਲਈ ਭੜਕਾਹਟ ਪੈਦਾ ਕਰ ਸਕਦੀ ਸੀ। ਇਸ ਐਲਾਨ ਦੁਆਰਾ ਉਨ੍ਹਾਂ ਨੂੰ ਆਪਣੇ ਹਥਿਆਰ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਅਤੇ ਸਾਰੇ ਪ੍ਰਾਈਵੇਟ ਕਿਲੇ ਅਤੇ ਕੋਟਾਂ ਨੂੰ ਢਾਹ ਦਿੱਤਾ ਗਿਆ। ਖਾਲਸਾ ਫੌਜ ਨੇ ਬਗੈਰ ਕਿਸੇ ਹੀਲ-ਹੁੱਜਤ ਦੇ ਆਪਣੇ ਹਥਿਆਰ ਸੁੱਟ ਦਿੱਤੇ, ਉਨ੍ਹਾਂ ਨੂੰ ਉਨ੍ਹਾਂ ਦੀ ਤਨਖ਼ਾਹ ਦੇ ਬਕਾਏ ਦੇ ਦਿੱਤੇ ਗਏ ਅਤੇ ਸੇਵਾ ਤੋਂ ਭਾਰ ਮੁਕਤ ਕਰ ਦਿੱਤਾ ਗਿਆ ਤਾਂ ਕਿ ਉਹ ਘਰ ਵਾਪਸ ਜਾ ਕੇ ਖੇਤੀ ਦਾ ਕਿੱਤਾ ਅਪਣਾ ਲੈਣ।

ਲੋਕਾਂ ਨੂੰ ਨਿਹੱਥੇ ਕਰਦੇ ਸਮੇਂ ਪਿੰਡਾਂ ਦੇ ਮੁਖੀਆਂ ਦੀ ਮਿਲਵਰਤਣ ਮੰਗੀ ਜਾਂਦੀ ਸੀ। ਜਿਲ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਕੋਈ ਤਲਾਸ਼ੀ ਵਾਲੇ ਵਾਰੰਟ ਜਾਂ ਕਿਸੇ ਹੋਰ ਕਰੜੇ ਢੰਗ ਨੂੰ ਨਾ ਅਪਣਾਇਆ ਜਾਏ। ਪਿੰਡਾਂ ਦੇ ਮੁਖੀਆਂ ਨੂੰ ਆਪਣੇ ਖੇਤਰਾਂ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਸੀ। ਅਚਾਨਕ ਬਹੁਤ ਸਾਰੇ ਲੋਕ ਆਪਣੇ ਆਪ ਹਥਿਆਰ ਦੇਣ ਲਈ ਹਾਜ਼ਰ ਹੋ ਗਏ। ਬੋਰਡ ਨੂੰ ਕੁਝ ਜਾਗੀਰਦਾਰਾਂ ਅਤੇ ਸਿੱਖਾਂ ਕੋਲੋਂ ਡਰ ਸੀ ਕਿਉਂਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਆਪਣੇ ਵਿਸ਼ਵਾਸ ਅਤੇ ਮਾਤ-ਭੂਮੀ ਲਈ ਬਹੁਤ ਸਖਤ ਲੜਾਈਆਂ ਲੜੀਆਂ ਸਨ। ਪ੍ਰੰਤੂ ਉਨ੍ਹਾਂ ਨੇ ਨਿਮਰਤਾ ਅਤੇ ਸ੍ਵੈ-ਇੱਛਾ ਨਾਲ ਸਮਰਪਣ ਕਰ ਦਿੱਤਾ।

**ਪੰਜਾਬ ਸਰਹੱਦੀ ਬਲ ਦਾ ਸੰਗਠਨ**

ਦਲੇਰ ਲੋਕਾਂ ਲਈ ਕੁਝ ਮੌਕੇ ਪ੍ਰਦਾਨ ਕਰਨ ਅਧੀਨ ਕੁਝ ਨਵੀਆਂ ਰੈਜਮੈਂਟਾਂ ਬਣਾਈਆਂ ਗਈਆਂ। ਇਸ ਨੇ ਪੰਜਾਬ ਬਲ ਦਾ ਮੂੰਹ-ਮੱਥਾ ਬਣਾਇਆ। ਪੰਜਾਬ ਦੀਆਂ ਉਤਰ -ਪੱਛਮੀ ਸਰਹੱਦਾਂ ਦੇ 800 ਮੀਲ ਲੰਬੇ ਖੇਤਰ ਵਿਚ ਵਿਦਰੋਹ ਆਦਿ ਨੂੰ ਦਬਾਉਣ ਲਈ ਅਤੇ ਸਰਹੱਦੀ ਕਬੀਲਿਆਂ ਨੂੰ ਦਬਾ ਹੇਠ ਰੱਖਣ ਲਈ ਇਕ ਬਲ ਜਿਸ ਨੂੰ ਪੰਜਾਬ ਸਰਹੱਦੀ ਬਲ ਕਿਹਾ ਜਾਂਦਾ ਸੀ ਖੜਾ ਕੀਤਾ ਗਿਆ। ਇਹ ਬਲ ਭਾਰਤ ਵਿੱਚ ਬ੍ਰਿਟਿਸ਼ ਝੰਡੇ ਥੱਲੇ ਕੀਤਾ। ਪੰਜਾਬੀ ਫੌਜੀਆਂ ਦੀ ਇਹ ਸਭ ਤੋਂ ਵਧੀਆ ਸੰਸਥਾ ਸੀ। ਖਾਸ ਕਰਕੇ ਘੋੜ ਸਵਾਰੀ ਤੇ ਪੈਦਲ ਸੈਨਾ ਮਾਅਰਕੇ ਦੀ ਸੀ। ਇਹ ਤੇਜ਼ ਹਿਲਜੁਲ ਵਾਲੀ ਸੀ ਅਤੇ ਸਿਵਲ ਅਧਿਕਾਰੀਆਂ ਦੇ ਅਧੀਨ ਸੀ। ਕੁਝ ਕੱਢੇ ਹੋਏ ਸਿੱਖ ਸਿਪਾਹੀ ਜਿਹੜੇ ਕੋਈ ਹੋਰ ਧੰਦਾ ਨਹੀਂ ਕਰਨਾ ਚਾਹੁੰਦੇ ਸਨ ਪੰਜਾਬ ਸਰਹੱਦੀ ਬਲ ਵਿਚ ਸ਼ਾਮਲ ਹੋ ਗਏ।

**ਪੁਲਿਸ ਬਲ ਦਾ ਸੰਗਠਨ**

ਇਕ ਪ੍ਰਭਾਵਸ਼ਾਲੀ ਪੁਲਿਸ ਬਲ ਜਿਸ ਵਿਚ 8100 ਆਦਮੀ ਸਨ ਡਾਕੂਆਂ ਅਤੇ ਠੱਗਾਂ ਨਾਲ ਨਿਪਟਣ ਲਈ ਕਾਇਮ ਕੀਤਾ ਗਿਆ। ਪੁਲਿਸ ਦੀ ਮਦਦ ਨਾਲ ਬੋਰਡ ਨੇ ਇਨ੍ਹਾਂ ਸਮਾਜ ਵਿਰੋਧੀ ਤੱਤਾਂ ਦਾ ਪੰਜਾਬ ਤੋਂ ਸਫਾਇਆ ਕਰ ਦਿੱਤਾ। ਪੁਲਿਸ ਸੰਗਠਨ ਦਾ ਇਕ ਤੱਤ ਇਹ ਸੀ ਕਿ ਤਹਿਸੀਲਦਾਰ ਜਾਂ ਹੋਰ ਕਰ ਇਕੱਠਾ ਕਰਨ ਵਾਲੇ ਅਧਿਕਾਰੀਆਂ ਕੋਲ ਉਨ੍ਹਾਂ ਦੇ ਖੇਤਰ ਵਿਚ ਪੁਲਿਸ ਅਧਿਕਾਰ ਵੀ ਸਨ। ਪਹਿਲੀ ਪੰਜਾਬ ਪ੍ਰਬੰਧ ਰਿਪੋਰਟ ਵਿਚ ਦਰਜ ਕੀਤਾ ਗਿਆ ਹੈ ਕਿ ਪੁਲਿਸ ਉਸ (ਤਹਿਸੀਲਦਾਰ) ਦੇ ਅਧੀਨ ਹੈ ਪਰੰਤੂ ਉਹ ਉਨ੍ਹਾਂ ਨੂੰ ਹਟਾ ਨਹੀਂ ਸੀ ਸਕਦਾ। ਉਸ ਨੇ ਉਨ੍ਹਾਂ ਤੇ ਕਾਬੂ ਪਾਉਣਾ ਹੈ ਜੇਕਰ ਭਰਿਸ਼ਟ ਹੋਣ, ਉਹ ਜ਼ਿੰਮੇਵਾਰ ਹੈ ਕਿ ਉਹ ਰਾਜ ਲਈ ਵਫ਼ਾਦਾਰ ਰਹਿਣ ਅਤੇ ਆਪਣੇ ਲੋਕਾਂ ਨੂੰ ਤੰਗ ਨਾ ਕਰਨ। ਉਨ੍ਹਾਂ ਨੇ ਉਸ ਵਿਚ ਸ਼ਕਤੀ ਅਤੇ ਈਮਾਨਦਾਰੀ ਪੈਦਾ ਕਰਨੀ ਹੈ ਤਾਂ ਕਿ ਬਗ਼ੈਰ ਦਬਾਅ ਤੋਂ ਠੀਕ ਢੰਗ ਨਾਲ ਆਪਣੇ ਕਾਰਜ ਕਰਨ। ਇਸ ਸਮੇਂ ਦੇ ਦੌਰਾਨ ਪੁਲਿਸ ਨੇ ਡਾਕੂਆਂ, ਚੋਰਾਂ, ਸਮਾਜ ਦੇ ਗੁੰਡਿਆਂ ਨਾਲ ਠੀਕ ਢੰਗ ਨਾਲ ਨਿਪਟਣ ਵਿਚ ਬਹੁਤ ਜ਼ਿਆਦਾ ਮੁਹਾਰਤ ਹਾਸਲ ਕਰ ਲਈ।

**ਸਿਵਲ ਪ੍ਰਬੰਧ**

ਉਨ੍ਹਾਂ ਨੇ ਸੱਚੀ ਸ਼ੁਹਰਤ ਵਾਲੇ ਬੰਦਿਆਂ ਤੇ ਕਰੜੀ ਨਿਗਾਹ ਰੱਖੀ। ਸੰਬੰਧਤ ਹਲਕਿਆਂ ਵਿਚ ਅਮਨ ਵਾਸਤੇ ਕਬੀਲੇ ਦੇ ਸਰਦਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਸੀ। ਭੈੜੇ ਲੋਕਾਂ ਦੇ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਬਾਵਜੂਦ ਇਸ ਪ੍ਰਬੰਧ ਨੇ ਕਬੀਲੇ ਦੇ ਸਰਦਾਰਾਂ ਤੇ ਗ਼ਲਬਾ ਪਾਉਣ ਦੀ ਕੋਸ਼ਿਸ਼ ਕੀਤੀ।

ਅਫਰੀਦੀਆਂ ਨੂੰ ਜਿਹੜਾ ਕਿ ਇਕ ਲੜਾਕਾ ਕਬੀਲਾ ਸੀ, ਮੁਫ਼ਤ ਡੰਗਰ ਚਾਰਨ ਦੀ ਆਗਿਆ ਦਿੱਤੀ ਗਈ। ਜ਼ਿਲ੍ਹਾ ਅਧਿਕਾਰੀਆਂ ਨੂੰ ਸਰਹੱਦੀ ਖੇਤਰ ਦੇ ਵਾਸੀਆਂ ਨਾਲ ਦੋਸਤਾਨਾ ਸੰਬੰਧ ਸਥਾਪਿਤ ਕਰਨ ਲਈ ਕਿਹਾ ਗਿਆ। ਨਵੀਂ ਸਰਕਾਰ ਨੇ ਸਰਹੱਦ ਦੇ ਨਾਲ ਕਈ ਛਾਉਣੀਆਂ ਬਣਾਈਆਂ ਅਤੇ ਫੌਜ ਦੀ ਆਵਾਜਾਈ ਨੂੰ ਆਸਾਨ ਬਣਾਉਣ ਲਈ ਬਹੁਤ ਸਾਰੀਆਂ ਸੜਕਾਂ ਬਣਾਈਆਂ। ਪਿਸ਼ਾਵਰ ਨੂੰ ਲਾਹੌਰ ਨਾਲ ਮਿਲਾਉਣ ਲਈ ਜੀ ਟੀ ਰੋਡ ਬਣਾਉਣ ਲਈ ਯੋਜਨਾ ਬਣਾਈ ਗਈ।

ਹੈਨਰੀ ਲਾਰੰਸ ਇਕ ਮਜ਼ਬੂਤ ਅਤੇ ਸਥਿਰ ਸਰਹੱਦ ਬਣਾ ਰਿਹਾ ਸੀ। ਜਾਨ ਲਾਰੰਸ ਨੇ ਪੰਜਾਬ ਦੀ ਆਰਥਿਕ ਸਥਿਤੀ ਨੂੰ ਪੱਕੇ ਪੈਰਾਂ ਤੇ ਲਿਆਉਣ ਲਈ ਖਾਸ ਧਿਆਨ ਦਿੱਤਾ। ਮੈਂਨਸਲ ਨਿਆਇਕ ਪ੍ਰਬੰਧਾਂ ਵਿਚ ਡਟਿਆ ਹੋਇਆ ਸੀ।

**(1) ਨਿਆਂ ਪ੍ਰਬੰਧ**

ਬੋਰਡ ਵੱਲੋਂ ਚਾਲੂ ਕੀਤਾ ਗਿਆ ਨਿਆਂ ਸਿਸਟਮ ਸਾਧਾਰਣ ਤੇ ਸ਼ਕਤੀਸ਼ਾਲੀ ਸੀ ਅਤੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਦਾ ਸੀ। ਅਦਾਲਤਾਂ ਦੇ ਕੰਮ ਕਾਨੂੰਨੀ ਕਾਰਵਾਈਆਂ ਦੀਆਂ ਅੜਚਣਾਂ ਤੋ ਮੁਕਤ ਸਨ ਵਕੀਲਾਂ ਦੀ ਅਣਹੋਂਦ ਅਤੇ ਪੇਂਡੂ ਪੰਚਾਇਤਾਂ ਦੀ ਮਾਨਤਾ ਪੰਜਾਬ ਦੇ ਵਾਸੀਆਂ ਦੀਆਂ ਲੋੜਾਂ ਦੇ ਅਨੁਕੂਲ ਸੀ। ਲੋਕ ਤੁਰੰਤ ਇਨਸਾਫ਼ ਚਾਹੁੰਦੇ ਸਨ। ਬੋਰਡ ਦਾ ਨਿਆਂ ਸਿਸਟਮ ਪੰਜਾਬ ਵਾਸੀਆਂ ਦੇ ਰੀਤੀ ਰਿਵਾਜਾਂ ਅਤੇ ਪ੍ਰੰਪਰਾਵਾਂ ਤੇ ਆਧਾਰਤ ਸੀ। ਨਿਆਂ ਸਿਸਟਮ ਇਤਨਾ ਸਾਧਾਰਨ ਸੀ ਕਿ ਹਰੇਕ ਆਦਮੀ ਆਪਣਾ ਕੇਸ ਆਪ ਲੜ ਸਕਦਾ ਸੀ ਜਾਂ ਬਾਹਰੀ ਮਦਦ ਤੋਂ ਬਗ਼ੈਰ ਆਪਣੀ ਰਖਿਆ ਕਰ ਸਕਦਾ ਸੀ। ਬੋਰਡ ਨੇ ਦੇਸ਼ ਵਾਸੀਆਂ ਦੀਆਂ ਸੰਸਥਾਵਾਂ ਜਿਵੇਂ ਪੰਚਾਇਤ ਆਦਿ ਨੂੰ ਖ਼ਤਮ ਨਹੀਂ ਕੀਤਾ ਗਿਆ ਸਗੋਂ ਉਨ੍ਹਾਂ ਨੇ ਇਨ੍ਹਾਂ ਦਾ ਵਿਕਾਸ ਕੀਤਾ ਅਤੇ ਹਰਮਨ ਪਿਆਰਾ ਬਣਾਇਆ। ਬੋਰਡ ਨੇ ਪੰਚਾਂ ਦੀਆਂ ਕਾਰਵਾਈਆਂ ਨੂੰ ਨਿਯਮਤ ਕਰਨ ਲਈ ਨਿਯਮਾਂ ਦਾ ਇਕ ਵਿਸਥਾਰਮਈ ਕੋਡ ਬਣਾਇਆ ਅਤੇ ਜਿਲ੍ਹਾ ਅਧਿਕਾਰੀਆਂ ਨੂੰ ਪੰਚਾਇਤਾਂ ਦੇ ਕੰਮ ਕਾਜ ਦੀ ਨਿਗਰਾਨੀ ਕਰਨ ਲਈ ਕਿਹਾ ਗਿਆ।

ਬੋਰਡ ਵੱਲੋਂ ਤਿਆਰ ਕੀਤੇ ਗਏ ਕਾਨੂੰਨੀ ਕੋਡ ਨੇ ਸਾਧਾਰਨ ਹਿੰਦੂ-ਮੁਸਲਮਾਨ ਕਾਨੂੰਨ ਨੂੰ ਉਸੇ ਤਰ੍ਹਾਂ ਚਲਣ ਦਿੱਤਾ ਜਿਵੇਂ ਕਿ ਵਿਰਾਸਤ, ਔਰਤਾਂ ਦੀ ਜਾਇਦਾਦ, ਵਿਆਹ, ਤਲਾਕ, ਮੁਤਬੰਨਾ ਆਦਿ।

ਕਾਨੂੰਨੀ ਕੋਡ, ਜਦੋਂ ਇਹ ਬਣਾਇਆ ਉਸ ਸਮੇਂ ਅਨੁਸਾਰ ਠੀਕ ਸੀ। ਇਸ ਨੇ ਸੂਬੇ ਨੂੰ ਹਿੰਦੂ ਮੁਸਲਮਾਨਾਂ ਦੀਆਂ ਗੁੰਝਲਦਾਰ ਕਾਨੂੰਨੀ ਅੜਚਨਾਂ ਤੋਂ ਬਚਾਇਆ ਅਤੇ ਇਹ ਅੰਗਰੇਜ਼ੀ ਕਾਨੂੰਨ ਵਿਰੁੱਧ ਰੋਕ ਸਾਬਤ ਹੋਇਆ। ਐਚੀਸ਼ਨ ਦੇ ਸ਼ਬਦਾਂ ਵਿਚ ਬੋਰਡ ਦੇ ਇਸ ਕੰਮ ਨੇ ਇਹ ਜ਼ਰੂਰੀ ਬਣਾ ਦਿੱਤਾ ਕਿ ਸਰਕਾਰ ਭਵਿੱਖ ਵਿਚ ਕਾਨੂੰਨ ਬਣਾਉਣ ਸਮੇਂ ਸੂਬੇ ਦੇ ਰੀਤੀ ਰਿਵਾਜਾਂ ਦਾ ਧਿਆਨ ਜ਼ਰੂਰ ਰੱਖੇ।

**(2) ਭੂਮੀ ਸੁਧਾਰ (Agrarian Reforms )**

ਲਾਹੌਰ ਦਰਬਾਰ ਦੀ ਫੌਜ ਤੋੜਨ ਨਾਲ ਬੇਰੁਜ਼ਗਾਰੀ ਦੀ ਮਾਤਰਾ ਬਹੁਤ ਵੱਧ ਗਈ। ਜ਼ਮੀਨ ਉਤੇ ਕੰਮ ਕਰਨ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਸੀ। ਕਿਸਾਨਾਂ ਨੇ ਭੂਮੀ ਕਰ ਘਟਾਉਣ ਲਈ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ। ਸਰਕਾਰ ਨੇ ਭੂਮੀ ਸੁਧਾਰ ਅਧਿਕਾਰੀਆਂ ਨੂੰ ਕਾਸ਼ਤਕਾਰਾਂ ਦੀ ਆਰਥਿਕ ਸਥਿਤੀ, ਉਨ੍ਹਾਂ ਦੀਆਂ ਆਦਤਾਂ ਤੇ ਰੀਤੀ ਰਿਵਾਜਾਂ ਬਾਰੇ ਸੂਚਿਤ ਕਰਨ ਲਈ ਕਿਹਾ। ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਭੂਮੀ ਕਰ ਕਾਫ਼ੀ ਘਟਾ ਦਿੱਤਾ ਗਿਆ ਤੇ ਉਨ੍ਹਾਂ ਦੇ ਹੱਕਾਂ ਨੂੰ ਦਰਜ ਕੀਤਾ ਗਿਆ। ਭੂਮੀ ਕਰ ਵਿਚ ਕਮੀ ਕਰਨ ਦੇ ਬਾਵਜੂਦ ਕਿਸਾਨਾਂ ਦੀ ਹਾਲਤ ਸੁਧਰ ਨਾ ਸਕੀ। ਨਵੇਂ ਸਿਸਟਮ ਅਧੀਨ ਕਿਸਾਨਾਂ ਨੂੰ ਪੁਰਾਣੀ ਰੀਤੀ ਦੇ ਉਲਟ ਭੂਮੀ ਕਰ ਨਕਦੀ ਦੇ ਰੂਪ ਵਿਚ ਦੇਣਾ ਪਿਆ। ਫਸਲ ਦੀ ਥਾਂ ਨਕਦ ਰਕਮ ਦੇਣ ਨਾਲ ਖੇਤੀਬਾੜੀ ਕਰਨ ਵਾਲਿਆਂ ਤੇ ਬੁਰਾ ਪ੍ਰਭਾਵ ਪਿਆ ਕਿਉਂਕਿ ਪੰਜਾਬ ਤੇ ਕਬਜ਼ਾ ਕਰਨ ਪਿੱਛੇ ਭੂਮੀ ਉਤਪਾਦਨ ਬੜੀ ਤੇਜ਼ੀ ਨਾਲ ਵਧਿਆ ਤੇ ਫਲਸਰੂਪ ਫਸਲਾਂ ਦੇ ਭਾਅ ਵੀ ਡਿਗ ਪਏ। ਕਿਸਾਨਾਂ ਨੂੰ ਸਰਕਾਰ ਦਾ ਹਿੱਸਾ ਨਕਦੀ ਦੇਣਾ ਔਖਾ ਹੋ ਗਿਆ।

ਕਾਸ਼ਤਕਾਰ ਆਪਣੀਆਂ ਜਿਨਸਾਂ ਨੂੰ ਜ਼ਿਆਦਾ ਮੁੱਲ ਲੈਣ ਲਈ ਇਕ ਥਾਂ ਤੋ ਦੂਜੀ ਥਾਂ ਨਹੀਂ ਲੈ ਸਕਦੇ ਸਨ। ਕਾਸ਼ਤਕਾਰਾਂ ਨੇ ਆਪਣੀ ਮਾੜੀ ਹਾਲਤ ਨੂੰ ਨਕਦ ਭੁਗਤਾਨ ਸਿਸਟਮ ਨਾਲ ਜੋੜਿਆ। ਉਨ੍ਹਾਂ ਨੇ ਪੁਰਾਣੀ ਰੀਤੀ ਅਨੁਸਾਰ ਰਾਜ ਦਾ ਹਿੱਸਾ ਫਸਲ ਦੇ ਰੂਪ ਵਿਚ ਦੇਣ ਦੀ ਮੰਗ ਨੂੰ ਦੁਬਾਰਾ ਲਾਗੂ ਕਰਨ ਲਈ ਕਿਹਾ। ਜਾਨ ਲਾਰੰਸ ਜਿਹੜਾ ਇਸ ਵਿਭਾਗ ਦਾ ਇੰਚਾਰਜ ਸੀ ਨੇ ਸਿਸਟਮ ਵਿਚ ਨਰਮੀ ਵਰਤਣ ਤੋਂ ਇਨਕਾਰ ਕਰ ਦਿੱਤਾ। ਹੈਨਰੀ ਅਸਲ ਵਿਚ ਇਸ ਨਵੇਂ ਸਿਸਟਮ ਨੂੰ ਮੁਅੱਤਲ ਕਰਨਾ ਚਾਹੁੰਦਾ ਸੀ ਭਾਵੇਂ ਆਰਜ਼ੀ ਤੌਰ ਤੇ ਇਸ ਦਾ ਮੰਤਵ ਭੂਮੀ ਦੇ ਵਾਹਕਾਂ ਦੀਆਂ ਔਕੜਾਂ ਦੂਰ ਕਰਨਾ ਸੀ ਅੰਤ ਜਾਨ ਲਾਰੈਂਸ ਨੇ ਡੱਟ ਕੇ ਇਸ ਦਾ ਵਿਰੋਧ ਕੀਤਾ।

ਇਸ ਮਸਲੇ ਤੇ ਦੋਵੇਂ ਭਰਾਵਾਂ ਵਿਚਕਾਰ ਪਹਿਲੀ ਗੰਭੀਰ ਝੜੱਪ ਹੋਈ। ਲਾਰਡ ਡਲਹੌਜੀ ਗਵਰਨਰ ਜਨਰਲ ਨੇ ਜਾਨ ਲਾਰੰਸ ਦੇ ਵਿਚਾਰ ਨੂੰ ਹਮੇਸ਼ਾਂ ਭਰਵੀਂ ਮਦਦ ਦਿੱਤੀ ਤੇ ਹੈਨਰੀ ਲਾਰੰਸ ਵੱਲੋਂ ਕੀਤੀ ਗਈ ਕਾਰਵਾਈ ਨੂੰ ਮੱਠਾ ਹੁੰਗਾਰਾ ਦਿੱਤਾ।

ਸੂਬੇ ਤੋਂ ਸਰਕਾਰ ਦੀ ਆਮਦਨ ਦਾ ਮੁੱਖ ਸਾਧਨ ਖੇਤੀਬਾੜੀ ਸੀ। ਸਰਕਾਰ ਨੇ ਨਹਿਰੀ ਸਿੰਚਾਈ ਲਈ ਨਦੀਆਂ ਅਤੇ ਦਰਿਆਵਾਂ ਦਾ ਠੀਕ ਉਪਯੋਗ ਕਰਨ ਬਾਰੇ ਸੋਚਿਆ। ਕਿਸਾਨਾਂ ਨੂੰ ਅਕਾਲ ਆਦਿ ਦੇ ਭੈ ਤੋਂ ਮੁਕਤ ਕਰਾਉਣ ਲਈ ਬੋਰਡ ਨੇ ਸਿੰਚਾਈ ਦੇ ਢੰਗਾਂ ਵਿਚ ਸੁਧਾਰ ਕਰਨ ਲਈ ਪ੍ਰਬੰਧ ਕੀਤੇ। ਸ਼ਾਹੀ ਨਹਿਰ ਤੇ ਬਾਰੀ ਦੁਆਬ ਨਹਿਰ ਨੂੰ ਵਧਾਇਆ ਗਿਆ। ਹੈਨਰੀ ਹੋਰ ਨਹਿਰਾਂ ਖੋਦਣੀਆਂ ਚਾਹੁੰਦਾ ਸੀ ਪਰੰਤੂ ਉਸ ਦਾ ਭਰਾ ਜਾਨ ਲਾਰੰਸ ਸਾਰੀਆਂ ਸਕੀਮਾਂ ਨੂੰ ਬੋਰਡ ਦੇ ਵਿੱਤੀ ਸਾਧਨਾਂ ਅੰਦਰ ਹੀ ਚਾਹੁੰਦਾ ਸੀ। ਹੈਨਰੀ ਦਾ ਇਹ ਵਿਚਾਰ ਸੀ ਕਿ ਇਹ ਯੋਜਨਾ ਅੰਤ ਵਿਚ ਸੂਬੇ ਦੇ ਮਾਲੀ ਸਾਧਨਾਂ ਵਿਚ ਯੋਗਦਾਨ ਪਾ ਸਕਦੀ ਸੀ ਪਰੰਤੂ ਜਾਨ ਨੇ ਇਸ ਨੂੰ ਤੰਗ ਅਰਥ-ਵਿਵਸਥਾ ਦੇ ਰੂਪ ਵਿਚ ਸੋਚਿਆ।

ਟੈਕਸਾਂ ਦਾ ਬੋਝ ਘੱਟ ਕਰਨ ਦੇ ਉਦੇਸ਼ ਨਾਲ ਘਰ ਟੈਕਸ ਖ਼ਤਮ ਕਰ ਦਿੱਤਾ ਗਿਆ, ਭਾਵੇਂ ਸ਼ਹਿਰਾ ਵਿਚ ਚੁੰਗੀ ਕਰ ਲਗਾ ਦਿੱਤੇ ਗਏ। ਬੋਰਡ ਨੇ ਕਾਂਗੜਾ ਪਹਾੜੀ ਦੀ ਚਾਹ ਦੀ ਕਾਸ਼ਤ ਨੂੰ ਬੜ੍ਹਾਵਾ ਦਿੱਤਾ। ਸਰਹੱਦ ਦੀ ਸੁਰੱਖਿਆ ਦੇ ਖਰਚੇ ਸੂਬੇ ਦੇ ਸਾਧਨਾਂ ਤੇ ਹੀ ਬੋਰਡ ਵਲੋਂ ਕੀਤੇ ਜਾਂਦੇ ਸਨ। ਫਿਰ ਵੀ ਬੋਰਡ ਦੇ ਪਹਿਲੇ ਤਿੰਨ ਸਾਲਾਂ ਦੇ ਪ੍ਰਬੰਧ ਦੌਰਾਨ 52 ਲੱਖ, 64 ਲੱਖ ਅਤੇ 70 ਲੱਖ ਰੁਪਏ ਦੀ ਬੱਚਤ ਕੀਤੀ।

**(3) ਪੁਰਾਣੇ ਜਗੀਰਦਾਰਾ ਨਾਲ ਵਰਤਾਊ**

1852 ਵਿਚ ਬੋਰਡ ਦੇ ਸਾਹਮਣੇ ਪੁਰਾਣੇ ਜਾਗੀਰਦਾਰਾਂ ਦੇ ਵਰਤਾਉ ਦਾ ਪ੍ਰਸ਼ਨ ਵਿਚਾਰ ਵਟਾਂਦਰੇ ਲਈ ਆਇਆ। ਦੋਵੇਂ ਲਾਰੈਂਸ ਭਰਾਵਾਂ ਵਿਚਕਾਰ ਭਿੰਨਤਾ ਕਾਰਨ ਇਹ ਸਮੱਸਿਆ ਗੰਭੀਰ ਰੂਪ ਧਾਰਨ ਕਰ ਗਈ। ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਸਾਰੇ ਸਰਦਾਰਾਂ ਨੂੰ ਸੈਨਿਕ ਅਤੇ ਗੈਰ-ਸੈਨਿਕ ਸੇਵਾਵਾਂ, ਵਿਚ ਉਘੇ ਯੋਗਦਾਨ ਵਜੋਂ ਜਗੀਰਾਂ ਦਿੱਤੀਆਂ ਸਨ। ਰਣਜੀਤ ਸਿੰਘ ਦੇ ਰਸਾਲੇ ਦਾ ਇਕ ਹਿੱਸਾ ਜਾਗੀਰਦਾਰਾਂ ਦੇ ਸੈਨਿਕ ਦਲਾਂ ਦਾ ਬਣਿਆ ਹੋਇਆ ਸੀ। ਲਾਹੌਰ ਦਰਬਾਰ ਦੀ ਇਹ ਰਵਾਇਤ ਸੀ ਕਿ ਮੰਤਰੀਆਂ ਤੇ ਰਾਜ ਦੇ ਕਰਮਚਾਰੀਆਂ ਨੂੰ ਤਨਖ਼ਾਹਾਂ ਜਗੀਰਾਂ ਦੇ ਰੂਪ ਵਿਚ ਭੂਮੀ ਦੇ ਕੇ ਦਿੱਤੀ ਜਾਂਦੀ। ਪੈਨਸ਼ਨਾਂ ਅਤੇ ਦਾਨ ਆਦਿ ਲਈ ਵੀ ਭੂਮੀ ਅਲਾਟ ਕੀਤੀ ਜਾਂਦੀ ਸੀ।

ਪ੍ਰਸ਼ਨ ਉਠਿਆ ਕਿ ਇਨ੍ਹਾਂ ਜਗੀਰਾਂ ਦੀ ਦੇਖ ਭਾਲ ਦੇ ਲਗਾਨ ਕਿਸ ਤਰਾਂ ਲਿਆ ਜਾਵੇ। ਹੈਨਰੀ ਨੇ ਇਸ ਸਮੱਸਿਆਂ ਤੇ ਵਿੱਤੀ ਪੱਖ ਤੋਂ ਦੇਖਣ ਦੀ ਥਾਂ ਰਾਜਨੀਤਕ ਉਪਾਊ ਵਜੋਂ ਦੇਖਿਆ। ਉਸ ਨੂੰ ਭਰੋਸਾ ਸੀ ਕਿ ਲਾਹੌਰ ਦਰਬਾਰ ਦੇ ਜਗੀਰਦਾਰਾਂ ਅਤੇ ਸਰਦਾਰਾਂ ਨਾਲ ਨਿਮਰਤਾ ਵਾਲਾ ਵਰਤਾਊ ਕਰਕੇ ਉਹ ਬ੍ਰਿਟਿਸ਼ ਸੱਤਾ ਦੀਆਂ ਜੜ੍ਹਾਂ ਪੱਕੀਆਂ ਕਰ ਸਕਦੇ ਸਨ। ਉਸ ਨੇ ਇਸ ਲਈ ਸਿਫਾਰਸ਼ ਕੀਤੀ ਕਿ ਪਹਿਲੀਆਂ ਜਗੀਰਾਂ ਨੂੰ ਲੱਗੀਆਂ ਰਹਿਣ ਦੇਣਾ ਚਾਹੀਦਾ ਹੈ। ਅੰਤ ਜਾਨ ਲਾਰੈਂਸ ਨੇ ਇਸ ਸਾਰੇ ਮਾਮਲੇ ਨੂੰ ਹੋਰ ਪੱਖ ਤੋਂ ਵੇਖਿਆ। ਉਸ ਦੇ ਮਨ ਵਿਚ ਜਾਗੀਰਦਾਰਾਂ ਵਿਚ ਕੋਈ ਨਰਮੀ ਨਹੀਂ ਸੀ। ਉਸ ਨੇ ਮਹਿਸੂਸ ਕੀਤਾ ਉਹ ਲੋਕ ਨਿਕੰਮੇ ਹਨ ਜਿਹੜੇ ਇਮਾਨਦਾਰ ਕਿਸਾਨਾਂ ਦੇ ਖ਼ੂਨ ਤੇ ਪਲਦੇ ਹਨ ਅਤੇ ਉਨ੍ਹਾਂ ਨੇ ਰਾਜ ਦੇ ਖ਼ਜ਼ਾਨੇ ਤੇ ਬੋਝ ਪਾ ਰਖਿਆ ਸੀ ਅਤੇ ਉਹ ਲੋਕਾਂ ਤੇ ਦਿਆਲੂ ਬ੍ਰਿਟਿਸ਼ ਸਰਕਾਰ ਵਿਚਕਾਰ ਖੜੇ ਸਨ। ਜਾਨ ਲਾਰੈਂਸ ਦਾ ਮੱਤ ਸੀ ਕਿ ਜਾਗੀਰਦਾਰਾਂ ਨੂੰ ਗੁਜ਼ਾਰੇ ਤੋਂ ਵੱਧ ਕੁਝ ਨਹੀਂ ਦੇਣਾ ਚਾਹੀਦਾ। ਜਿਤਨੀ ਸ਼ਕਤੀ ਉਨ੍ਹਾਂ ਕੋਲ ਘੱਟ ਹੋਵੇਗੀ ਉਤਨਾ ਜ਼ਿਆਦਾ ਚੰਗਾ ਹੋਵੇਗਾ। ਜਾਨ ਦੇ ਵਿਚਾਰ ਬਲ ਪਕੜ ਗਏ ਅਤੇ ਇਸ ਨਾਲ ਧਨਾਢ ਸਿੱਖ ਸਰਦਾਰ ਤਬਾਹ ਹੋ ਗਏ ਜਿਨ੍ਹਾਂ ਦੀ ਹੈਨਰੀ ਉਤਸੁਕਤਾ ਨਾਲ ਰਖਿਆ

ਤੇ ਮਦਦ ਕਰਨਾ ਚਾਹੁੰਦਾ ਸੀ।

ਜਾਗੀਰਦਾਰਾਂ ਨਾਲ ਵਰਤਾਉ ਬਾਰੇ ਦੋਵੇਂ ਭਰਾਵਾਂ ਵਿਚ ਕਾਫ਼ੀ ਜ਼ਿਆਦਾ ਭਿੰਨਤਾ ਸੀ। ਸਥਿਤੀ ਹੋਰ ਜ਼ਿਆਦਾ ਵਿਗੜ ਗਈ ਤੇ ਬੋਰਡ ਦੇ ਤੀਜੇ ਮੈਂਬਰ ਮੌਂਟਗੁਮਰੀ ਨੂੰ ਡਰ ਸੀ ਕਿ ਮੀਟਿੰਗ ਵਿਚ ਦੋਵੇਂ ਭਰਾਵਾਂ ਦੀ ਸ਼ਬਦੀ ਲੜਾਈ ਹੱਥੋਪਾਈ ਵਿਚ ਬਦਲ ਸਕਦੀ ਸੀ।

**ਬੋਰਡ ਦਾ ਖ਼ਾਤਮਾ**

ਹੈਨਰੀ ਨੇ ਸ਼ਿਕਾਇਤ ਕੀਤੀ ਕਿ ਜਾਨ ਲਾਰੰਸ ਦੀ ਸਭ ਤੇ ਵੱਡੀ ਗ਼ਲਤੀ ਆਪਣੇ ਫੈਸਲੇ ਤੇ ਭਰੋਸਾ ਕਰਨ ਤੇ ਦੂਜਿਆਂ ਦੇ ਵਿਚਾਰਾਂ ਨੂੰ ਨਾ ਮੰਨਣਾ ਸੀ। ਉਸ ਨੇ ਡਲਹੌਜੀ ਦੁਆਰਾ ਕੀਤੇ ਗਏ ਅਸੰਤੁਸ਼ਟ ਵਰਤਾਉ ਦੀ ਵੀ ਸ਼ਿਕਾਇਤ ਕੀਤੀ ਅਤੇ ਦੱਸਿਆ ਕਿ ਤਿੰਨ ਸਾਲਾਂ ਲਈ ਬੋਰਡ ਦਾ ਮੈਂਬਰ ਰਹਿੰਦੇ ਸਮੇਂ ਉਹ ਸੁੱਖ ਦੀ ਨੀਂਦ ਨਹੀਂ ਸੁੱਤਾ। ਮਈ 1852 ਤਕ ਸਥਿਤੀ ਕਾਬੂ ਤੋ ਬਾਹਰ ਹੋ ਗਈ ਅਤੇ ਦੋਵੇਂ ਭਰਾਵਾਂ ਨੇ ਅਸਤੀਫ਼ੇ ਦੇ ਦਿੱਤੇ। ਦੋਨਾਂ ਨੇ ਹੈਦਰਾਬਾਦ ਰੈਜੀਡੈਂਸੀ ਦੀ ਖਾਲੀਂ ਅਸਾਮੀ ਤੇ ਬਦਲੀ ਲਈ ਡਲਹੋਜੀ ਨੂੰ ਲਿਖਿਆ। ਹੈਨਰੀ ਨੂੰ ਪੰਜਾਬ ਵਿਚੋਂ ਬਦਲ ਦਿੱਤਾ ਗਿਆ ਅਤੇ ਇਕ ਘਟੀਆ ਰੈਜੀਡੈਂਸੀ ਰਾਜਪੂਤਾਨਾ ਵਿਖੇ ਭੇਜ ਦਿੱਤਾ ਗਿਆ ਅਤੇ ਜਾਨ ਨੂੰ ਪੰਜਾਬ ਵਿਚ ਹੀ ਚੀਫ਼ ਕਮਿਸ਼ਨਰ ਦੇ ਤੌਰ ਤੇ ਜਿਸ ਦੇ ਅਧੀਨ ਨਿਆਂ ਅਤੇ ਵਿੱਤ ਕਮਿਸ਼ਨਰ ਹੋਣਗੇ ਰਹਿਣ ਲਈ ਕਿਹਾ ਗਿਆ। ਹੈਨਰੀ ਨੂੰ ਪੰਜਾਬ ਤੋਂ ਬਾਹਰ ਭੇਜ ਦਿੱਤਾ ਗਿਆ ਤੇ ਕਿਹਾ ਗਿਆ ਕਿ ਉਹ ਪੰਜਾਬ ਤੇ ਰਾਜ ਕਰਨ ਲਈ ਪੂਰਣ ਤਜ਼ਰਬੇ ਕਾਰ ਅਤੇ ਯੋਗ ਸਿਵਲ ਅਧਿਕਾਰੀ ਨਹੀਂ ਸੀ" ਇਹ ਹੈਨਰੀ ਵਾਸਤੇ ਵਰਣਨਯੋਗ ਟਿੱਪਣੀ ਸੀ ਕਿ ਪੰਜਾਬ ਵਿਚ ਜਾਂ ਇਸਦੇ ਪਾਸ ਇਕ ਸਦੀ ਦਾ ਚੌਥਾ ਹਿੱਸਾ ਰਿਹਾ ਅਤੇ ਸਿਵਿਲ ਤੇ ਰਾਜਨੀਤਕ ਨਿਯੁਕਤੀਆਂ ਤੇ ਆਪਣੇ ਕਰਤੱਵ ਬੜੀ ਚੰਗੀ ਤਰ੍ਹਾਂ ਨਿਭਾ ਚੁੱਕਾ ਸੀ। ਉਸਦਾ ਕੇਵਲ ਇਕੋ ਕਸੂਰ ਸੀ ਕਿ ਪੰਜਾਬ ਦੇ ਲੋਕਾਂ ਜਾਂ ਲਾਹੌਰ ਦਰਬਾਰ ਪ੍ਰਤਿ ਲਿਹਾਜ਼ਦਾਰ ਸੀ ਜਿਨ੍ਹਾਂ ਉੱਤੇ ਬ੍ਰਿਟਿਸ਼ ਰਾਜ ਦਾ ਵਿਸਥਾਰ ਕਰਨ ਲਈ ਉਹ ਆਇਆ ਸੀ। ਇਥੋਂ ਤਕ ਕਿ ਉਸ ਨੇ ਰਾਜਪੂਤਾਨੇ ਤੋਂ ਚਾਰਲਸ ਰੈਕਸ (Raikes) ਨੂੰ ਲਿਖਿਆ, "ਤੁਸੀਂ ਪੁਰਾਣੇ ਦਰਬਾਰ ਦੇ ਲੋਕਾਂ ਲਈ ਕੋਈ ਦਇਆ ਦਿਖਾਉਗੇ, ਉਹ ਦਇਆ ਮੇਰੇ ਉੱਤੇ ਮੰਨੀ ਜਾਵੇਗੀ।" ਹੈਨਰੀ ਦੇ ਪੰਜਾਬ ਤੋਂ ਚਲੇ ਜਾਣ ਬਾਅਦ ਲਾਹੌਰ ਕਰੋਨੀਕਲ (Lahore Chronicle) ਨੇ ਲਿਖਿਆ, "ਸਰ ਹੈਨਰੀ ਲਾਰੈਂਸ ਦਾ ਉਤਰਾਧਿਕਾਰੀ ਪੰਜਾਬ ਲਈ ਉਸ ਤਰ੍ਹਾਂ ਨਹੀਂ ਹੋ ਸਕਦਾ ਜਿਸ ਤਰ੍ਹਾਂ ਸਰ ਹੈਨਰੀ ਸੀ।"

**ਬੋਰਡ ਦੇ ਕੰਮਾਂ ਦਾ ਮੁਲਾਂਕਣ**

ਸਰ ਚਾਰਲਸ ਨੇਪੀਅਰ ਨੇ ਲਿਖਿਆ ਬੋਰਡ ਵਿਚ ਕਦੇ ਕਦਾਈ ਕੋਈ ਚੰਗਾ ਗੁਣ ਹੁੰਦਾ ਹੈ ਤੇ ਪੰਜਾਬ ਇਸ ਤੋਂ ਅਲੱਗ ਨਹੀਂ ਸੀ ਰਹਿ ਸਕਦਾ। ਬੋਰਡ ਦੀਆਂ ਪ੍ਰਾਪਤੀਆਂ ਦਾ ਨਿਰੀਖਣ ਕਰਕੇ ਇੰਜ ਜਾਪਦਾ ਹੈ ਕਿ ਇਹ ਕਥਨ ਠੀਕ ਨਹੀਂ ਹੈ। ਸਰ ਰਿਚਰਡ ਟੈਂਪਲ ਦੇ ਅਨੁਸਾਰ ਬੋਰਡ ਦੇ ਕੰਮ ਅਨੁਭਵ ਵਿਚ ਨਿਪੁੰਨ ਨੀਂਹ ਵਿਚ ਪੂਰਣ ਅਤੇ ਵੇਰਵਿਆਂ ਵਿਚ ਵਿਹਾਰੀ ਸਨ।

ਸਰ ਚਾਰਲਸ ਰੈਕਸ ਨੇ ਬੋਰਡ ਦੁਆਰਾ ਪ੍ਰਬੰਧਕੀ ਨਤੀਜਿਆਂ ਦੀਆਂ ਪ੍ਰਾਪਤੀਆਂ ਬਾਰੇ ਲਿਖਿਆ ਸੀ ਪੰਜਾਬ ਸਿਸਟਮ ਇਤਨਾ ਸਾਧਾਰਣ ਇਤਨਾ ਵਿਕਸਿਤ ਤੇ ਲੋਕਾਂ ਨੂੰ ਇਹ ਪਸੰਦ ਸੀ ਕਿ ਇਹ ਸਾਰੇ ਪ੍ਰਾਇਦੀਪ ਵਿਚ ਜਲਦੀ ਜਾਂ ਦੇਰ ਨਾਲ ਸਚਾਈ ਦੀ ਤਰ੍ਹਾਂ ਇਹ ਫੈਲ ਜਾਵੇ। ਬੋਰਡ ਦਾ ਕੰਮ ਇਸ ਦੀ ਵਿਸ਼ਾਲਤਾ ਲਈ ਪ੍ਰਸਿੱਧ ਹੈ। ਇਸ ਨੇ ਵਿਸ਼ੇਸ਼ ਘਟਨਾ ਤੋਂ ਬਗ਼ੈਰ ਹੀ ਲਾਹੌਰ ਦਰਬਾਰ ਦੇ ਹਜ਼ਾਰਾ ਸਿਪਾਹੀਆਂ ਨੂੰ ਕੱਢ ਦਿੱਤਾ। ਉਤਰ ਪੱਛਮੀ ਸਰਹੰਦ ਵੱਲ ਖਾਸ ਧਿਆਨ ਦਿੱਤਾ। ਨਿਆਇਕ, ਵਿੱਤੀ ਤੇ ਕਰ ਪ੍ਰਣਾਲੀਆਂ ਦਾ ਪੁਨਰ ਗਠਨ ਕੀਤਾ ਗਿਆ। ਸੜਕਾਂ ਦਾ ਜਾਲ ਵਿਛਾ ਦਿੱਤਾ ਗਿਆ ਤੇ ਨਹਿਰਾਂ ਪੱਟੀਆਂ ਗਈਆਂ ਅਤੇ ਭੂਮੀ ਉਤਪਾਦਨ ਵਿਚ ਵਾਧਾ ਹੋਇਆ। ਇਹ ਸਾਰੀਆਂ ਚੀਜ਼ਾਂ ਚਾਰ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਦੌਰਾਨ ਹੀ ਹੋਈਆਂ।

ਬੋਰਡ ਨੇ ਸ਼ੁਰੂ ਤੋਂ ਹੀ ਸੁਧਾਰ ਕਰਨ ਦੀ ਰੁਚੀ ਦਿਖਾਉਣੀ ਸ਼ੁਰੂ ਕਰ ਦਿੱਤੀ ਅਤੇ ਆਪਣਾ ਸਮਾਂ ਪੂਰਾ ਕਰਨ ਤਕ ਇਸ ਵਿਚ ਲਗਿਆ ਰਿਹਾ। ਬੋਰਡ ਨੇ ਆਪਣੇ ਸਾਹਮਣੇ ਪਹਿਲਾਂ ਹੀ ਸਥਾਪਤ ਸੰਸਥਾਵਾਂ ਨੂੰ ਰਖਿਆ। ਇਸ ਨੇ ਪ੍ਰਚਲਿਤ ਰੀਤੀ ਰਿਵਾਜ਼ ਤੇ ਪਰੰਪਰਾਵਾਂ ਬਾਰੇ ਜੋ ਸਭ ਤੋਂ ਚੰਗਾ ਲਗਿਆ, ਅਪਣਾ ਲਿਆ। ਇਸ ਨੇ ਪੱਛਮੀ ਸਿਸਟਮ ਦੇ ਅਸੂਲ ਅਨੁਸਾਰ ਕਾਨੂੰਨਾਂ ਦੇ ਕੋਡ ਬਣਾਉਣ ਤੇ ਬਚਣ ਦੀ ਕੋਸ਼ਿਸ਼ ਕੀਤੀ। ਹੈਨਰੀ ਨੇ ਆਪਣੇ ਕੰਮਾਂ ਦੇ ਪ੍ਰਭਾਵਸ਼ਾਲੀ ਨਤੀਜਿਆਂ ਲਈ ਲੋਕਾਂ ਤੋਂ ਮਿਲਵਰਤਨ ਮੰਗਿਆ। ਕੁਝ ਸਮਾਜਿਕ ਬੁਰਾਈਆਂ ਜਿਵੇਂ ਜੰਮਦੀਆਂ

ਕੁੜੀਆਂ ਦੀ ਹੱਤਿਆ ਆਦਿ ਨੂੰ ਕਾਨੂੰਨ ਦੇ ਘੇਰੇ ਵਿਚ ਲਿਆਂਦਾ ਗਿਆ।

ਕੁਝ ਸੁਧਾਰ ਜਿਨ੍ਹਾਂ ਦਾ ਜ਼ਿਕਰ ਉਪਰ ਕੀਤਾ ਗਿਆ ਹੈ, ਦੀ ਲੋਅ ਵਿਚ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਬ੍ਰਿਟਿਸ਼ ਰਾਜ ਦੇ ਆਗੂਆਂ ਨੇ ਪੰਜਾਬ ਵਿਚ ਲੋਕਾਂ ਦੀਆਂ ਲੋੜਾਂ ਵੱਲ ਬੜੀ ਹਮਦਰਦੀ ਤੇ ਖਾਸ ਧਿਆਨ ਦਿੱਤਾ ਅਤੇ ਉਨ੍ਹਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਭਾਵੇਂ ਪੰਜਾਬ ਦੇ ਲੋਕਾਂ ਨੇ ਆਪਣੀ ਸਰਕਾਰ ਗੁਆ ਲਈ ਪਰੰਤੂ ਨਵੀਂ ਸਰਕਾਰ ਨੇ ਇਕਸਾਰਤਾ ਵਾਲੀਆਂ ਕੋਸ਼ਿਸ਼ਾਂ ਨਾਲ ਉਨ੍ਹਾਂ ਨੂੰ ਆਪਣੇ ਭਰੋਸੇ ਵਿਚ ਲੈ ਲਿਆ।

## 2. ਜਾਨ ਲਾਰੰਸ ਕਮਿਸ਼ਨਰ ਦੇ ਤੌਰ ਤੇ

ਪ੍ਰਬੰਧ ਬੋਰਡ ਦਾ ਸਮਾਂ ਸਿੱਖ ਰਾਜ ਤੋਂ ਬ੍ਰਿਟਿਸ਼ ਰਾਜ ਵੱਲ ਤਬਦੀਲੀ ਦਾ ਸਮਾਂ ਸੀ। ਬੋਰਡ ਦੇ ਭੰਗ ਹੋਣ ਨਾਲ ਪੰਜਾਬ ਦੇ ਇਤਿਹਾਸ ਵਿਚ ਨਵਾਂ ਕਾਂਡ ਸ਼ੁਰੂ ਹੁੰਦਾ ਹੈ। ਲਾਹੌਰ ਦਰਬਾਰ ਦੇ ਕੱਢੇ ਹੋਏ ਸਿਪਾਹੀਆਂ ਨੇ ਤਲਵਾਰਾਂ ਨੂੰ ਹਲਾਂ ਦੇ ਫਲਿਆ ਵਿਚ ਬਦਲ ਲਿਆ। ਜਾਨ ਲਾਰੰਸ ਨੇ ਪਹਿਲਾਂ ਸ਼ੁਰੂ ਕੀਤੇ ਹੋਏ ਕੰਮਾਂ ਤੇ ਉਸਾਰੀ ਕਰਨਾ ਸੀ। ਉਸ ਸਾਹਮਣੇ ਸੁਲਝਾਣ ਲਈ ਕੋਈ ਨਵੀਂ ਤੇ ਗੁੰਝਲਦਾਰ ਸਮੱਸਿਆਂ ਨਹੀਂ ਸੀ। ਕੋਈ ਨਵੀਂ ਪਾਲਿਸੀ ਦੀ ਸ਼ੁਰੂਆਤ ਨਹੀਂ ਕਰਨੀ ਸੀ। ਤਕਰੀਬਨ ਹਰੇਕ ਖੇਤਰ ਵਿਚ ਕੁਝ ਕੰਮ ਪਹਿਲਾਂ ਹੀ ਹੋ ਚੁਕਿਆ ਸੀ। ਜਾਨ ਲਾਰੰਸ ਨੇ ਕੇਵਲ ਚੀਜ਼ਾਂ ਨੂੰ ਵਿਉਂਤ ਅਨੁਸਾਰ ਇਕੱਠਾ ਕਰਨਾ ਸੀ ਜਿਨ੍ਹਾਂ ਦੀ ਵਿਉਂਤ ਪਹਿਲਾ ਹੀ ਉਲੀਕੀ ਹੋਈ ਸੀ।

ਜਾਨ ਲਾਰੰਸ ਕੋਲ ਸਾਰੀਆਂ ਸ਼ਕਤੀਆਂ ਸਨ ਜਿਹੜੀਆਂ ਬੋਰਡ ਵਿਚ ਨਿਹਿਤ ਸਨ। ਉਸ ਦਾ ਵੱਖ ਵੱਖ ਵਿਭਾਗਾਂ ਤੇ ਪੂਰਨ ਕੰਟਰੋਲ ਸੀ। ਨਵੀਂ ਸਰਕਾਰ ਦੀਆਂ ਯੋਜਨਾਵਾਂ ਤੇ ਪਾਲਸੀਆਂ ਵਿਰ ਕੁਝ ਵੀ ਵਿਅਰਥ ਨਹੀਂ ਸੀ। ਇਸ ਲਈ ਜਾਨ ਲਾਰੰਸ ਦਾ ਸਮਾਂ ਨਿਯਮਤ ਆਦਰਸ਼ ਦਾ ਸਮਾਂ ਸੀ। ਸਰਕਾਰ ਨੂੰ ਪਤਾ ਸੀ ਕਿ ਉਸ ਨੇ ਕੀ ਕਰਨ ਦੀਆਂ ਸਕੀਮਾਂ ਬਣਾਈਆਂ ਹਨ ਤੇ ਲੋਕਾਂ ਨੂੰ ਪਤਾ ਸੀ ਕਿ ਸਰਕਾਰ ਕੀ ਕਰਨਾ ਚਾਹੁੰਦੀ ਹੈ। ਸਰਕਾਰ ਨੇ ਹੁਣ ਲੋਕਾਂ ਦੁਆਰਾ ਜਾਣੇ ਆਦਰਸ਼ਾਂ ਅਨੁਸਾਰ ਚਲਣਾ ਸ਼ੁਰੂ ਕਰ ਦਿੱਤਾ ਸੀ। ਭਾਵੇਂ ਜਾਨ ਕੋਲ ਵਿੱਤ ਅਤੇ ਨਿਆਂ ਵਿਭਾਗਾਂ ਦੇ ਕੰਮ ਨੂੰ ਦੇਖਣ ਲਈ ਦੋ ਕਮਿਸ਼ਨਰ ਸਨ ਪਰ ਫਿਰ ਵੀ ਜ਼ਿੰਮੇਵਾਰੀ ਅਣਟੁਟਵੀ ਕੜੀ ਵਾਂਗ ਥੱਲੇ ਨੂੰ ਜਾਂਦੀ ਸੀ। ਅੰਤ ਵਿਚ ਸਾਰੀ ਜ਼ਿੰਮੇਵਾਰੀ ਚੀਫ਼ ਕਮਿਸ਼ਨਰ ਦੇ ਹੱਥਾਂ ਵਿਚ ਹੁੰਦੀ ਸੀ।

ਪੰਜਾਬ ਦਾ ਸਾਰਾ ਸੂਬਾ ਸਤ ਡਵੀਜ਼ਨਾਂ ਵਿਚ ਵੰਡਿਆਂ ਹੋਇਆ ਸੀ ਇਸ ਨੂੰ ਅੱਗੇ ਛੋਟੇ ਛੋਟੇ ਜ਼ਿਲ੍ਹਿਆਂ ਵਿਚ ਵੰਡਿਆ ਹੋਇਆ ਸੀ। ਜਿਲ੍ਹਾਂ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਲੋਕਾਂ ਨਾਲ ਨਿੱਜੀ ਸਬੰਧ ਜੋੜਨ ਲਈ ਕੋਸ਼ਿਸ਼ਾਂ ਕੀਤੀਆਂ ਜਾਣ ਕਿ ਲੋਕਾਂ ਦੇ ਮਨਾਂ ਵਿਚ ਅਜਨਬੀਪੁਣਾ ਦੂਰ ਕੀਤਾ ਜਾਵੇ। ਲੋਕ ਬ੍ਰਿਟਿਸ਼ ਰਾਜ ਅਧੀਨ ਆਪਣੇ ਘਰ ਦੀ ਤਰ੍ਹਾਂ ਮਹਿਸੂਸ ਕਰਨ। ਜਿਲ੍ਹਾਂ ਅਧਿਕਾਰੀਆਂ ਨੂੰ ਕਈ ਪ੍ਰਕਾਰ ਦੀਆਂ ਡਿਊਟੀਆਂ ਨਿਭਾਉਣੀਆਂ ਪੈਂਦੀਆਂ ਸਨ। ਇਸ ਕਰਕੇ ਇਨ੍ਹਾਂ ਦੇ ਹੱਥ ਵਿੱਚ ਬਹੁਤ ਸਾਰੀਆਂ ਸ਼ਕਤੀਆਂ ਨਿਹਿਤ ਸਨ। ਡਿਪਟੀ ਕਮਿਸ਼ਨਰ ਨੂੰ ਜੱਜਾਂ ਮਾਲੀਆਂ ਉਗਰਾਹੁਣ ਵਾਲੇ ਅਤੇ ਕਈ ਵਾਰ ਛੋਟੇ ਫੌਜੀ ਅਫਸਰਾਂ ਆਦਿ ਦੇ ਕੰਮ ਕਰਨੇ ਪੈਂਦੇ ਸਨ। ਭਾਵੇਂ ਇਨ੍ਹਾਂ ਅਫਸਰਾਂ ਕੋਲ ਬਹੁਤ ਜ਼ਿਆਦਾ ਸ਼ਕਤੀਆਂ ਸਨ ਪ੍ਰੰਤੂ ਲੋਕਾਂ ਦਾ ਭਰੋਸਾ ਉਨ੍ਹਾਂ ਕੋਲ ਸੀ ਅਤੇ ਬੜੀ ਹਮਦਰਦੀ ਨਾਲ ਉਨ੍ਹਾਂ ਦੇ ਦੁੱਖ ਤਕਲੀਫ਼ ਸੁਣਦੇ ਸਨ।

### ਜਾਨ ਲਾਰੰਸ ਅਤੇ ਲਾਹੌਰ ਦਰਬਾਰ ਦੇ ਜਾਗੀਰਦਾਰ

ਜਿਵੇਂ ਕਿ ਬੋਰਡ ਦੇ ਪ੍ਰਬੰਧ ਅਧੀਨ ਚਰਚਾ ਕੀਤੀ ਜਾ ਚੁੱਕੀ ਹੈ ਕਿ ਲਾਰੰਸ ਲਾਹੌਰ ਦਰਬਾਰ ਦੇ ਅਮੀਰਾਂ ਦੀਆਂ ਜਾਗੀਰਾਂ ਨੂੰ ਚਾਲੂ ਰੱਖਣ ਤੇ ਬਹੁਤ ਜ਼ਿਆਦਾ ਹੱਕ ਵਿਚ ਸੀ। ਡਲਹੋਜੀ ਅਤੇ ਜਾਨ ਲਾਰੰਸ ਇਸ ਜਗੀਰਦਾਰੀ ਸਿਸਟਮ ਨੂੰ ਖ਼ਤਮ ਕਰਨ ਦੇ ਹੱਕ ਵਿਚ ਸਨ। ਪ੍ਰੰਤੂ ਪੰਜਾਬ ਦਾ ਅਜ਼ਾਦਾਨਾ ਚਾਰਜ ਲੈ ਕੇ ਜਾਨ ਲਾਰੰਸ ਨੇ ਆਪਣੀ ਸਥਿਤੀ ਦੇ ਸੰਬੰਧ ਵਿਚ ਜਾਗੀਰਦਾਰਾਂ ਬਾਰੇ ਸੁਧਾਰ ਲਿਆਂਦਾ। ਉਸ ਨੇ ਅਮੀਰਾਂ ਨੂੰ ਨਕਦ ਰਕਮ ਦੇਣ ਤੇ ਫੌਜ ਵਿਚ ਸਿਧੀ ਭਰਤੀ ਨੂੰ ਤਰਜੀਹ ਦਿੱਤੀ। ਉਸ ਨੇ ਜਗੀਰਦਾਰੀ ਟੁਕੜੀਆਂ ਨੂੰ ਰੱਖਣ ਦਾ ਕੋਈ ਲਾਭ ਨਾ ਸਮਝਿਆ। ਉਸ ਨੇ ਉਨ੍ਹਾਂ ਦੀ ਜ਼ਮੀਨ ਲੈ ਲਈ। ਉਨ੍ਹਾਂ ਨੂੰ ਖੁਲ੍ਹੇ ਦਿਲ ਨਾਲ ਪੈਨਸ਼ਨਾਂ ਦਿੱਤੀਆਂ। ਉਨ੍ਹਾਂ ਦੇ ਜੱਦੀ ਹੱਕ ਪਛਾਣੇ ਗਏ ਅਤੇ ਸਰਕਾਰੀ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਕਿ ਉਨ੍ਹਾਂ ਨੂੰ ਯਥਾ-ਯੋਗ ਸਤਿਕਾਰ ਦਿੱਤਾ ਜਾਵੇ। ਪੈਨਸ਼ਨਾਂ ਦੀ ਆਏ ਸਾਲ ਦੁਬਾਰਾ ਘੋਖ ਕੀਤੀ, ਇਸ ਕਰਕੇ ਪੁਰਾਣੇ ਅਮੀਰ ਨਵੀਂ ਸਰਕਾਰ ਪ੍ਰਤਿ ਵਫ਼ਾਦਾਰ ਬਣੇ ਰਹੇ।

### ਕਿਸਾਨਾਂ ਨਾਲ ਵਰਤਾਉ

ਕਿਸਾਨਾਂ ਨੂੰ ਆਪਣੇ ਵੱਲ ਕਰਨ ਲਈ ਜਾਨ ਲਾਰੰਸ ਨੇ ਭੂਮੀ ਕਰ ਘਟਾ ਦਿੱਤਾ। ਜ਼ਿਆਦਾ ਭੂਮੀ ਨੂੰ

ਖੇਤੀ ਯੋਗ ਬਨਾਉਣ ਦੇ ਉਪਰਾਲੇ ਕੀਤੇ ਗਏ। ਭੂਮੀ ਕਰ ਵਿਚ ਕਮੀ ਇਸ ਸ਼ਰਤ ਤੇ ਕੀਤੀ ਗਈ ਕਿ ਕਿਸਾਨ ਸਿੰਚਾਈ ਲਈ ਖੂਹ ਲਾਉਣ ਅਤੇ ਜ਼ਿਆਦਾ ਤੋਂ ਜ਼ਿਆਦਾ ਭੂਮੀ ਕਾਸ਼ਤ ਹੇਠ ਲਿਆਉਣ। ਉਸ ਨੇ ਈਮਾਨਦਾਰ ਬੰਦਿਆਂ ਨੂੰ ਕਰ ਉਗਰਾਉਣ ਲਈ ਨਿਯੁਕਤ ਕੀਤਾ। ਜ਼ਮੀਨ ਦੀ ਮਿਣਤੀ ਕੀਤੀ ਗਈ ਅਤੇ ਪਟਵਾਰੀ ਜਾਂ ਪੇਂਡੂ ਮੁਨਸ਼ੀਆਂ (ਲੇਖਾਕਾਰਾਂ) ਨੂੰ ਉਨ੍ਹਾਂ ਦੀਆਂ ਡਿਊਟੀਆਂ ਠੀਕ ਢੰਗ ਨਾਲ ਨਿਭਾਉਣ ਲਈ ਖਾਸ ਟ੍ਰੇਨਿੰਗ ਦਿੱਤੀ ਗਈ। ਜਾਨ ਲਾਰੰਸ ਭੂਮੀ ਕਰ ਦੇ ਘੱਟ ਰੱਖਣ ਦੇ ਹੱਕ ਵਿਚ ਸੀ। ਉਹ ਚਾਹੁੰਦਾ ਸੀ ਕਿ ਸਰਕਾਰੀ ਮੰਗ ਉਪਜਾਊ ਇਲਾਕਿਆਂ ਦੀ ਕੁਲ ਉਪਜ ਦੇ 1/5 ਹਿੱਸੇ ਨਾਲੋਂ ਵੱਧ ਨਹੀਂ ਚਾਹੀਦੀ ਅਤੇ ਅਣ-ਉਪਜਾਊ ਇਲਾਕਿਆਂ ਵਿਚ 1/6 ਜਾਂ 1/8 ਜਾਂ ਇਸ ਤੋ ਘੱਟ। ਕਿਸਾਨਾਂ ਨੂੰ ਤਕਾਵੀ ਕਰਜ਼ੇ ਦਿੱਤੇ ਜਾਂਦੇ ਸਨ। ਖੇਤੀ ਬਾਗ਼ਬਾਨੀ ਸੋਸਾਇਟੀ ਨੇ ਕਪਾਹ ਗੰਨਾ ਅਤੇ ਤੰਬਾਕੂ ਆਦਿ ਵਿਚ ਨਵੀਆਂ ਕਿਸਮਾਂ ਦੇ ਕਈ ਤਜ਼ਰਬੇ ਕੀਤੇ। ਸਰਕਾਰ ਨੇ ਉਨ੍ਹਾਂ ਕਿਸਾਨਾਂ ਨੂੰ ਵਧੀਆ ਇਨਾਮ ਦਿੱਤੇ ਜਿਨ੍ਹਾਂ ਨੇ ਨਵੀਆਂ ਫ਼ਸਲਾਂ ਉਗਾਈਆਂ। ਸਰਕਾਰ ਨੂੰ ਚੰਗੀ ਤਰ੍ਹਾਂ ਜਾਣਕਾਰੀ ਹੋਈ ਕਿ ਕਿਸਾਨ ਦੇਸ਼ ਦੀ ਅਰਥ ਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ, ਉਸ ਨੇ ਉਨ੍ਹਾਂ ਦੇ ਹੌਸਲੇ ਵਧਾਏ ਤੇ ਫ਼ਸਲਾਂ ਦੀ ਉਪਜ ਦੇ ਵਿਕਾਸ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ।

**ਵਿਕਾਸ ਯੋਜਨਾਵਾਂ**

ਸਾਰੇ ਸੂਬੇ ਵਿਚ ਰੇਲਾਂ ਦਾ ਜਾਲ ਵਿਛਾਉਣ ਦੀ ਸਕੀਮ ਬਣਾਈ। ਮੁਲਤਾਨ ਨੂੰ ਕਰਾਚੀ ਤੇ ਲਾਹੌਰ ਨਾਲ ਜੋੜਨ ਦੀ ਤਜਵੀਜ਼ ਸੀ। ਆਵਾਜਾਈ ਦੇ ਸਾਧਨ ਦੀ ਘਾਟ ਕਰਕੇ ਪੰਜਾਬ ਦੀ ਵਾਧੂ ਕਣਕ ਬਾਹਰ ਨਹੀਂ ਸੀ ਭੇਜੀ ਜਾ ਸਕਦੀ। ਪੰਜਾਬ ਦੇ ਕਿਸਾਨਾਂ ਨੂੰ ਜ਼ਿਆਦਾ ਲਾਭ ਪਹੁੰਚਾਉਣ ਲਈ ਆਵਾਜਾਈ ਦੇ ਸਾਧਨਾਂ ਵਲ ਧਿਆਨ ਦੇਣਾ ਬਹੁਤ ਜ਼ਰੂਰੀ ਸੀ। ਸਰਕਾਰ ਨੂੰ ਆਪਣੇ ਸਾਧਨਾਂ ਵਸਤਾਂ ਅਤੇ ਸੈਨਾ ਆਦਿ ਦੇ ਪ੍ਰਯੋਗ ਲਈ ਸੰਚਾਰ ਦੇ ਸੁਚੱਜੇ ਸਾਧਨਾਂ ਦੀ ਲੋੜ ਸੀ।

ਜਾਨ ਲਾਰੰਸ ਨੇ ਸਿੰਧ ਦਰਿਆ ਦੀ ਜਹਾਜ਼ਰਾਨੀ ਵੱਲ ਵੀ ਖਾਸ ਧਿਆਨ ਦਿੱਤਾ। ਕਿਸ਼ਤੀਆਂ ਵਿਚ ਸੁਧਾਰ ਕੀਤਾ ਅਤੇ ਸਿੰਧ ਫਲੋਟੀਲਾ ਦੇ ਸਟੀਮਰ, ਕਰਾਚੀ ਅਤੇ ਮੁਲਤਾਨ ਵਿਚਕਾਰ ਚਲਣ ਲੱਗ ਪਏ।1857 ਦੇ ਵਿਦਰੋਹ ਦੌਰਾਨ ਸਿੰਧ ਫਲੋਟੀਲਾ ਬੜੀ ਚੰਗੀ ਤਰ੍ਹਾਂ ਸੈਨਿਕ ਸੇਵਾ ਵਿਚ ਵਰਤੇ ਗਏ। ਚੌਥੀ ਪੰਜਾਬ ਪ੍ਰਬੰਧ ਰਿਪੋਰਟ ਅਨੁਸਾਰ, "ਫਲੋਟੀਲਾ ਸਾਡੀਆਂ ਫੌਜੀ ਟੁਕੜੀਆਂ, ਸੈਨਾ ਦਾ ਸਮਾਨ ਅਤੇ ਖ਼ਜ਼ਾਨਾ ਲੈ ਕੇ ਆਏ। ਉਨ੍ਹਾਂ ਨੇ ਯੂਰਪ ਦੀ ਇਨਫੈਂਟਰੀ ਦੀਆਂ ਤਿੰਨ ਰੈਜਮੈਂਟਾਂ ਦੇ ਵੱਡੇ ਭਾਗ, ਇਕ ਰਸਾਲੇ, ਕੋਈ 50 ਲੱਖ ਦਾ ਖ਼ਜ਼ਾਨਾ ਤੇ ਵੱਡੀ ਮਾਤਰਾ ਵਿਚ ਸਾਜੋ ਸਮਾਨ ਅਤੇ ਗੋਲਾ ਬਾਰੂਦ ਢੋਇਆ"। ਡਾਕ ਤਾਰ ਸੇਵਾ ਪੰਜਾਬ ਵਿਚ 1856 ਵਿਚ ਚਾਲੂ ਹੋਈ ਜਿਹੜੀ ਕਿ ਪ੍ਰਬੰਧ ਲਈ ਬਹੁਤ ਲਾਹੇਵੰਦ ਸਾਬਤ ਹੋਈ।

ਸੜਕ ਬਨਾਉਣ ਦੇ ਪਹਿਲਾਂ ਸ਼ੁਰੂ ਕੀਤੇ ਕੰਮ ਨੂੰ ਅੱਗੇ ਵਧਾਇਆ ਗਿਆ। ਮਈ 1854 ਤਕ ਕੋਈ 2251 ਮੀਲ ਲੰਬੀਆਂ ਸੜਕਾਂ ਬਣਾਈਆਂ ਗਈਆਂ। ਪਿਸ਼ਾਵਰ ਰਾਵਲਪਿੰਡੀ ਮੁਲਤਾਨ ਸਿਆਲਕੋਟ ਮੀਆਂਮੀਰ ਅਤੇ ਕੋਹਾਟ ਆਦਿ ਛਾਉਣੀਆਂ ਪੂਰੀਆਂ ਕੀਤੀਆਂ ਗਈਆਂ। ਬਾਰੀ ਦੁਆਬ ਨਹਿਰ ਪੂਰੀ ਕੀਤੀ ਗਈ।1849 ਤੋਂ ਤਿੰਨ ਕਰੋੜ ਦੇ ਲਗਭਗ ਸਰਕਾਰੀ ਕੰਮ ਤੇ ਖਰਚ ਕੀਤੇ ਗਏ। ਪੁਲਿਸ ਸੰਗਠਨ ਵਿਚ ਵੀ ਕੁਝ ਸੁਧਾਰ ਕੀਤੇ ਗਏ। ਇਕ ਦਰਿਆਈ ਪੁਲਿਸ ਦਾ ਸੰਗਠਨ ਕੀਤਾ ਗਿਆ ਜਿਹੜਾ ਕਿ ਘੁਸਪੈਠੀਆਂ ਨੂੰ ਦਰਿਆਵਾਂ ਵਿਚੋਂ ਲੰਘਣ ਤੋਂ ਰੋਕਦੀ। ਸੂਬੇ ਵਿਚ ਜੁਰਮਾਂ ਨੂੰ ਘਟਾਉਣ ਲਈ ਖਾਸ ਕਦਮ ਚੁੱਕੇ ਗਏ ਅਤੇ ਦੋਸ਼ੀਆਂ ਨੂੰ ਤੁਰੰਤ ਸਜ਼ਾ ਦਿੱਤੀ ਜਾਂਦੀ। ਨਵੀਂ ਸਰਕਾਰ ਨੇ ਸ਼ਾਂਤੀ ਅਤੇ ਖ਼ੁਸ਼ਹਾਲੀ ਦੀ ਸਥਾਪਨਾ ਲਈ ਬਹੁਤ ਕੁਝ ਕੀਤਾ ਤਾਂ ਕਿ ਲੋਕ ਵਿਦੇਸ਼ੀ ਹਕੂਮਤ ਨਾਲ ਰਚ ਮਿਚ ਜਾਣ।

**ਵਿਦਿਆ ਦਾ ਵਿਕਾਸ**

ਪੱਛਮੀ ਸਿੱਖਿਆ ਅਤੇ ਸਾਇੰਸ ਪੰਜਾਬ ਵਿਚ 1856 ਵਿਚ ਲਾਗੂ ਕੀਤੀ ਗਈ। ਸੂਬੇ ਦੇ ਲੋਕਾਂ ਲਈ ਵਿਦਿਆ ਕੋਈ ਨਵੀਂ ਚੀਜ਼ ਨਹੀਂ ਸੀ। ਵਿਦਿਅਕ ਸੰਸਥਾਵਾਂ ਅੰਗਰੇਜ਼ਾਂ ਦੇ ਰਾਜ ਤੋਂ ਪਹਿਲਾਂ ਦੇ ਪੰਜਾਬ ਵਿਚ ਵੀ ਸਥਾਪਤ ਸਨ। ਆਰਨੋਲਡ ਦੇ ਅਨੁਸਾਰ ਜਿਸ ਦੀ ਜਨਵਰੀ 1856 ਵਿਚ ਡੀ. ਪੀ. ਆਈ. ਪੰਜਾਬ ਦੇ ਤੋਰ ਤੇ ਨਿਯੁਕਤੀ ਹੋਈ ਸੀ, ਵਿਦਿਆ ਦੀ ਸਿੱਖਾਂ ਵਿਚਕਾਰ ਹਮੇਸ਼ਾਂ ਖਾਸ ਥਾਂ ਰਹੀ ਹੈ। ਇਸਤਰੀ ਸਿੱਖਿਆ ਲਈ ਵੀ ਸੰਸਥਾਵਾਂ ਸਨ ਜਿਥੇ ਇਸਤਰੀ ਅਧਿਆਪਕਾਵਾਂ ਪੜ੍ਹਾਉਂਦੀਆਂ ਸਨ। ਵਿਦਿਆ ਨੂੰ ਹਰਮਨ ਪਿਆਰੀ ਬਣਾਉਣ ਲਈ

ਸ਼ੁਰੂ ਵਿਚ ਵਰਨੈਕੂਲਰ ਭਾਸ਼ਾ ਨੂੰ ਪੜ੍ਹਾਈ ਦਾ ਮਾਧਿਅਮ ਬਣਾਇਆ। ਅੰਗਰੇਜ਼ੀ ਨੂੰ ਮੁਢਲੀਆਂ ਸਟੇਜਾਂ ਤੇ ਲਾਗੂ ਕਰਨ ਨਾਲ ਵਿਦਿਆ ਸਿਸਟਮ ਲੋਕਾਂ ਦੇ ਮਨਾਂ ਵਿਚ ਥਾਂ ਨਹੀਂ ਬਣਾ ਸਕਦਾ ਸੀ।1854 ਦੇ ਵੁਡਜ ਡਿਸਪੈਚ ਨੂੰ ਭਾਰਤ ਵਿਚ ਅੰਗਰੇਜ਼ੀ ਵਿਦਿਆ ਦਾ ਮੇਗਾਨਾਕਾਰਟਾ ਕਰਕੇ ਜਾਣਿਆਂ ਜਾਂਦਾ ਸੀ। ਵੁਡਜ ਡਿਸਪੈਚ ਨਾਲ ਜਨਵਰੀ 1856 ਵਿਚ ਪੰਜਾਬ ਵਿਦਿਆ ਮਹਿਕਮਾ ਹੋਂਦ ਵਿਚ ਆਇਆ। ਇਕ ਡਾਇਰੈਕਟਰ ਦੇ ਇੰਸਪੈਕਟਰ ਦਸ ਉਪ-ਇੰਸਪੈਕਟਰ ਅਤੇ 60 ਸਬ-ਉਪ-ਇੰਸਪੈਕਟਰਾਂ ਦੀ ਨਿਯੁਕਤੀ ਕੀਤੀ ਗਈ। ਜਿਲ੍ਹਾ ਅਤੇ ਤਹਿਸੀਲ ਹੈਡਕਵਾਟਰਾਂ ਤੇ ਨਵੇਂ ਸਕੂਲ ਖੋਲ੍ਹੇ ਗਏ। ਅਧਿਆਪਕਾਂ ਦੀ ਟ੍ਰੇਨਿੰਗ ਲਈ ਨਾਰਮਲ ਸਕੂਲ ਖੋਲ੍ਹੇ ਗਏ। ਇਕ ਕੇਂਦਰੀ ਕਾਲਜ ਲਾਹੌਰ ਵਿਚ ਖੋਲ੍ਹਿਆਂ ਗਿਆ। ਕੁਝ ਸਮੇਂ ਵਿਚ ਪੱਛਮੀ ਵਿਦਿਆ ਵੱਲ ਲੋਕਾਂ ਦਾ ਝੁਕਾਅ ਹੋ ਗਿਆ।

**ਨਿਆਂ**

ਸਾਰੇ ਸੂਬੇ ਵਿਚ ਝਗੜਿਆਂ ਲਈ ਛੋਟੇ ਮੁਕੱਦਮਿਆਂ ਵਾਲੀਆਂ ਕਚਹਿਰੀਆਂ ( Small Cause Courts) ਹੋਣ ਕਰਕੇ ਇਸ ਵਿਚ ਸੁਧਾਰ ਹੋਇਆ। ਨਿਯਮਤ ਕਚਹਿਰੀਆਂ ਤੋਂ ਇਲਾਵਾ 104 ਅਜਿਹੀਆਂ ਕਚਹਿਰੀਆਂ ਸਨ। ਲਗਭਗ ਦੋ-ਤਿਹਾਈ ਨਿਆਂਇਕ ਕੰਮ ਇਨ੍ਹਾਂ ਕਚਹਿਰੀਆਂ ਦੁਆਰਾ ਕੀਤਾ ਜਾਂਦਾ ਸੀ। ਇਨ੍ਹਾਂ ਕਚਹਿਰੀਆਂ ਦੀ ਸਥਾਪਨਾ ਕਿਸਾਨਾਂ ਦੇ ਦਰਵਾਜ਼ਿਆਂ ਤੱਕ ਨਿਆਂ ਪਹੁੰਚਾਉਣ ਲਈ ਕੀਤੀ ਸੀ। ਇਹ ਕਚਹਿਰੀਆਂ ਇਸ ਤਰ੍ਹਾਂ ਸਥਿਤ ਸਨ ਜਿਸ ਨਾਲ 14 ਮੀਲ ਤੋਂ ਜ਼ਿਆਦਾ ਲੰਬਾ ਪੈਂਡਾ ਤਹਿ ਕਰਕੇ ਲੋਕ ਕਚਹਿਰੀਆਂ ਵਿਚ ਹਾਜ਼ਰ ਹੋ ਕੇ ਸ਼ਾਮ ਨੂੰ ਆਪਣੇ ਘਰ ਪਰਤ ਸਕਣ। ਕੇਸਾਂ ਦੇ ਤੁਰੰਤ ਨਿਪਟਾਰੇ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ।1854 ਵਿਚ ਆਮ ਕੇਸ ਦਾ ਸਮਾਂ 28 ਦਿਨ ਸੀ ਅਤੇ 1855 ਵਿਚ ਘਟਾ ਕੇ 23 ਦਿਨ ਹੋ ਗਿਆ। ਲੋਕਾਂ ਕੋਲੋਂ ਕੋਈ ਫ਼ੀਸ ਨਹੀਂ ਸੀ ਲਈ ਜਾਂਦੀ। ਵਕੀਲਾਂ ਦੀ ਮੱਦਦ ਨੂੰ ਨਿਰਉਤਸ਼ਾਹਿਤ ਕੀਤਾ ਜਾਂਦਾ ਸੀ ਕਿ ਲੋਕ ਨਵੇਂ ਸਿਸਟਮ ਨੂੰ ਮਹਿੰਗਾ ਨਾ ਸਮਝਣ ਲੱਗ ਜਾਣ।

**ਇਕ ਅਨੁਮਾਨ**

ਜਾਨ ਲਾਰੰਸ ਨੇ ਪ੍ਰਬੰਧ ਬੋਰਡ ਵਲੋਂ ਦਰਸਾਈਆਂ ਨੀਹਾਂ ਤੇ ਪੰਜਾਬ ਵਿਚ ਸਥਿਰ ਢਾਂਚੇ ਵਾਲੀ ਸਰਕਾਰ ਸਥਾਪਤ ਕਰਨ ਦਾ ਯਤਨ ਕੀਤਾ। ਜਾਨ ਦੇ ਇਕੋ ਇਕ ਮੰਤਵ, ਕੰਮ ਕਰਨ ਵਿਚ ਫੁਰਤੀ, ਪੰਜਾਬ ਵਿਚ ਚੀਫ਼ ਕਮਿਸ਼ਨਰ ਦੇ ਤੌਰ ਤੇ ਸਫਲਤਾ ਵਿਚ ਯੋਗਦਾਨ ਪਾਇਆ। ਉਸ ਨੇ ਪੰਜਾਬ ਦੇ ਲੋਕਾਂ ਨੂੰ ਸੰਤੁਸ਼ਟ ਕਰਨਾ ਆਪਣਾ ਨਿਸ਼ਾਨਾ ਬਣਾ ਰਖਿਆ ਸੀ। ਇਸ ਦਾ ਸਿਹਰਾ ਜਾਨ ਲਾਰੰਸ ਨੂੰ ਜਾਂਦਾ ਹੈ। ਉਸ ਦੀ ਪੰਜਾਬ ਦੀ ਹਕੂਮਤ ਉਸ ਨੂੰ 19ਵੀਂ ਸਦੀ ਦੇ ਸ਼ਰੋਮਣੀ ਪ੍ਰਬੰਧਕਾਂ ਦੀ ਕਤਾਰ ਵਿਚ ਲਿਆ ਖੜ੍ਹਾ ਕਰਦੀ ਹੈ। ਉਸ ਨੇ ਆਪਣੀ ਸਰਕਾਰ ਦੇ ਸਾਰੇ ਮਹਿਕਮਿਆਂ ਬਾਰੇ ਵੀ ਜਾਣਕਾਰੀ ਵਿਸ਼ਾਲ ਸੀ। ਉਹ ਸਿਆਣਪ, ਸਿਆਸੀ ਸੂਝ ਬੂਝ ਤੇ ਮਨੋਬਲ ਪੱਖੋਂ ਵਰੋਸਾਇਆ ਹੋਇਆ ਸੀ। ਇਨ੍ਹਾਂ ਗੁਣਾਂ ਨੇ ਇਸ ਨੂੰ ਸਥਿਤੀ ਦਾ ਸਵਾਮੀ ਬਣਾ ਦਿੱਤਾ। ਉਸ ਨੇ ਉਤਰੀ ਸਰਹੱਦੀ ਕਬੀਲਿਆਂ ਨੂੰ ਬੜੀ ਸਫਲਤਾ ਨਾਲ ਨਜਿੱਠਿਆ। ਕਬਾਇਲੀ ਖੇਤਰਾਂ ਬਾਰੇ ਦੋ ਤਰ੍ਹਾਂ ਦੇ ਵਿਚਾਰ ਸਨ। ਇਕ ਵਿਚਾਰ ਕਿ ਖੇਤਰ ਤੋਂ ਪਾਰ ਜਿੱਤਾਂ ਅਤੇ ਦੂਜੇ ਕਬਾਇਲੀ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਨਾ ਕਰਨ ਦਾ ਸੀ।ਜਾਨ ਦਾ ਸੰਬੰਧ ਦੂਜੇ ਵਿਚਾਰ ਨਾਲ ਸੀ।

ਈਸਾਈ ਮੱਤ ਦੇ ਵਿਕਾਸ ਵਿਚ ਵਿਦੇਸ਼ੀ ਰੁਚੀ ਰੱਖਣ ਦੇ ਬਾਵਜੂਦ ਜਾਨ ਲਾਰੰਸ ਨੇ ਸਿੱਖਾਂ ਤੇ ਮੁਸਲਮਾਨਾਂ ਅਤੇ ਉਨ੍ਹਾਂ ਦੀਆਂ ਪੁਜਾਰੀਆ ਸ਼ਰੇਣੀਆਂ ਪ੍ਰਤੀ ਉਦਾਰ ਨੀਤੀ ਅਪਣਾਈ। ਸਿੱਖਾਂ ਦੇ ਸ਼ਰੋਮਣੀ ਅਤੇ ਪਵਿੱਤਰ ਧਾਰਮਿਕ ਸਥਾਨਾਂ ਜਿਵੇਂ ਕਿ ਆਨੰਦਪੁਰ ਸਾਹਿਬ, ਤਰਨਤਾਰਨ ਆਦਿ ਨੂੰ ਦਿੱਤੀਆਂ ਜਾਗੀਰਾਂ ਤੇ ਧਨ ਰੱਖਣ ਦੀ ਆਗਿਆ ਦਿੱਤੀ ਗਈ। ਗੁਰਦੁਆਰੇ ਅਤੇ ਹੋਰ ਧਾਰਮਿਕ ਸਥਾਨਾਂ, ਜਿਹੜੇ ਕਿ ਪਿੰਡਾਂ ਨਾਲ ਸਬੰਧਤ ਸਨ, ਨੂੰ ਜ਼ਮੀਨ ਸੰਬੰਧੀ ਗਰਾਂਟਾਂ ਮਿਲੀਆਂ ਹੋਈਆਂ ਸਨ। ਇਸ ਤਰ੍ਹਾਂ ਜਾਨ ਲਾਰੰਸ ਦੂਜੇ ਧਰਮਾਂ ਦੀਆਂ ਪੁਜਾਰੀ ਸ਼੍ਰੇਣੀਆਂ ਦਾ ਮਿਲਵਰਤਨ ਲੈਣ ਵਿਚ ਸਫਲ ਹੋਇਆ।

ਪਾਠ ਨੰ : **2.4**

## ਕੂਕਾ ਲਹਿਰ

**ਉਦੇਸ਼** :– ਇਸ ਪਾਠ ਨੂੰ ਲਿਖਣ ਦਾ ਮੁੱਖ ਉਦੇਸ਼ ਕੂਕਾ ਲਹਿਰ ਬਾਰੇ ਵਿਸਥਾਰ ਵਿੱਚ ਗਿਆਨ ਪ੍ਰਾਪਤ ਕਰਨਾ ਹੈ। ਇਸ ਪਾਠ ਬਾਰੇ ਜਾਣਕਾਰੀ ਨਿਮਨਲਿਖਤ ਸਿਰਲੇਖਾਂ ਹੇਠ ਦਿੱਤੀ ਗਈ ਹੈ :–

1 ਭੂਮਿਕਾ
1.1 ਬਾਬਾ ਰਾਮ ਸਿੰਘ ਦਾ ਜੀਵਨ
1.2 ਬਾਲਕ ਸਿੰਘ ਦਾ ਪ੍ਰਭਾਵ
1.3 ਬਾਬਾ ਰਾਮ ਸਿੰਘ ਅਤੇ ਕੂਕਾ ਲਹਿਰ ਦਾ ਜਨਮ
2.1 ਕੂਕਾ ਲਹਿਰ ਦੇ ਸਿਧਾਂਤ ਅਤੇ ਉਪਦੇਸ਼
2.2 ਕੂਕਾ ਲਹਿਰ ਨੂੰ ਚਲਾਉਣ ਦਾ ਅਸਲੀ ਉਦੇਸ਼
2.3 ਕੂਕਾ ਲਹਿਰ ਨੂੰ ਫੈਲਾਉਣਾ
3.1 ਬ੍ਰਿਟਿਸ਼ ਸਰਕਾਰ ਦੀ ਕੂਕਾ ਸੰਗਠਨ ਵਲ ਨੀਤੀ
3.2 ਇਸ ਨੀਤੀ ਦੇ ਸਿੱਟੇ
3.3 ਕੂਕਿਆਂ ਦੇ ਹੋਰਾਂ ਨਾਲ ਸਬੰਧ
4.1 ਕੂਕਿਆਂ ਦੀ ਕਸਾਈਆਂ ਵਿਰੁੱਧ ਲੜਾਈ
4.2 ਕੂਕਿਆਂ ਦੀਆਂ ਗਤੀਵਿਧੀਆਂ ਵਿੱਚ ਤੇਜ਼ੀ ਆਉਣਾ
4.3 ਮਲੇਰਕੋਟਲਾ ਹੀ ਕਿਉਂ
4.4 ਮਲੇਰਕੋਟਲਾ ਦੇ ਹਮਲਿਆਂ ਦੇ ਸਿੱਟੇ
5.1 ਕੂਕਿਆਂ ਵਿਰੁੱਧ ਸਰਕਾਰ ਦੀ ਨੀਤੀ
5.2 ਕੂਕਾ ਲਹਿਰ ਦੀ ਦੇਣ
6.1 ਕੂਕਿਆਂ ਅਤੇ ਹੋਰ ਸਿੱਖਾਂ ਵਿੱਚ ਫਰਕ

**ਭੂਮਿਕਾ** :– ਕੂਕਾ ਲਹਿਰ ਨੂੰ ਨਾਮਧਾਰੀ ਲਹਿਰ ਵੀ ਕਹਿੰਦੇ ਹਨ ਅਤੇ ਇਹ ਲਹਿਰ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦੀ ਹੈ। ਕੂਕਾ ਉਹ ਲੋਕ ਸਨ ਜਿਨ੍ਹਾਂ ਨੇ ਇਸ ਹਰਮਨ ਪਿਆਰੀ ਸਮਾਜ ਸੁਧਾਰਕ ਲਹਿਰ ਨੂੰ ਸੰਗਠਿਤ ਕੀਤਾ। ਉਨ੍ਹਾਂ ਨੇ ਇਸ ਲਹਿਰ ਨੂੰ ਪੰਜਾਬ ਵਿੱਚ ਸ਼ੁਰੂ ਕੀਤਾ। ਇਹ ਸੁਧਾਰ ਅੰਦੋਲਨ ਆਪਣੀ ਕਿਸਮ ਦਾ ਸੀ। ਕੂਕਾ ਦਾ ਅਸਲੀ ਨਾਉਂ ਸੰਤ ਖਾਲਸਾ ਸੀ, ਪਰ ਕੂਕਾ ਨਾਉਂ ਇਸ ਲਹਿਰ ਨੂੰ ਚਲਾਉਣ ਵਾਲਿਆਂ ਦੀ ਮਸਤ ਹੋ ਕੇ ਕੀਰਤਨ ਕਰਨ ਤੋਂ ਲਿਆ ਗਿਆ। ਇਸ ਦਾ ਭਾਵ ਇਹ ਹੈ ਕਿ ਕੂਕਾ ਲੋਕ ਨਾਮ ਜਪਦੇ ਹੋਏ ਇਨ੍ਹਾਂ ਜ਼ਿਆਦਾ ਮਸਤ ਹੋ ਜਾਂਦੇ ਸਨ ਕਿ ਕੂਕਾ ਮਾਰਨੀਆਂ ਸ਼ੁਰੂ ਕਰ ਦਿੰਦੇ ਸਨ। ਇਸ ਤੋਂ ਉਨ੍ਹਾਂ ਨੂੰ ਕੂਕਾ ਕਿਹਾ ਜਾਣ ਲੱਗ ਪਿਆ।

**ਬਾਬਾ ਰਾਮ ਸਿੰਘ ਦਾ ਜੀਵਨ** :– ਉਹ ਇਕ ਮੱਧ ਵਰਗ ਦੇ ਛੋਟੇ ਦਰਜੇ ਦੇ ਤਰਖਾਣ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਉਹ ਵੇਖਣ ਵਿੱਚ ਬਹੁਤ ਸੁੰਦਰ ਸਨ। ਉਨ੍ਹਾਂ ਦਾ ਪਰਿਵਾਰ ਪਿੰਡ ਭੈਣੀ ਅਰਾਈਂਆ ਜਿਲ੍ਹਾ ਲੁਧਿਆਣਾ ਦਾ ਰਹਿਣ ਵਾਲਾ ਸੀ। ਉਨ੍ਹਾਂ ਦਾ ਜਨਮ 1816 ਈ. ਵਿੱਚ ਹੋਇਆ। ਉਹ ਆਪਣੇ ਪਿੰਡ ਵਿੱਚ ਹੀ ਵੱਡੇ ਹੋਏ। ਉਨ੍ਹਾਂ ਨੇ ਆਪ ਇਕ ਸਿਪਾਹੀ ਦੇ ਰੂਪ ਵਿੱਚ ਖਾਲਸਾ ਸੈਨਾ ਵਿੱਚ ਭਰਤੀ ਹੋਣਾ ਪਸੰਦ ਕੀਤਾ। ਖਾਲਸਾ ਸੈਨਾ ਵਿੱਚ ਆਪਣੀ ਨੌਕਰੀ ਦੇ ਦੌਰਾਨ ਜਦੋਂ ਉਹ ਉੱਤਰ ਪੱਛਮੀ ਸਰਹੱਦ ਉਤੇ ਸਨ ਤਾਂ ਉਥੇ ਉਨ੍ਹਾਂ ਦਾ ਮੇਲ ਇਕ ਬਹੁਤ ਹੀ ਧਾਰਮਿਕ ਅਤੇ ਪਵਿੱਤਰ ਵਿਅਕਤੀ ਨਾਲ ਹਜਰੋ ਵਿਖੇ ਹੋਇਆ। ਉਸ ਸੰਤ ਦਾ ਨਾਉਂ ਬਾਬਾ ਬਾਲਕ ਸਿੰਘ ਸੀ। ਇਸ ਮਹਾਨ ਪੁਰਸ਼ ਦਾ ਰਾਮ ਸਿੰਘ ਤੇ ਬਹੁਤ ਡੂੰਘਾ ਪ੍ਰਭਾਵ ਪਿਆ।

**ਬਾਲਕ ਸਿੰਘ ਦਾ ਪ੍ਰਭਾਵ :–** ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬਾਬਾ ਬਾਲਕ ਸਿੰਘ ਸਿੱਖ ਧਰਮ ਨੂੰ ਪਤਨ ਵੱਲ ਜਾਂਦਾ ਵੇਖ ਕੇ ਬਹੁਤ ਚਿੰਤਤ ਸਨ। ਉਸ ਸਮੇਂ ਖਾਸ ਤੌਰ ਤੇ ਸਿੱਖ ਸਮਾਜ ਦੇ ਉਪਰਲੇ ਵਰਗਾਂ ਦਾ ਆਪਣੀ ਅਮੀਰੀ ਅਤੇ ਤਾਕਤ ਕਰਕੇ ਪਤਨ ਹੋ ਗਿਆ ਸੀ। ਬਾਲਕ ਸਿੰਘ ਨੇ ਬਹੁਤ ਹੀ ਸਾਧਾਰਨ ਅਤੇ ਸਹਿਜ ਜੀਵਨ ਬਿਤਾਉਣ ਦਾ ਪ੍ਰਚਾਰ ਕੀਤਾ। ਜਿਸ ਦਾ ਰਾਮ ਸਿੰਘ ਤੇ ਬਹੁਤ ਅਸਰ ਹੋਇਆ। ਇਸ ਪ੍ਰਭਾਵ ਦੇ ਸਿੱਟੇ ਵਜੋਂ ਕੁਝ ਸਾਲਾਂ ਬਾਅਦ ਰਾਮ ਸਿੰਘ ਨੇ ਸੈਨਾ ਤੋਂ ਅਸਤੀਫਾ ਦੇ ਦਿੱਤਾ ਅਤੇ ਹੁਣ ਧਰਮ ਪ੍ਰਚਾਰ ਦੇ ਕੰਮ ਵਿੱਚ ਲੱਗ ਗਏ। ਉਨ੍ਹਾਂ ਨੇ ਸਮਾਜ ਨੂੰ ਸੁਧਾਰਨ ਅਤੇ ਵਿਕਸਿਤ ਕਰਨ ਦਾ ਕੰਮ ਸ਼ੁਰੂ ਕੀਤਾ। 1857 ਈ: ਵਿੱਚ ਬਾਬਾ ਬਾਲਕ ਸਿੰਘ ਦਾ ਅਕਾਲ ਚਲਾਣਾ ਹੋ ਗਿਆ, ਪਰ ਇਸ ਤੋਂ ਪਹਿਲਾਂ ਉਨ੍ਹਾਂ ਨੇ ਆਪਣਾ ਉਤਰਾਧਿਕਾਰੀ ਥਾਪ ਦਿੱਤਾ।

**ਬਾਬਾ ਰਾਮ ਸਿੰਘ ਅਤੇ ਕੂਕਾ ਲਹਿਰ ਦਾ ਜਨਮ :–** ਬਾਬਾ ਰਾਮ ਸਿੰਘ ਨੇ ਕੂਕਾ ਲਹਿਰ ਨੂੰ ਚਲਾਇਆ, ਜਿਸ ਨੂੰ ਨਾਮਧਾਰੀ ਲਹਿਰ ਕਿਹਾ ਜਾਂਦਾ ਹੈ। ਬਾਬਾ ਜੀ ਦਾ ਧਰਮ ਵਿੱਚ ਅਟੁੱਟ ਵਿਸ਼ਵਾਸ ਸੀ। ਬਾਬਾ ਰਾਮ ਸਿੰਘ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਤਨ, ਮਨ ਅਤੇ ਬਹੁਤ ਉਤਸ਼ਾਹ ਨਾਲ ਆਪਣੀ ਸਮਾਜਿਕ, ਧਾਰਮਿਕ ਲਹਿਰ ਨੂੰ ਚਲਾਇਆ। ਇਹ ਲਹਿਰ ਬਹੁਤ ਛੇਤੀ ਹੀ ਹਰਮਨ ਪਿਆਰੀ ਬਣ ਗਈ। ਇਸ ਨੂੰ 'ਕੂਕਾ ਲਹਿਰ' ਦੇ ਨਾਉਂ ਨਾਲ ਜਾਣਿਆ ਜਾਣ ਲੱਗ ਪਿਆ। ਆਪਣੇ ਉਦੇਸ਼ ਵਿੱਚ ਪ੍ਰਾਪਤੀ ਲਈ ਉਨ੍ਹਾਂ ਆਮ ਲੋਕਾਂ ਨੂੰ ਅੰਮ੍ਰਿਤ ਜਾਂ ਪਾਹੁਲ ਛਕਾਉਣ ਦਾ ਫੈਸਲਾ ਹੋਇਆ। ਇਸ ਸੰਗਠਨ ਦੇ ਮੈਂਬਰਾਂ ਨੂੰ ਸਫੈਦ ਕੱਪੜੇ ਪਾਉਣੇ ਸਨ, ਸਫੈਦ ਪੱਗੜੀ ਗੋਲ ਤਰੀਕੇ ਨਾਲ ਬੰਨਣੀ ਸੀ ਅਤੇ ਗਲ ਵਿੱਚ ਉਨ ਦੀ ਮਾਲਾ ਪਾਉਣੀ ਹੁੰਦੀ ਸੀ। ਉਨ੍ਹਾਂ ਨੂੰ ਸਤ ਸ੍ਰੀ ਅਕਾਲ ਦੀ ਥਾਂ ਤੇ ਸਤ ਸ੍ਰੀ-ਅਕਾਲ-ਪੁਰਖ ਕਹਿਣ ਲਈ ਕਿਹਾ ਗਿਆ। ਇਸ ਨਵੇਂ ਸਮਾਜ ਲਈ ਇਹ ਅਨੁਸ਼ਾਸਨ ਲਾਗੂ ਕੀਤਾ ਗਿਆ, ਇਸ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਸੀ। ਉਨ੍ਹਾਂ ਨੂੰ ਦੇਵੀ ਦੁਆਰੇ, ਸ਼ਿਵ ਦੁਆਰੇ, ਮੰਦਿਰਾਂ, ਦਰਗਾਹਾਂ, ਮੜ੍ਹੀਆਂ, ਖਾਨਗਾਹਾਂ, ਕਬਰਾਂ, ਮਜਾਰਾਂ ਅਤੇ ਸਮਾਧੀਆਂ ਤੇ ਜਾਣ ਦੀ ਸਖਤ ਮਨਾਹੀ ਸੀ। ਉਨ੍ਹਾਂ ਨੂੰ ਸੂਫੀਆਂ, ਮਹੰਤਾਂ, ਬੈਦੀਆਂ, ਬ੍ਰਾਹਮਣਾਂ ਨੂੰ ਪੁੱਜਣ ਦੀ ਵੀ ਮਨਾਹੀ ਕੀਤੀ ਗਈ। ਉਨ੍ਹਾਂ ਨੂੰ ਇੱਕ ਈਸ਼ਵਰ ਵਿੱਚ ਵਿਸ਼ਵਾਸ ਕਰਨ ਲਈ ਕਿਹਾ ਗਿਆ ਅਤੇ ਆਦੇਸ਼ ਦਿੱਤਾ ਗਿਆ ਕਿ ਉਹ ਆਪਣਾ ਧਾਰਮਿਕ ਗ੍ਰੰਥ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਣ।

**ਕੂਕਾ ਲਹਿਰ ਦੇ ਸਿਧਾਂਤ ਅਤੇ ਉਪਦੇਸ਼ :–** ਇਸ ਮਤ ਨੂੰ ਮੰਨਣ ਵਾਲਿਆਂ ਨੂੰ ਇੰਨ੍ਹਾਂ ਗੱਲਾਂ ਦਾ ਪਾਲਨ ਕਰਨ ਲਈ ਕਿਹਾ ਗਿਆ :– (1) ਇੱਕ ਈਸ਼ਵਰ ਦੀ ਭਗਤੀ ਅਤੇ ਪ੍ਰਾਰਥਨਾ ਤੇ ਜ਼ੋਰ ਦਿੱਤਾ; (2) ਚੰਗੇ ਕਰਮ ਕਰਨ ਤੇ ਜ਼ੋਰ ਦਿੱਤਾ; (3) ਚੋਰੀ, ਝੂਠ, ਚੁਗਲੀ ਅਤੇ ਮਿਲਾਵਟ ਆਦਿ ਬੁਰਾਈਆਂ ਤੋਂ ਦੂਰ ਰਹਿਣ ਲਈ ਕਿਹਾ; (4) ਨਸ਼ੀਲੀਆਂ ਚੀਜ਼ਾਂ – ਸ਼ਰਾਬ, ਭੰਗ ਅਤੇ ਅਫੀਮ ਦੀ ਵਰਤੋਂ ਦੀ ਮਨਾਹੀ ਕੀਤੀ; (5) ਕੂਕਾ ਲਹਿਰ ਦੀ ਸਮਾਜਿਕ, ਨੈਤਿਕਤਾ ਦਾ ਇੱਕ ਮਹੱਤਵਪੂਰਨ ਸਿਧਾਂਤ ਗਊ ਹੱਤਿਆ ਨੂੰ ਬੰਦ ਕਰਾਉਣਾ ਸੀ; (6) ਭਿਖਿਆ ਮੰਗਣਾ ਅਤੇ ਜੀਵਾਂ ਨੂੰ ਮਾਰਣ ਦੀ ਸਖਤ ਮਨਾਹੀ ਕੀਤੀ। ਇਸ ਦੇ ਨਾਲ ਮਿਹਨਤ ਦੀ ਕਮਾਈ ਹਾਸਿਲ ਕਰਨ ਤੇ ਜ਼ੋਰ ਦਿੱਤਾ; (7) ਉਨ੍ਹਾਂ ਨੇ ਜਾਤ-ਪਾਤ ਦੇ ਆਧਾਰ ਤੇ ਕੋਈ ਫਰਕ ਨਹੀਂ ਮੰਨਣਾ ਸੀ। ਦੂਜੇ ਸ਼ਬਦਾਂ ਵਿੱਚ ਉਨ੍ਹਾਂ ਨੂੰ ਕਿਸੀ ਉੱਚੀ ਜਾਂ ਨੀਵੀਂ ਜਾਤ ਵਿੱਚ ਵਿਸ਼ਵਾਸ ਨਹੀਂ ਕਰਨਾ ਸੀ। ਉਨ੍ਹਾਂ ਦਾ ਯਕੀਨ ਸੀ ਕਿ ਸਭ ਮਨੁੱਖ ਇੱਕ ਈਸ਼ਵਰ ਦੀ ਦੇਣ ਹਨ। ਉਹ ਸਭ ਭਰਾ-ਭਰਾ ਹਨ, ਅਤੇ ਹਰ ਪੱਖ ਤੋਂ ਬਰਾਬਰ ਹਨ। ਉਨ੍ਹਾਂ ਨੇ ਇਸ ਬਰਾਬਰੀ ਦੇ ਸਿਧਾਂਤ ਨੂੰ ਆਦਮੀ ਅਤੇ ਇਸਤਰੀ ਦੇ ਸੰਬੰਧਾਂ ਵਿੱਚ ਵੀ ਅਪਨਾਉਣ ਤੇ ਜ਼ੋਰ ਦਿੱਤਾ। ਇਸ ਤੋਂ ਭਾਵ ਇਹ ਸੀ ਕਿ ਉਹ ਇਸਤਰੀ ਨੂੰ ਮਨੁੱਖ ਦੇ ਬਰਾਬਰ ਅਧਿਕਾਰ ਦੇਣ ਦੇ ਹੱਕ ਵਿੱਚ ਸਨ। ਉਹ ਜੰਮਦੀਆਂ ਕੁੜੀਆਂ ਨੂੰ ਮਾਰਨ, ਇਸਤਰੀਆਂ ਨੂੰ ਜਬਰਦਸਤੀ ਵਿਧਵਾ ਰੱਖਣ, ਦਾਜ ਪ੍ਰਥਾ ਅਤੇ ਪੈਸਾ ਲੈ ਕੇ ਲੜਕੀਆਂ ਦੀ ਸ਼ਾਦੀ ਆਦਿ ਦੇ ਖਿਲਾਫ ਸਨ ਅਤੇ ਉਨ੍ਹਾਂ ਨੇ ਇਨ੍ਹਾਂ ਬੁਰਾਈਆਂ ਨੂੰ ਬਹੁਤ ਸਖਤੀ ਨਾਲ ਬੰਦ ਕੀਤਾ। ਉਨ੍ਹਾਂ ਨੇ ਸਿੱਖ ਧਰਮ ਦੇ ਅਸੂਲਾਂ ਰਾਹੀਂ ਸਾਧਾਰਣ ਤਰੀਕੇ ਨਾਲ ਬਿਨਾਂ ਜ਼ਿਆਦਾ ਖਰਚ ਕੀਤਿਆਂ ਵਿਆਹ ਕਰਨ ਦਾ ਪ੍ਰਚਾਰ ਕੀਤਾ।

**ਕੂਕਾ ਲਹਿਰ ਨੂੰ ਚਲਾਉਣ ਦਾ ਅਸਲੀ ਉਦੇਸ਼ :–** ਇਥੇ ਇਹ ਯਾਦ ਰੱਖਣਾ ਬਹੁਤ ਜ਼ਰੂਰੀ ਹੈ ਕਿ ਬਾਬਾ ਰਾਮ ਸਿੰਘ ਦਾ ਉਦੇਸ਼ ਕੋਈ ਨਵਾਂ ਸਮਾਜ ਚਲਾਉਣਾ ਨਹੀਂ ਸੀ ਅਤੇ ਨਾ ਹੀ ਕੋਈ ਨਵਾਂ ਧਰਮ ਕਾਇਮ ਕਰਨਾ ਸੀ। ਉਹ ਤਾਂ ਆਪਣੇ ਸਾਥੀਆਂ ਨੂੰ ਸਰੀਰਕ ਤੌਰ ਤੇ ਮਜ਼ਬੂਤ ਅਤੇ ਹੀਰੋ ਬਣਾਉਣਾ ਚਾਹੁੰਦੇ

ਸਨ। ਇਹੀ ਕਾਰਨ ਸੀ ਕਿ ਉਨ੍ਹਾਂ ਕੂਕਿਆਂ ਨੂੰ ਇਹ ਆਦੇਸ਼ ਦਿੱਤਾ ਗਿਆ ਕਿ ਉਹ ਗਊਆਂ ਅਤੇ ਮੱਝਾਂ ਪਾਲਣ, ਦੁੱਧ ਦਾ ਜ਼ਿਆਦਾ ਤੋਂ ਜ਼ਿਆਦਾ ਇਸਤੇਮਾਲ ਕਰਨ, ਖੁਦ ਨੂੰ ਤਾਕਤਵਰ ਅਤੇ ਸਾਹਸੀ ਬਣਾਉਣ। ਬਾਬਾ ਜੀ ਨੇ ਆਪਣੇ ਸੇਵਕਾਂ ਵਿੱਚ ਮਿਹਨਤ ਕਰਨ ਦੀ ਆਦਤ ਪੈਦਾ ਕੀਤੀ। ਉਨ੍ਹਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਚੰਗੀ ਨਸਲ ਦੇ ਘੋੜੇ ਪਾਲਣ, ਘੋੜ ਸਵਾਰੀ ਸਿੱਖਣ, ਭਾਰੀ ਅਤੇ ਵੱਡੀਆਂ ਡਾਂਗਾਂ ਰੱਖਣ, ਗੱਤਕਾ ਖੇਡਣ ਅਤੇ ਤਲਵਾਰਾਂ ਚਲਾਉਣਾ ਵੀ ਸਿੱਖਣ। ਕੂਕਾ ਮਤ ਵਾਲਿਆਂ ਨੂੰ ਚੰਡੀ ਦਾ ਪਾਠ ਕਰਨ ਦਾ ਹੁਕਮ ਕੀਤਾ ਗਿਆ। ਚੰਡੀ ਦੀ ਵਾਰ ਵਿੱਚ ਦੇਵੀ ਦੁਰਗਾ ਅਤੇ ਰਾਕਸ਼ਾਂ ਵਿੱਚ ਹੋਈਆਂ ਲੜਾਈਆਂ ਦਾ ਵਰਣਨ ਕੀਤਾ ਗਿਆ ਸੀ। ਇਸ ਵਿੱਚ ਬੁਰਾਈ ਤੇ ਚੰਗਿਆਈ ਦੀ ਜਿੱਤ ਦੱਸੀ ਹੈ।

**ਕੂਕਾ ਲਹਿਰ ਨੂੰ ਫੈਲਾਉਣਾ** :– ਇਸ ਨਵੇਂ ਮਤ ਅਤੇ ਸੰਗਠਨ ਦੀ ਸਫਲਤਾ ਲਈ ਅਤੇ ਇਸ ਲਹਿਰ ਦੇ ਪ੍ਰੋਗਰਾਮਾਂ ਦੀ ਕਾਮਯਾਬੀ ਦੀ ਖਾਤਰ ਇਸ ਸੰਗਠਨ ਨੂੰ ਬਹੁਤ ਵੱਡੇ ਪੱਧਰ ਤੇ ਵਿਕਸਿਤ ਕੀਤਾ ਗਿਆ। ਇਸ ਸੰਗਠਨ ਵਿੱਚ ਸੂਬਾ, ਨਾਇਬ ਸੂਬਾ, ਜੱਥੇਦਾਰ ਅਦਿ ਸ਼ਾਮਿਲ ਸਨ। ਇਸ ਸੰਗਠਨ ਦੇ ਇਹ ਪ੍ਰਤੀਨਿਧ ਇਕ ਨਿਸ਼ਚਿਤ ਇਲਾਕੇ ਜਾਂ ਇਕਾਈ ਵਿੱਚ ਕੰਮ ਕਰਦੇ ਸਨ ਅਤੇ ਭੈਣੀ ਵਿੱਚ ਇਸ ਸੰਗਠਨ ਦੇ ਕੇਂਦਰ ਨਾਲ ਸੰਬੰਧ ਬਣਾ ਕੇ ਰੱਖਦੇ ਸਨ। ਉਹ ਆਪਸ ਵਿੱਚ ਵੀ ਸੰਬੰਧ ਬਣਾ ਕੇ ਰੱਖਦੇ ਸਨ ਅਤੇ ਨਾਲ ਹੀ ਇਨ੍ਹਾਂ ਨੇ ਆਪਣੇ ਸੰਬੰਧਾਂ ਨੂੰ ਬਣਾਈ ਰੱਖਣ ਲਈ ਗੁਪਤ ਡਾਕ ਵਿਵਸਥਾ ਨੂੰ ਅਪਣਾਇਆ ਅਤੇ ਵਿਕਸਿਤ ਕੀਤਾ। ਜਦੋਂ ਇਹ ਲਹਿਰ ਇੱਕ ਵਾਰ ਅੱਗੇ ਵਧਣੀ ਸ਼ੁਰੂ ਹੋਈ ਤਾਂ ਛੇਤੀ ਹੀ ਇਸ ਨੇ ਹੋਰ ਤੇਜ਼ੀ ਨਾਲ ਵੱਧਣਾ ਸ਼ੁਰੂ ਕਰ ਦਿੱਤਾ। ਇਹ ਲਹਿਰ ਸ਼ੁਰੂ ਤੋਂ ਹੀ ਖਾਲਸਾ ਸੈਨਾ ਤੋਂ ਕੱਢੇ ਗਏ ਸਿਪਾਹੀਆਂ ਦੇ ਹੱਥ ਵਿੱਚ ਰਹੀ। ਇਹੀ ਕਾਰਨ ਸੀ ਕਿ ਸ਼ੁਰੂ ਤੋਂ ਇਸ ਸੁਧਾਰ ਲਹਿਰ ਨੂੰ ਸੈਨਿਕ ਤੱਤ ਪ੍ਰਾਪਤ ਹੋਏ ਅਤੇ ਇਸ ਲਹਿਰ ਨੇ ਸੈਨਿਕਵਾਦ ਦੀ ਭਾਵਨਾ ਨੂੰ ਅਪਣਾਇਆ।

1863 ਈ: ਵਿੱਚ ਜਦੋਂ ਸਰਕਾਰ ਦਾ ਧਿਆਨ ਕੂਕਾ ਸੰਗਠਨ ਵੱਲ ਹੋਇਆ ਤਾਂ ਕੂਕਾ ਸੰਘ ਇੱਕ ਬਹੁਤ ਵੱਡਾ ਸੰਗਠਨ ਬਣ ਚੁੱਕਿਆ ਸੀ। ਇਸ ਵਿੱਚ ਸੰਤ ਸਿਪਾਹੀ ਸਨ, ਜਿਹੜੇ ਹਥਿਆਰ ਅਤੇ ਡਾਂਗਾਂ ਆਪਣੇ ਕੋਲ ਰੱਖਦੇ ਸਨ ਅਤੇ ਕਸਰਤ ਕਰਦੇ ਸਨ। ਬ੍ਰਿਟਿਸ਼ ਸਰਕਾਰ ਨੂੰ ਇਸ ਸੰਗਠਨ ਦੀਆਂ ਕਾਰਵਾਈਆਂ ਤੋਂ ਕਾਫੀ ਚਿੰਤਾ ਹੋਈ ਅਤੇ ਉਨ੍ਹਾਂ ਨੇ ਇਸ ਨੂੰ ਬਹੁਤ ਗੰਭੀਰਤਾ ਨਾਲ ਵੇਖਿਆ। ਬਾਬਾ ਰਾਮ ਸਿੰਘ ਅਤੇ ਉਸ ਦੇ ਕਈਆਂ ਸਾਥੀਆਂ ਤੋਂ ਪੁੱਛ-ਗਿੱਛ ਕੀਤੀ ਗਈ, ਜਦੋਂ ਉਹ ਅਪ੍ਰੈਲ 1861 ਵਿੱਚ ਅੰਮ੍ਰਿਤਸਰ ਗਏ ਸਨ। ਸਿੱਟੇ ਵਜੋਂ ਕੂਕਿਆਂ ਵਿੱਚ ਨਰਾਜ਼ਗੀ ਦੀ ਭਾਵਨਾ ਪੈਦਾ ਹੋਈ। ਉਹ ਕਾਫੀ ਸਮੇਂ ਤੋਂ ਵਿਦੇਸ਼ੀ ਸਰਕਾਰ ਅਤੇ ਸ਼ਾਸਕਾਂ ਦੇ ਖਿਲਾਫ ਨਰਾਜ਼ਗੀ ਦੀ ਭਾਵਨਾ ਰੱਖਦੇ ਆ ਰਹੇ ਸਨ। ਇਸ ਲਈ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਫਰੰਗੀ ਕਹਿਣਾ ਸ਼ੁਰੂ ਕਰ ਦਿੱਤਾ। ਅਸਲ ਵਿੱਚ ਕੂਕਿਆਂ ਦੇ ਮਨ ਵਿੱਚ ਰਾਜਨੀਤਿਕ ਸੱਤਾ ਚਲੇ ਜਾਣ ਕਾਰਨ ਨਰਾਜ਼ਗੀ ਹੀ ਪੈਦਾ ਨਹੀਂ ਹੋਈ ਸੀ, ਸਗੋਂ ਇਹ ਬ੍ਰਿਟਿਸ਼ ਸਰਕਾਰ ਦੇ ਦੁਸ਼ਮਣ ਇਸ ਲਈ ਬਣੇ ਕਿਉਂਕਿ ਉਨ੍ਹਾਂ ਨੇ ਆਪਣੀ ਰਾਜਨੀਤਿਕ ਸੱਤਾ ਨੂੰ ਸਥਾਪਿਤ ਕਰਨ ਤੋਂ ਬਾਅਦ ਇੱਥੋਂ ਦੀ ਸੰਸਕ੍ਰਿਤੀ ਅਤੇ ਧਰਮ ਉੱਪਰ ਹਮਲੇ ਕੀਤੇ। ਇਸਾਈ ਮਿਸ਼ਨਰੀਆਂ ਨੇ ਆਪਣੇ ਸਕੂਲਾਂ ਰਾਹੀਂ ਬਹੁਤ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੂੰ ਇਸਾਈ ਧਰਮ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ। ਸੱਤਾ ਦੇ ਚਲੇ ਜਾਣ ਦੀ ਉਨ੍ਹਾਂ ਨੂੰ ਤਕਲੀਫ ਨਹੀਂ ਸੀ, ਸਗੋਂ ਸੰਸਕ੍ਰਿਤਕ ਹਮਲੇ ਜਿਹੜੇ ਰਾਜਨੀਤਿਕ ਸੱਤਾ ਜਾਣ ਅਤੇ ਧਰਮ ਪਰਿਵਰਤਨ ਦੇ ਨਤੀਜੇ ਵਜੋਂ ਵਾਪਰੇ ਸਨ, ਉਹ ਤਕਲੀਫ ਦੇ ਰਹੇ ਸਨ। ਸਰਕਾਰ ਨੇ ਕੂਕਾ ਸੰਗਠਨ ਦੇ ਵਿਰੁੱਧ ਸਖਤ ਕਦਮ ਚੁੱਕਣ ਵਿੱਚ ਨਾ ਤਾਂ ਢਿੱਲ ਵਰਤੀ ਅਤੇ ਨਾ ਹੀ ਸਮਾਂ ਬਰਬਾਦ ਕੀਤਾ ਅਤੇ ਪੁਲਿਸ ਨੂੰ ਹੁਕਮ ਦਿੱਤਾ ਕਿ ਇਸ ਸੰਗਠਨ ਤੇ ਕਰੜੀ ਨਿਗਰਾਨੀ ਰੱਖੀ ਜਾਵੇ ਅਤੇ ਇਸ ਦੇ ਨੇਤਾ ਬਾਬਾ ਰਾਮ ਸਿੰਘ ਨੂੰ ਉਸ ਦੇ ਪਿੰਡ ਭੈਣੀ ਵਿੱਚ ਨਜ਼ਰਬੰਦ ਰੱਖਿਆ ਜਾਵੇ।

**ਇਸ ਨੀਤੀ ਦੇ ਨਤੀਜੇ** :– ਪਰ ਸਰਕਾਰ ਨੇ ਸੋਚਿਆ ਸੀ ਕਿ ਇਸ ਲਹਿਰ ਨੂੰ ਸਖਤੀ ਨਾਲ ਦਬਾ ਦਿੱਤਾ ਜਾਵੇਗਾ, ਉਹ ਪੂਰਾ ਨਾ ਹੋਇਆ, ਸਗੋਂ ਸਿੱਟੇ ਉਲਟੇ ਨਿਕਲੇ। ਬ੍ਰਿਟਿਸ਼ ਸਰਕਾਰ ਦੀ ਇਹ ਕੁਚਲਣ ਦੀ ਨੀਤੀ ਕੂਕਿਆਂ ਅਤੇ ਕੂਕਾ ਲਹਿਰ ਵਿੱਚ ਵਰਦਾਨ ਸਾਬਿਤ ਹੋਈ। ਹੁਣ ਬਾਬਾ ਰਾਮ ਸਿੰਘ ਦੇ ਆਸ-ਪਾਸ ਬਹੁਤ ਵੱਡੀ ਗਿਣਤੀ ਵਿੱਚ ਲੋਕ ਇੱਕਠੇ ਹੋਏ ਅਤੇ ਉਹਨਾਂ ਦੀ ਮਹੱਤਤਾ ਵੱਧ ਗਈ। ਲੋਕਾਂ ਨੇ ਭੈਣੀ ਨੂੰ ਤੀਰਥ

ਅਸਥਾਨ ਵਾਂਗ ਸਮਝ ਕੇ ਉਥੇ ਜਾਣਾ ਸ਼ੁਰੂ ਕਰ ਦਿੱਤਾ। 1863 ਈ. ਵਿੱਚ ਕੂਕੇ ਹਜ਼ਾਰਾਂ ਦੀ ਗਿਣਤੀ ਵਿੱਚ ਹੋ ਗਏ। ਸਤ ਕੁ ਵਰ੍ਹਿਆਂ ਵਿੱਚ ਉਹਨਾਂ ਦੀ ਗਿਣਤੀ ਲੱਖਾਂ ਵਿੱਚ ਹੋ ਗਈ। ਇਹਨਾਂ ਦੀ ਵੱਧਦੀ ਹੋਈ ਗਿਣਤੀ ਦੇ ਬਾਰੇ ਸਰਕਾਰੀ ਤੌਰ ਤੇ ਦੋ ਕਾਰਨ ਦੱਸੇ ਗਏ :-

ਪਹਿਲਾਂ ਕਾਰਣ ਤਾਂ ਇਹ ਸੀ ਕਿ ਕੂਕਾ ਲਹਿਰ ਦੇ ਮੁੱਖੀ ਦਾ ਵਿਅਕਤਿੱਤਵ ਬਹੁਤ ਹੀ ਉਚੇ ਦਰਜੇ ਦਾ ਸੀ ਜਿਸ ਨੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਅਤੇ ਦੂਜਾ ਕਾਰਨ ਸੰਗਠਨ ਦੀ ਕੁਸ਼ਲਤਾ ਜਾਂ ਇਸ ਸੰਗਠਨ ਦੀ ਨਿਪੁੰਨਤਾ ਸੀ।

ਆਪਣੀ ਵੱਧਦੀ ਹੋਈ ਗਿਣਤੀ ਤੋਂ ਉਹ ਉਤਸ਼ਾਹਿਤ ਹੋਣ ਲੱਗੇ ਅਤੇ ਉਹਨਾਂ ਦਾ ਗੁੱਸਾ ਖਾਸ ਤੌਰ ਤੇ ਮਕਬਰਿਆਂ, ਕਬਰਾਂ ਅਤੇ ਸਮਾਧੀਆਂ ਦੇ ਖਿਲਾਫ ਸੀ। ਉਹਨਾਂ ਨੇ ਮਿਸ਼ਨਰੀ ਭਾਵਨਾ ਨਾਲ ਅਗਾਂਹ ਵਧੂ ਹਮਲੇ ਕਰਨੇ ਸ਼ੁਰੂ ਕੀਤੇ। ਉਹਨਾਂ ਸਾਰੇ ਧਾਰਮਿਕ ਲੋਕਾਂ ਦੇ ਖਿਲਾਫ ਪ੍ਰਚਾਰ ਸ਼ੁਰੂ ਕੀਤਾ ਜਿਹੜੇ ਉਹਨਾਂ ਦੇ ਰਸਤੇ ਵਿੱਚ ਰੋੜਾ ਸਨ; ਪਰ ਕੁੱਝ ਸਮੇਂ ਬਾਅਦ ਬਾਬਾ ਰਾਮ ਸਿੰਘ ਦੇ ਹੁਕਮ ਤੇ ਇਹ ਹਮਲੇ ਬੰਦ ਕਰ ਦਿੱਤੇ ਗਏ ਕਿਉਂਕਿ ਇਸ ਨਾਲ ਕੂਕਾ ਸੰਗਠਨ ਨੂੰ ਬਦਨਾਮੀ ਹੀ ਮਿਲਣੀ ਸੀ।

ਕੂਕਿਆਂ ਦੇ ਵੱਧਦੇ ਹੋਏ ਵਿਕਾਸ ਨੇ ਸਰਕਾਰ ਨੂੰ ਦੁਬਾਰਾ ਸੋਚਣ ਲਈ ਮਜ਼ਬੂਰ ਕੀਤਾ ਕਿ ਕੂਕਿਆਂ ਅਤੇ ਉਹਨਾਂ ਦੇ ਸੰਗਠਨ ਦੇ ਖਿਲਾਫ ਕਿਹੋ ਜਿਹਾ ਵਿਵਹਾਰ ਅਪਣਾਇਆ ਜਾਵੇ। ਉਸ ਸਮੇਂ ਦੇ ਹਾਲਤਾਂ ਦਾ ਜਾਇਜ਼ਾ ਲੈਂਦਿਆਂ ਹੋਇਆ ਉਹਨਾਂ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਉਹਨਾਂ ਨੂੰ ਸਖਤੀ ਦੀ ਨੀਤੀ ਵਿੱਚ ਕਾਮਯਾਬੀ ਪ੍ਰਾਪਤ ਨਹੀਂ ਹੋਵੇਗੀ। ਉਹਨਾਂ ਇਹ ਵੀ ਮਹਿਸੂਸ ਕੀਤਾ ਕਿ ਉਹਨਾ ਦੀ ਕੁਚਲਣ ਵਾਲੀ ਨੀਤੀ ਪੂਰੀ ਤਰ੍ਹਾਂ ਅਸਫਲ ਹੋ ਗਈ ਸੀ, ਇਸ ਲਈ ਉਹਨਾਂ ਨੇ ਇਸ ਨੀਤੀ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ। ਇਕ ਵਾਰ ਫਿਰ ਸਰਕਾਰ ਨੂੰ ਆਪਣੀ ਇਸ ਸੋਚ ਵਿੱਚ ਅਸਫਲਤਾ ਮਿਲੀ। ਸਰਕਾਰ ਨੂੰ ਉਮੀਦ ਸੀ ਕਿ ਕੂਕਾ ਅਤੇ ਉਹਨਾਂ ਦਾ ਸੰਗਠਨ ਸ਼ਾਂਤ ਅਤੇ ਕਮਜ਼ੋਰ ਹੋ ਜਾਵੇਗਾ, ਪਰ ਕੂਕਿਆਂ ਦੀਆਂ ਕਾਰਵਾਈਆਂ ਹਰ ਰੋਜ਼ ਵੱਧਣ ਲੱਗੀਆਂ। ਜਿਸ ਦਾ ਸਬੂਤ ਦੋ ਗੱਲਾਂ ਤੋਂ ਮਿਲਦਾ ਹੈ। ਪਹਿਲਾਂ ਕੂਕਿਆਂ ਨੇ ਪੰਜਾਬ ਦੀਆਂ ਰਿਆਸਤਾਂ ਨਾਲ ਆਪਣੇ ਸੰਬੰਧ ਕਾਇਮ ਕਰਨੇ ਸ਼ੁਰੂ ਕਰ ਦਿੱਤੇ ਅਤੇ ਦੂਜਾ ਉਹਨਾਂ ਨੇ ਗਊ ਹੱਤਿਆਂ ਕਰਨ ਵਾਲੇ ਕਸਾਈਆਂ ਤੇ ਕਾਤਲਾਨਾ ਹਮਲੇ ਕਰਨੇ ਸ਼ੁਰੂ ਕਰ ਦਿੱਤੇ।

**ਕੂਕਿਆਂ ਦੇ ਹੋਰਾਂ ਨਾਲ ਸੰਬੰਧ** :- ਜਿਥੋਂ ਤੱਕ ਰਿਆਸਤਾਂ ਦਾ ਸੰਬੰਧ ਹੈ ਜੰਮੂ-ਕਸ਼ਮੀਰ ਅਤੇ ਨੇਪਾਲ ਵੱਲ ਖਾਸ ਧਿਆਨ ਦਿੱਤਾ ਗਿਆ। ਕਹਿਣ ਦਾ ਭਾਵ ਹੈ ਕਿ ਕੂਕਿਆਂ ਨੇ ਆਪਣੀ ਕਾਰਵਾਈਆਂ ਹੋਰ ਰਾਜਾਂ ਵਿੱਚ ਸ਼ੁਰੂ ਕੀਤੀਆਂ। ਉਹਨਾਂ ਸਭ ਤੋਂ ਪਹਿਲਾਂ ਜੰਮੂ-ਕਸ਼ਮੀਰ ਰਾਜ ਵਿੱਚ ਕਾਰਜ ਸ਼ੁਰੂ ਕੀਤਾ। ਜੰਮੂ-ਕਸ਼ਮੀਰ ਵਿੱਚ ਕੂਕਿਆਂ ਨੇ ਇਕ ਨਿਯਮਤ ਕੂਕਾ ਕੰਪਨੀ ਸੂਬਾ ਕਰਨਲ ਹੀਰਾ ਸਿੰਘ ਦੀ ਅਗਵਾਈ ਹੇਠ ਸੰਗਠਿਤ ਕੀਤੀ। ਹੀਰਾ ਸਿੰਘ ਸਢੋਰਾ ਦਾ ਰਹਿਣ ਵਾਲਾ ਸੀ। ਇਸ ਦੇ ਨਾਲ ਹੀ ਇਕ ਕੂਕਾ ਮਿਸ਼ਨ ਜਿਸ ਵਿੱਚ ਦੋ ਸੀਨੀਅਰ ਸੂਬੇ ਸ਼ਾਮਲ ਸਨ, ਨੇਪਾਲ ਭੇਜਿਆ ਗਿਆ। ਇਸ ਮਿਸ਼ਨ ਦਾ ਉਦੇਸ਼ ਗੋਰਖਾ ਸੈਨਾ ਵਿੱਚ ਉਹਨਾਂ ਲਈ ਥਾਂ ਬਣਾਉਣਾ ਸੀ। ਇਸ ਮਿਸ਼ਨ ਨੇ ਨੇਪਾਲ ਦੇ ਰਾਜਾ ਨਾਲ ਕਈ ਗੁਪਤ ਮੀਟਿੰਗਾਂ ਕੀਤੀਆਂ ਅਤੇ ਜਦੋਂ ਇਹ ਮਿਸ਼ਨ ਵਾਪਸ ਮੁੜਿਆ ਤਾਂ ਰਾਜਾ ਨੇ ਕੂਕਾ ਨੇਤਾਵਾਂ ਨੂੰ ਚੰਗੀ ਵਿਦਾਇਗੀ ਦਿੱਤੀ ਅਤੇ ਬਾਬਾ ਰਾਮ ਸਿੰਘ ਲਈ ਕਈ ਕੀਮਤੀ ਤੋਹਫੇ ਭੇਜੇ; ਪਰ ਕੂਕਿਆਂ ਦੀਆਂ ਇਹਨਾਂ ਦੋਹਾਂ ਰਾਜਾਂ ਨਾਲ ਸਬੰਧ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਬੇਕਾਰ ਸਾਬਿਤ ਹੋਈਆਂ ਕਿਉਂਕਿ ਜੰਮੂ-ਕਸ਼ਮੀਰ ਅਤੇ ਨੇਪਾਲ ਦੇ ਸ਼ਾਸਕ ਉਹਨਾਂ ਦੀ ਖਾਤਰ ਅੰਗਰੇਜ਼ਾਂ ਨਾਲ ਆਪਣੇ ਸਬੰਧ ਖਰਾਬ ਨਹੀਂ ਕਰਨਾ ਚਾਹੁੰਦੇ ਸਨ। ਕੂਕਾ ਅਸਲ ਵਿੱਚ ਵਿਦੇਸ਼ੀ ਸ਼ਾਸਨ ਦਾ ਅੰਤ ਕਰਕੇ ਖਾਲਸਾ ਰਾਜ ਨੂੰ ਸਥਾਪਿਤ ਕਰਨਾ ਚਾਹੁੰਦੇ ਸਨ, ਉਸ ਖਾਲਸਾ ਰਾਜ ਨੂੰ ਜਿਸ ਨੇ ਗਊ ਹੱਤਿਆ ਬੰਦ ਕਰਵਾਈ ਸੀ।

**ਉਹਨਾ ਦੀ ਕਸਾਈਆਂ ਵਿਰੁੱਧ ਲੜਾਈ** :- ਕਸਾਈਆਂ ਜਾਂ ਗਊ ਹੱਤਿਆਰਿਆਂ ਦੇ ਖਿਲਾਫ ਉਨ੍ਹਾਂ ਨੇ ਆਪਣੀ ਲੜਾਈ ਸਭ ਤੋਂ ਪਹਿਲਾਂ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚ ਸ਼ੁਰੂ ਕੀਤੀ। ਜਦੋਂ ਉਨ੍ਹਾਂ 15 ਜੂਨ 1871 ਦੀ ਰਾਤ ਨੂੰ 12 ਤੋਂ 1 ਵਜੇ ਦੇ ਵਿਚਕਾਰ ਉਥੇ ਦੇ ਬੁਚੜ ਖਾਨੇ ਤੇ ਹਮਲਾ ਕੀਤਾ। ਹਮਲਾ ਕਰਨ ਵਾਲਿਆਂ ਦੀ ਗਿਣਤੀ 10 ਸੀ। ਇਸ ਹਮਲੇ ਵਿੱਚ ਚਾਰ ਕਸਾਈਆਂ ਨੂੰ ਮਾਰ ਦਿੱਤਾ ਗਿਆ ਅਤੇ ਤਿੰਨਾਂ

ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਗਿਆ। ਹੱਤਿਆਰਿਆਂ ਦਾ ਲੰਮੇ ਸਮੇਂ ਤੱਕ ਪਤਾ ਨਹੀਂ ਚੱਲਿਆ; ਪਰ ਬਾਅਦ ਵਿੱਚ ਜਦ ਕਈ ਕੂਕੇ ਫੜੇ ਗਏ ਤਾਂ ਉਨ੍ਹਾਂ ਵਿੱਚ ਇਕ ਕੂਕਾ ਪੁਲਿਸ ਦਾ ਗਵਾਹ (ਮੁਖਬਰ) ਬਣ ਗਿਆ ਤਾਂ ਉਸਨੇ ਇਹਨਾਂ ਦਸ ਕਾਤਲਾਂ ਦੇ ਨਾਉਂ ਦੱਸੇ। ਛੇਤੀ ਹੀ ਉਨ੍ਹਾਂ ਵਿੱਚੋਂ 7 ਫੜ ਲਏ ਗਏ। ਜਿੰਨ੍ਹਾਂ ਵਿੱਚੋਂ ਪੰਜਾਂ ਨੂੰ ਰਿਹਾ ਕਰ ਦਿੱਤਾ ਗਿਆ ਅਤੇ ਦੋ ਨੂੰ ਪੂਰੇ ਜੀਵਨ ਲਈ ਦੇਸ਼ ਤੋਂ ਬਾਹਰ ਭੇਜ ਦਿੱਤਾ। ਅੰਮ੍ਰਿਤਸਰ ਘਟਨਾ ਤੋਂ ਠੀਕ ਇੱਕ ਮਹੀਨੇ ਬਾਅਦ ਜ਼ਿਲ੍ਹਾ ਲੁਧਿਆਣਾ ਵਿਖੇ ਰਾਏ ਕੋਟ ਦੇ ਬੁਚੜ ਖਾਨੇ ਉੱਤੇ, (ਇਹ ਬੁਚੜ ਖਾਨਾ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਗੁਰਦੁਆਰੇ ਦੇ ਨੇੜੇ ਸੀ), ਕੂਕਿਆਂ ਨੇ ਹਮਲਾ ਕੀਤਾ ਇਸ ਹਮਲੇ ਵਿੱਚ ਤਿੰਨ ਕਸਾਈ ਮੌਕੇ ਤੇ ਮਾਰੇ ਗਏ ਅਤੇ 9 ਜ਼ਖ਼ਮੀ ਹੋਏ। ਇਹਨਾਂ ਕਾਤਲਾਂ ਦਾ ਪਤਾ ਕੀਤਾ ਗਿਆ ਅਤੇ ਆਖਿਰ ਵਿੱਚ ਫੜ ਲਏ ਗਏ। ਉਨ੍ਹਾਂ ਤੇ ਮੁਕੱਦਮਾ ਚਲਾਇਆ ਗਿਆ ਅਤੇ ਛੇ ਨੂੰ ਫਾਂਸੀ ਦਿੱਤੀ ਗਈ।

**ਕੂਕਿਆਂ ਦੀਆਂ ਕਾਰਵਾਈਆਂ ਵਿੱਚ ਤੇਜ਼ੀ ਆਉਂਣਾ** :– ਜਦ ਛੇ ਕੂਕਿਆਂ ਨੂੰ ਫਾਂਸੀ ਲਾਈ ਗਈ ਤਾਂ ਇਸ ਦੇ ਨਾਲ ਉਨ੍ਹਾਂ ਦੇ ਮਨ ਵਿੱਚ ਬਹੁਤ ਨਰਾਜ਼ਗੀ ਪੈਦਾ ਹੋਈ। ਉਨ੍ਹਾਂ ਨੇ ਖੁਲਮ-ਖੁਲੇ ਵਿਰੋਧ ਕਰਨ ਦਾ ਕੰਮ ਸ਼ੁਰੂ ਕੀਤਾ ਅਤੇ ਆਪਣੀ ਪਹਿਲਾਂ ਵਾਲੀ ਗੁਪਤ ਤਰੀਕੇ ਨਾਲ ਹਮਲਾ ਕਰਨ ਦੀ ਨੀਤੀ ਨੂੰ ਛੱਡ ਦਿੱਤਾ। ਇਸ ਉਦੇਸ਼ ਦੀ ਪੂਰਤੀ ਲਈ ਇਕ ਸ਼ਹੀਦੀ ਜਥਾ ਪਿੰਡ ਦੇ ਹੀਰਾ ਸਿੰਘ ਅਤੇ ਲਹਿਣਾ ਸਿੰਘ ਦੀ ਅਗਵਾਈ ਹੇਠ ਸੰਗਠਿਤ ਕੀਤਾ ਗਿਆ। ਇਸ ਸ਼ਹੀਦੀ ਜਥੇ ਨੇ ਅੱਗੇ ਚਲ ਕੇ ਮਲੌਦ ਅਤੇ ਮਲੇਰਕੋਟਲਾ ਵਿੱਚ ਕਾਤਲਾਨਾ ਹਮਲੇ ਕੀਤੇ। ਮਲੌਦ ਵਿੱਚ 13-14 ਜਨਵਰੀ 1871 ਈ. ਦੀ ਰਾਤ ਨੂੰ ਹਮਲਾ ਹੋਇਆ, ਪਰ ਇਹ ਹਮਲਾ ਪਹਿਲਾਂ ਤੋਂ ਬਣਾਈ ਯੋਜਨਾ ਅਨੁਸਾਰ ਨਹੀਂ ਸੀ, ਸਗੋਂ ਮੁੱਖ ਹਮਲਾ ਉਨ੍ਹਾਂ ਨੇ ਮਲੇਰਕੋਟਲਾ ਤੇ ਕਰਨਾ ਸੀ ਅਤੇ ਇਸ ਜਥੇ ਦੇ ਮੈਂਬਰ ਚਾਹੁੰਦੇ ਸਨ ਕਿ ਮਲੌਦ ਦੇ ਸ੍ਰ. ਬਚਨ ਸਿੰਘ ਕੋਲੋਂ ਘੋੜੇ ਅਤੇ ਹਥਿਆਰ ਖੋਹ ਲੈਣ ਤਾਂ ਜੋ ਉਹ ਮਲੇਰਕੋਟਲਾ ਦੇ ਹਮਲੇ ਦੀ ਤਿਆਰੀ ਕਰ ਸਕਣ। ਮਲੇਰਕੋਟਲਾ ਵਿੱਚ ਜੱਥੇ ਨੇ 15 ਜਨਵਰੀ ਨੂੰ ਸਵੇਰੇ ਲਗਭਗ 7 ਵਜੇ ਹਮਲਾ ਕੀਤਾ। ਲਗਭਗ 125 ਕੂਕੇ ਇਸ ਹਮਲੇ ਵਿੱਚ ਸ਼ਾਮਿਲ ਹੋਏ ਅਤੇ ਉਨ੍ਹਾਂ ਨੇ ਸ਼ਹਿਰ ਦੀ ਦੀਵਾਰ ਦਾ ਇੱਕ ਹਿੱਸਾ ਤੋੜ ਦਿੱਤਾ ਅਤੇ ਉਥੇ ਦੇ ਸ਼ਾਹੀ ਮਹਿਲ ਵਿੱਚ ਦਾਖਲ ਹੋ ਗਏ। ਕੂਕੇ ਉਥੇ ਧਨ, ਘੋੜੇ ਅਤੇ ਹਥਿਆਰ ਪ੍ਰਾਪਤ ਕਰਨਾ ਚਾਹੁੰਦੇ ਸਨ, ਪਰ ਉਥੋਂ ਕੁੱਝ ਹਾਸਿਲ ਕਰਨ ਤੋਂ ਪਹਿਲਾਂ ਹੀ ਪੁਲਿਸ ਅਤੇ ਸੈਨਿਕ ਮੌਕੇ ਉੱਪਰ ਪੁੱਜ ਗਏ। ਫਲਸਰੂਪ ਦੋਹਾਂ ਵਿੱਚ ਘਮਾਸਾਨ ਦੀ ਲੜਾਈ ਹੋਈ ਅਤੇ ਦੋਹਾਂ ਧਿਰਾਂ ਨੂੰ ਕਾਫੀ ਨੁਕਸਾਨ ਉਠਾਉਣਾ ਪਿਆ। ਇਸ ਲੜਾਈ ਵਿੱਚ ਅੱਠ ਆਦਮੀ ਮਾਰੇ ਗਏ, ਦੋ ਬਹੁਤ ਜ਼ਿਆਦਾ ਜ਼ਖ਼ਮੀ ਹੋਏ ਅਤੇ ਨੌ ਮਾਮੂਲੀ ਫੱਟੜ ਹੋਏ। ਇਹ ਗਿਣਤੀ ਮਲੇਰਕੋਟਲਾ ਦੇ ਪੱਖੋਂ ਸੀ ਜਦ ਕਿ ਕੂਕਾ ਪੱਖੋਂ 7 ਬੰਦੇ ਮਾਰੇ ਗਏ 11 ਜ਼ਿਆਦਾ ਜ਼ਖਮੀ ਹੋਏ ਅਤੇ 30 ਨੂੰ ਮਾਮੂਲੀ ਚੋਟਾਂ ਲੱਗੀਆਂ। ਲੜਾਈ ਖਤਮ ਹੋਣ ਤੋਂ ਬਾਅਦ ਕੂਕੇ ਮਾਲੇਰਕੋਟਲਾ ਤੋਂ ਬਾਹਰ ਕੁਝ ਹੀ ਦੂਰੀ ਤੇ ਰੜ੍ਹ ਨਾਮੀ ਥਾਂ ਤੇ ਪੁੱਜੇ। ਉਹ ਜਦੋਂ ਉਥੇ ਆਰਾਮ ਕਰ ਰਹੇ ਸਨ ਤਾਂ ਅਚਾਨਕ ਹੀ ਹਮਲੇ ਵਿੱਚ 68 ਕੂਕੇ ਫੜ ਲਏ ਗਏ। ਦੋ ਔਰਤਾਂ ਨੂੰ ਛੱਡ ਕੇ, ਜਿਨ੍ਹਾਂ ਨੂੰ ਪਟਿਆਲਾ ਸੈਨਾ ਦੇ ਕਮਾਂਡਰ ਕੋਲ ਸਪੁਰਦ ਕਰ ਦਿੱਤਾ ਗਿਆ, ਬਾਕੀ ਨੂੰ ਮਲੇਰਕੋਟਲਾ ਲਿਆਂਦਾ ਗਿਆ ਅਤੇ ਸਾਰਿਆਂ ਨੂੰ ਦੋ ਜਥਿਆ ਵਿੱਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਨ੍ਹਾਂ ਵਿੱਚ 65 ਨੂੰ ਬੰਦੂਕਾਂ ਨਾਲ ਮਾਰਿਆ ਅਤੇ ਇਕ ਦੇ ਟੁਕੜੇ ਕਰ ਦਿੱਤੇ ਗਏ।

**ਮਲੇਰਕੋਟਲਾ ਹੀ ਕਿਉਂ** :– ਪ੍ਰਸ਼ਨ ਇਹ ਉੱਠਦਾ ਹੈ ਕਿ ਕੂਕਿਆਂ ਨੇ ਮਲੇਰਕੋਟਲਾ ਨੂੰ ਹੀ ਪਹਿਲਾਂ ਆਪਣਾ ਨਿਸ਼ਾਨਾ ਕਿਉਂ ਬਣਾਇਆ ਸੀ। ਸੱਚ ਤਾਂ ਇਹ ਹੈ ਕਿ ਮਲੇਰਕੋਟਲਾ ਰਾਜ ਉਸ ਵਕਤ ਬਹੁਤ ਕਮਜ਼ੋਰ ਰਾਜ ਸੀ, ਉਸ ਦਾ ਸ਼ਾਸਨ ਬਹੁਤ ਵਧੀਆ ਨਹੀਂ ਸੀ ।ਇਹ ਵਿਸ਼ਵਾਸ ਕੀਤਾ ਜਾਂਦਾ ਸੀ ਅਤੇ ਇਹ ਉਨ੍ਹਾਂ ਦਾ ਵਿਚਾਰ ਵੀ ਸੀ ਕਿ ਉਥੋਂ ਆਸਾਨੀ ਨਾਲ ਪੈਸਾ, ਹਥਿਆਰ ਅਤੇ ਘੋੜੇ ਪ੍ਰਾਪਤ ਹੋ ਸਕਦੇ ਸਨ ਅਤੇ ਉਨ੍ਹਾਂ ਨੂੰ ਆਪਣੀਆਂ ਯੋਜਨਾਵਾਂ ਵਿੱਚ ਸਫਲਤਾ ਲਈ ਇਸ ਤੋਂ ਬਾਅਦ ਆਸ ਹੋ ਸਕਦੀ ਸੀ। ਸਰਕਾਰ ਕੋਲ ਇਹ ਪੱਕੀ ਖਬਰ ਸੀ ਕਿ ਜੇਕਰ ਮਲੇਰਕੋਟਲਾ ਦੇ ਹਮਲੇ ਵਿੱਚ ਕੂਕਿਆਂ ਨੂੰ ਕਾਮਯਾਬੀ ਮਿਲ ਗਈ ਤਾਂ ਉਹ ਨਾਭਾ, ਜੀਂਦ ਅਤੇ ਪਟਿਆਲਾ ਉੱਪਰ ਹਮਲੇ ਕਰਨਗੇ ਅਤੇ ਛੇਤੀ ਹੀ ਚਾਰੋਂ ਪਾਸੇ ਕੂਕਾ ਵਿਰੋਧ ਵਿੱਚ ਉੱਠ ਖੜਾ ਹੋਵੇਗਾ।

**ਮਲੇਰਕੋਟਲਾ ਤੇ ਹਮਲੇ ਦੇ ਸਿੱਟੇ** :– ਪਰ ਮਲੇਰਕੋਟਲਾ ਵਿੱਚ ਕੂਕਿਆਂ ਨੂੰ ਜਿਸ ਬੇਰਹਿਮੀ ਨਾਲ

ਮਾਰਿਆ ਗਿਆ। ਉਸ ਦੇ ਸਿੱਟੇ ਵਜੋਂ ਉਨ੍ਹਾਂ ਦੀਆਂ ਜੋ ਵੀ ਯੋਜਨਾਵਾਂ ਸਨ ਬੇਕਾਰ ਅਤੇ ਨਾਕਾਮਯਾਬ ਹੋ ਗਈਆਂ। ਬਾਬਾ ਰਾਮ ਸਿੰਘ ਅਤੇ ਉਸ ਦੇ ਬਾਕੀ ਸਾਰੇ ਸਾਥੀਆਂ ਨੂੰ ਛੇਤੀ ਹੀ ਬੰਦੀ ਬਣਾ ਲਿਆ ਗਿਆ ਅਤੇ ਉਨ੍ਹਾਂ ਨੂੰ 1857 ਈ. ਦੀ ਕ੍ਰਾਂਤੀ ਦੇ ਹੇਠ ਹਿਰਾਸਤ ਵਿੱਚ ਰੱਖ ਲਿਆ ਗਿਆ। ਰਾਮ ਸਿੰਘ ਨੂੰ ਰੰਗੂਨ ਭੇਜ ਦਿੱਤਾ ਗਿਆ ਉਸਦੇ ਸਬੰਧ ਵਿੱਚ ਮੁਕੱਦਮਾ ਵੀ ਨਹੀਂ ਚਲਾਇਆ ਕਿਉਂਕਿ ਕਾਨੂੰਨੀ ਰੂਪ ਵਿੱਚ ਉਸ ਦੇ ਖਿਲਾਫ ਇਹੋ ਜਿਹਾ ਕੋਈ ਮੁਕੱਦਮਾ ਦਰਜ ਨਹੀਂ ਹੋ ਸਕਦਾ ਸੀ, ਜਿਸ ਦੇ ਆਧਾਰ ਤੇ ਉਸ ਨੂੰ ਸਜ਼ਾ ਦਿੱਤੀ ਜਾਂਦੀ। ਸੂਬਿਆਂ ਨੂੰ ਵੀ ਲੰਮੀਆਂ-ਲੰਮੀਆਂ ਸਜ਼ਾਵਾਂ ਦਿੱਤੀਆਂ ਗਈਆਂ। ਕਈਆਂ ਨੂੰ ਤਾਂ ਬਿਨਾਂ ਮੁਕੱਦਮਾ ਚਲਾਇਆ ਹੀ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਉਨ੍ਹਾਂ ਦੇ ਸੰਬੰਧ ਵਿੱਚ ਇਹੋ ਜਿਹੀ ਦਲੀਲ ਦਿੱਤੀ ਜਾਂਦੀ ਹੈ ਕਿ ਜੇਕਰ ਸੂਬਿਆਂ ਦੇ ਖਿਲਾਫ ਮੁਕੱਦਮਾ ਅਸਫਲ ਹੋ ਜਾਂਦਾ ਤਾਂ ਇਕ ਪਾਸੇ ਸਰਕਾਰ ਦਾ ਵਿਰੋਧ ਵਧ ਜਾਂਦਾ ਅਤੇ ਦੂਜੇ ਪਾਸੇ ਕੂਕਾ ਲਹਿਰ ਜ਼ਿਆਦਾ ਲੋਕਾਂ ਵਿੱਚ ਮਜ਼ਬੂਤ ਹੋ ਜਾਂਦੀ।

**ਕੂਕਿਆਂ ਵਿਰੁੱਧ ਸਰਕਾਰ ਦੀ ਨੀਤੀ** :– ਹੁਣ ਕੂਕਿਆਂ ਦੇ ਹੈਡ ਕੁਆਟਰ ਭੈਣੀ ਸਾਹਿਬ ਨੂੰ ਚਾਰੇ ਪਾਸਿਉਂ ਘੇਰਾ ਪਾ ਲਿਆ ਗਿਆ ਅਤੇ ਹਥਿਆਰ ਅਤੇ ਰਿਕਾਰਡ ਹਾਸਿਲ ਕਰਨ ਲਈ ਤਲਾਸ਼ੀ ਲਈ ਗਈ। ਗੁਰਦੁਆਰੇ ਨੂੰ ਤਾਲਾ ਲਾ ਦਿੱਤਾ ਅਤੇ ਉਥੋਂ ਸਾਰੇ ਬੰਦਿਆਂ ਨੂੰ ਬਾਹਰ ਕੱਢ ਦਿੱਤਾ ਗਿਆ। ਇਕ ਸਥਾਈ ਪੁਲਿਸ ਚੌਂਕੀ ਕਾਇਮ ਕੀਤੀ ਗਈ ਜਿਸ ਵਿੱਚ ਸਬ ਇੰਸਪੈਕਟਰ ਅਤੇ 20 ਸਿਪਾਹੀ ਰੱਖੇ ਗਏ। ਉਨ੍ਹਾਂ ਨੂੰ ਇਹ ਆਦੇਸ਼ ਹੋਇਆ ਕਿ ਉਹ ਬਾਬਾ ਰਾਮ ਸਿੰਘ ਦੇ ਪਰਿਵਾਰ ਦੇ ਮੈਂਬਰਾਂ ਤੇ ਕਰੜੀ ਨਿਗਰਾਨੀ ਰੱਖਣ। ਇਹ ਪੁਲਿਸ ਚੌਂਕੀ 1922 ਈ. ਤੱਕ ਉਥੇ ਰਹੀ। ਇਸ ਤਰ੍ਹਾਂ ਕੂਕਾ ਸੰਗਠਨ ਨੂੰ ਪੂਰੀ ਤਰ੍ਹਾਂ ਸਰਕਾਰੀ ਨਿਗਰਾਨੀ ਹੇਠ ਰੱਖਿਆ ਗਿਆ ਅਤੇ ਸਮੇਂ-ਸਮੇਂ ਇਸ ਸੰਗਠਨ ਦੀ ਕਾਰਵਾਈ ਬਾਰੇ ਰਿਪੋਰਟ ਹਾਸਿਲ ਕੀਤੀ ਗਈ। ਸਥਾਨੀ ਸਰਕਾਰ ਨੇ ਜੈਲਦਾਰਾਂ ਅਤੇ ਨੰਬਰਦਾਰਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਆਪਣੇ-ਆਪਣੇ ਇਲਾਕੇ ਦੇ ਸਾਰੇ ਕੂਕਿਆਂ ਬਾਰੇ ਸਮੇਂ-ਸਮੇਂ ਸਰਕਾਰ ਨੂੰ ਰਿਪੋਰਟ ਭੇਜਦੇ ਰਹਿਣ ਅਤੇ ਇਸ ਤਰ੍ਹਾਂ ਨਾ ਕਰਨ ਦੀ ਹਾਲਤ ਵਿੱਚ ਉਨ੍ਹਾਂ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ ਅਤੇ ਸਜ਼ਾ ਵੀ ਦਿੱਤੀ ਜਾ ਸਕਦੀ ਸੀ। ਹੁਣ ਪੂਰੇ ਪ੍ਰਾਂਤ ਵਿੱਚ ਪੰਜ ਅਤੇ ਉਸ ਤੋਂ ਵਧ ਕੂਕਾ ਇਕੱਠੇ ਨਹੀਂ ਹੋ ਸਕਦੇ ਸਨ ਅਤੇ ਨਾ ਹੀ ਕੋਈ ਮਤਾ ਪਾਸ ਕਰ ਸਕਦੇ ਸਨ। ਉਨਾਂ ਨੂੰ ਕੁਹਾੜੀ ਅਤੇ ਡਾਂਗਾਂ ਜਿਨ੍ਹਾਂ ਦੇ ਦੋਹਾਂ ਸਿਰਾਂ ਤੇ ਲੋਹਾ ਲੱਗਿਆ ਹੋਵੇ ਅਤੇ ਹੋਰ ਹਥਿਆਰ ਨੂੰ ਲੈ ਕੇ ਜਾਣ ਦੀ ਸਖਤ ਮਨਾਹੀ ਕੀਤੀ ਗਈ। ਪਟਿਆਲਾ, ਨਾਭਾ ਅਤੇ ਮਲੇਰਕੋਟਲਾ ਦੇ ਰਾਜੇ ਵੀ ਪੰਜਾਬ ਸਰਕਾਰ ਤੋਂ ਪਿੱਛੇ ਨਹੀਂ ਰਹੇ। ਉਨ੍ਹਾਂ ਨੇ ਕੂਕਿਆਂ ਦੇ ਖਿਲਾਫ ਸਖਤ ਨੀਤੀ ਅਪਣਾਈ।

ਇਹਨਾਂ ਸਖਤ ਕਦਮਾਂ ਅਤੇ ਕਾਰਵਾਈਆਂ ਦੇ ਬਾਵਜੂਦ ਵੀ ਕੂਕਾ ਲਹਿਰ ਦਾ ਆਮ ਲੋਕਾਂ ਦੀ ਅੱਖਾਂ ਵਿੱਚ ਨਾ ਤਾਂ ਮਹੱਤਵ ਖਤਮ ਹੋਇਆ ਅਤੇ ਨਾ ਹੀ ਘੱਟ ਹੋਇਆ। ਇਸ ਲਹਿਰ ਅਤੇ ਸੰਗਠਨ ਦੇ ਆਗੂ ਬਾਬਾ ਰਾਮ ਸਿੰਘ ਨੂੰ ਰੰਗੂਨ ਭੇਜ ਦਿੱਤਾ ਗਿਆ। ਹੁਣ ਬਾਬਾ ਜੀ ਦੀ ਥਾਂ ਨੂੰ ਉਨ੍ਹਾਂ ਦੇ ਛੋਟੇ ਭਰਾ ਬੁੱਧ ਸਿੰਘ ਨੇ ਲਈ ਅਤੇ ਬੁੱਧ ਸਿੰਘ ਨੇ ਹਰੀ ਸਿੰਘ ਦੇ ਨਾਉਂ ਉੱਪਰ ਕੂਕਾ ਲਹਿਰ ਨੂੰ ਅੱਗੇ ਚਲਾਇਆ। ਹੁਣ ਕਈ ਵੱਡੇ ਸੂਬੇ ਨਿਯੁਕਤ ਕੀਤੇ ਗਏ ਜਿਨ੍ਹਾਂ ਨੇ ਪਹਿਲੇ ਸੂਬਿਆਂ ਦੇ ਅਧੂਰੇ ਕੰਮਾਂ ਨੂੰ ਪੂਰਾ ਕਰਨਾ ਸੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਭਾਵੇਂ ਬਾਬਾ ਰਾਮ ਸਿੰਘ ਨੂੰ ਮੁਲਕ ਤੋਂ ਬਾਹਰ ਭੇਜ ਦਿੱਤਾ ਗਿਆ ਸੀ, ਪਰ ਬਾਬਾ ਜੀ ਨੇ ਆਪਣੇ ਸੰਗਠਨ ਅਤੇ ਲੋਕਾਂ ਨਾਲ ਸਬੰਧ ਬਣਾਈ ਰੱਖੇ। ਬਾਬਾ ਜੀ ਅਤੇ ਇਸ ਸੰਗਠਨ ਦੇ ਵਿਚਕਾਰ ਵਫਾਦਾਰ ਦੂਤਾਂ ਦੇ ਰਾਹੀਂ ਸਬੰਧ ਬਣੇ ਰਹੇ, ਜਿਸ ਦੇ ਸਿੱਟੇ ਵਜੋਂ ਕੂਕਾ ਸੰਘ ਦੇ ਲੋਕਾਂ ਦਾ ਉਤਸ਼ਾਹ ਵਧਦਾ ਚਲਾ ਗਿਆ। ਕੂਕਾ ਲਹਿਰ ਦੇ ਮਜ਼ਬੂਤ ਅਤੇ ਹਰਮਨ ਪਿਆਰੇ ਬਣਨ ਦਾ ਇਕ ਹੋਰ ਕਾਰਣ ਇਹ ਸੀ ਕਿ ਲੋਕਾਂ ਨੂੰ ਇਹ ਦੱਸਿਆ ਗਿਆ ਕਿ ਵਿਦੇਸ਼ੀ ਸ਼ਾਸਨ ਛੇਤੀ ਹੀ ਭਾਰਤ ਵਿੱਚੋਂ ਖਤਮ ਹੋ ਜਾਵੇਗਾ। ਕੂਕਾ ਅਤੇ ਕੂਕਾ ਲਹਿਰ ਦੇ ਸਮਰਥਕਾਂ ਦਾ ਉਤਸ਼ਾਹ ਹੋਰ ਵੱਧ ਗਿਆ ਜਦੋਂ ਸੂਬਾ ਗੁਰਚਰਨ ਸਿੰਘ ਦੇ ਰਾਹੀਂ, ਕੂਕਾ ਲੀਡਰਸ਼ਿਪ ਨੇ ਸੈਂਟਰ ਏਸ਼ੀਆਂ ਵਿੱਚ ਰੂਸ ਦੇ ਆਹੁਦੇਦਾਰਾਂ ਨਾਲ ਸਮਝੌਤੇ ਦੀ ਗੱਲਬਾਤ ਸ਼ੁਰੂ ਕੀਤੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸੂਬੇਦਾਰ ਗੁਰਚਰਨ ਸਿੰਘ ਰੂਸ ਦੀ ਮਦਦ ਲੈਣ ਲਈ ਕਈ ਵਾਰ ਸਰਹੱਦ ਦੇ ਪਾਰ ਵੀ ਗਿਆ ਸੀ।

1879 ਤੋਂ 1889 ਈ. ਦੇ ਵਿਚਕਾਰ ਦਾ ਸਮਾਂ ਕੂਕਿਆਂ ਲਈ ਬਹੁਤ ਉਮੀਦਾਂ ਭਰਿਆ ਸਮਾਂ ਸੀ,

ਕਿਉਂਕਿ 1882 ਈ. ਤੋਂ 1885 ਈ. ਤੱਕ ਸਾਰੀਆਂ ਅੱਖਾਂ ਰੂਸ ਉੱਪਰ ਜਾਂ ਫਿਰ ਸੂਬਾ ਕਿਸ਼ਨ ਸਿੰਘ ਦੀਆਂ ਕਾਰਵਾਈਆਂ ਉੱਤੇ ਲੱਗੀਆਂ ਸਨ। ਕੂਕਿਆਂ ਨੇ ਉਤਸ਼ਾਹ ਵਿੱਚ ਆਪਣੇ ਗੁਰੂ ਰਾਮ ਸਿੰਘ ਦੀ ਮੌਤ ਜਿਹੜੀ ਬਰਮਾ ਵਿੱਚ 1885 ਈ: ਵਿੱਚ ਹੋਈ ਮੰਨਣ ਤੋਂ ਇਨਕਾਰ ਕਰ ਦਿੱਤਾ। 1886 ਈ. ਵਿੱਚ ਮਹਾਰਾਜਾ ਦਲੀਪ ਸਿੰਘ ਨੇ ਭਾਰਤ ਆਉਣ ਦਾ ਫੈਸਲਾ ਕੀਤਾ। ਇਸ ਖਬਰ ਨਾਲ ਕੂਕਿਆਂ ਵਿੱਚ ਉਤਸ਼ਾਹ ਵਧਿਆ ਅਤੇ ਚਾਰ ਬੰਦਿਆਂ ਦਾ ਇੱਕ ਜੱਥਾ ਦਲੀਪ ਸਿੰਘ ਦੇ ਸਵਾਗਤ ਅਤੇ ਅਗਵਾਈ ਲਈ ਮੁੰਬਈ ਰਵਾਨਾ ਹੋਇਆ। ਜਦੋਂ ਮਹਾਰਾਜਾ ਦਲੀਪ ਸਿੰਘ ਨੂੰ ਭਾਰਤ ਵਿੱਚ ਆਉਣ ਤੋਂ ਮਨਾ ਕੀਤਾ ਗਿਆ ਤਾਂ ਮਹਾਰਾਜਾ ਨੇ ਚੋਰੀ-ਚੋਰੀ ਮਾਸਕੋ ਜਾਣ ਵਿੱਚ ਕਾਮਯਾਬੀ ਪ੍ਰਾਪਤ ਕੀਤੀ ਜਿਸ ਨਾਲ ਕੂਕਿਆਂ ਦੀਆਂ ਆਸਾਂ ਬਹੁਤ ਵੱਧ ਗਈਆਂ। ਉਤਸ਼ਾਹ ਵਿੱਚ ਆਕੇ ਕੂਕਿਆਂ ਦਾ ਇੱਕ ਜੱਥਾ ਇਰਾਨ ਵੱਲੋਂ ਹੋ ਕੇ ਰੂਸ ਲਈ ਰਵਾਨਾ ਹੋਇਆ। ਜਦ ਇਹ ਜੱਥਾ ਮਸ਼ੇਦ (Meshed) ਤੋਂ ਗੁਜ਼ਰਿਆ ਤਾਂ ਅੰਗਰੇਜ਼ਾਂ ਨੇ ਇਸ ਨੂੰ ਵੇਖ ਲਿਆ ਅਤੇ ਇਸ ਨੂੰ ਅੱਗੇ ਵਧਣ ਤੋਂ ਰੋਕ ਲਿਆ ਗਿਆ। 1889 ਈ. ਵਿੱਚ ਜਦੋਂ ਮਹਾਰਾਜਾ ਰੂਸ ਤੋਂ ਵਾਪਸ ਮੁੜ ਗਿਆ ਤਾਂ ਕੂਕਿਆਂ ਦੇ ਹੌਂਸਲੇ ਨੂੰ ਕਾਫੀ ਸੱਟ ਵਜੀ।

**ਕੂਕਾ ਲਹਿਰ ਦੀ ਦੇਣ** :- 20ਵੀਂ ਸਦੀ ਦੇ ਸ਼ੁਰੂ ਤੋਂ ਹੀ ਕੂਕਾ ਲਹਿਰ ਹੌਲੀ-ਹੌਲੀ ਪਿੱਛੇ ਵਲ ਜਾਂਦੀ ਰਹੀ, ਪਰ ਇਸ ਲਹਿਰ ਨੇ ਆਜ਼ਾਦੀ ਹਾਸਲ ਕਰਨ ਲਈ ਜਿਹੜਾ ਕੰਮ ਕੀਤਾ ਅਤੇ ਰਸਤਾ ਦੱਸਿਆ ਉਸ ਦਾ ਦੇਸ਼ ਦੀ ਆਜ਼ਾਦੀ ਦੀ ਲੜਾਈ ਉੱਪਰ ਡੂੰਘਾ ਅਸਰ ਪਿਆ, ਜਦੋਂ ਕੂਕਿਆਂ ਨੇ ਸਰਕਾਰੀ, ਅਦਾਲਤਾਂ, ਨੌਕਰੀਆਂ, ਡਾਕ ਤੇ ਤਾਰ ਵਿਵਸਥਾ ਅਤੇ ਸਰਕਾਰੀ ਸਿੱਖਿਆ ਸੰਸਥਾਵਾਂ ਦਾ ਬਾਈਕਾਟ ਕੀਤਾ ਤਾਂ ਕੂਕਿਆਂ ਨੂੰ ਇਕ ਰਾਹ ਦਿਖਾਉਣ ਵਾਲੀ ਰੌਸ਼ਨੀ ਦੇ ਰੂਪ ਵਿੱਚ ਦੇਖਿਆ ਗਿਆ ਅਤੇ ਅੱਗੇ ਚਲ ਕੇ ਰਾਸ਼ਟਰੀ ਨੇਤਾਵਾਂ ਨੇ ਅੰਗਰੇਜ਼ਾਂ ਦੇ ਬਾਈਕਾਟ ਨੂੰ ਆਪਣੀ ਰਾਜਨੀਤਿਕ ਲੜਾਈ ਦਾ ਹਥਿਆਰ ਬਣਾਇਆ। ਖਾਸ ਤੌਰ ਤੇ ਪੰਜਾਬ ਵਿੱਚ ਗਦਰ ਲਹਿਰ ਜਿਹੜੀ 20ਵੀਂ ਸਦੀ ਦੇ ਪਹਿਲਾਂ ਕੁੱਝ ਸਾਲਾਂ ਵਿੱਚ ਹੋਈ ਉਸ ਲਹਿਰ ਨੂੰ ਬਹੁਤ ਕੁੱਝ ਕੂਕਾ ਲਹਿਰ ਤੋਂ ਸਿੱਖਣ ਲਈ ਹਾਸਲ ਹੋਇਆ।

ਭਾਵੇਂ ਕੂਕਾ ਲਹਿਰ ਦੀਆਂ ਕੁੱਝ ਆਪਣੀਆਂ ਹੀ ਮੁਸ਼ਕਲਾਂ ਰਹੀਆਂ, ਫਿਰ ਵੀ ਇਸ ਲਹਿਰ ਦਾ ਸਿੱਖ ਸਮਾਜ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਤੇ ਕਾਫੀ ਪ੍ਰਭਾਵ ਪਿਆ। ਸੱਚ ਤਾਂ ਇਹ ਹੈ ਕਿ ਇਸ ਲਹਿਰ ਨੇ ਸਿੰਘ ਸਭਾ ਲਹਿਰ ਲਈ ਅਧਾਰਸ਼ਿਲਾ ਤਿਆਰ ਕੀਤੀ ਅਤੇ ਅੱਗੇ ਚੱਲ ਕੇ ਸਿੰਘ ਸਭਾ ਸੰਗਠਨ ਨੇ ਕੂਕਿਆਂ ਰਾਹੀਂ ਸ਼ੁਰੂ ਕੀਤੇ ਹੋਏ ਕੰਮਾਂ ਨੂੰ ਹੋਰ ਅੱਗੇ ਵਧਾਇਆ, ਪਰ ਜਦੋਂ ਉਹਨਾਂ ਦਾ ਸਰਕਾਰ ਨਾਲ ਝਗੜਾ ਹੋ ਗਿਆ ਤਾਂ ਉਸ ਦੇ ਕੰਮਾਂ ਵਿੱਚ ਰੁਕਾਵਟਾਂ ਖੜੀਆਂ ਹੋਈਆਂ। ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਕੂਕਾ ਲਹਿਰ ਨੇ ਸਿੱਖ ਵਿਚਾਰਧਾਰਾ ਅਤੇ ਸਿਧਾਂਤਾਂ ਨੂੰ ਇੱਕ ਨਵੀਂ ਦਿਸ਼ਾ ਦਿੱਤੀ।

**ਕੂਕਿਆਂ ਜਾਂ ਨਾਮਧਾਰੀਆਂ ਅਤੇ ਹੋਰ ਸਿੱਖਾਂ ਵਿੱਚ ਫਰਕ** :-ਇਨ੍ਹਾਂ ਵਰ੍ਹਿਆਂ ਦੇ ਦੌਰਾਨ ਕੂਕਾ ਲਹਿਰ ਵਿੱਚ ਨਵਾਂ ਵਿਕਾਸ ਹੋਇਆ ਅਤੇ ਕੂਕਿਆਂ ਦੀ ਥਾਂ ਤੇ ਇਸ ਲਹਿਰ ਨੂੰ ਨਾਮਧਾਰੀ ਨਾਉਂ ਦੇਣ ਨਾਲ ਨਵੇਂ ਸੰਗਠਨ ਦਾ ਜਨਮ ਹੋਇਆ। ਅੱਜ ਨਾਮਧਾਰੀ ਨਾਂ ਦੇ ਬਹੁਤ ਵੱਡੀ ਗਿਣਤੀ ਵਿੱਚ ਸਿੱਖ ਸਮਾਜ ਦੇ ਲੋਕ ਹਨ। ਦੂਜਾ ਸ਼ੁਰੂ ਵਿੱਚ ਇਹ ਸਿੱਖਾਂ ਦਾ ਇਹ ਸੁਧਾਰਵਾਦੀ ਸੰਗਠਨ ਸੀ, ਪਰ ਹੌਲੀ-ਹੌਲੀ ਇਹ ਇੱਕ ਅਲੱਗ ਸੁਮਦਾਇ ਬਣ ਗਿਆ ਜਿਸ ਦੇ ਆਪਣੇ ਵੀ ਗੁਰੂ ਹਨ ਅਤੇ ਗੁਰੂ ਗੱਦੀ ਜੱਦੀ ਬਣ ਗਈ। ਇਸ ਸਮੁਦਾਇ ਦੇ ਮੈਂਬਰਾਂ ਦਾ ਵਿਸ਼ਵਾਸ ਕੀਤਾ ਕਿ ਸਿੱਖ ਗੁਰੂਆਂ ਦਾ ਅੰਤ ਗੁਰੂ ਗੋਬਿੰਦ ਸਿੰਘ ਜੀ ਨਾਲ ਨਹੀਂ ਹੋਇਆ ਸਗੋਂ ਇਹ ਲਗਾਤਾਰ ਚਲਦੀ ਹੋਈ ਇਹ ਪ੍ਰਕਿਰਿਆ ਹੈ। ਗੁਰੂ ਗ੍ਰੰਥ ਸਾਹਿਬ ਜਿਹੜਾ ਸਿੱਖਾਂ ਦਾ ਧਾਰਮਿਕ ਗ੍ਰੰਥ ਹੈ, ਉਸ ਨੂੰ ਹੀ ਨਾਮਧਾਰੀਆਂ ਨੇ ਆਪਣਾ ਧਾਰਮਿਕ ਗ੍ਰੰਥ ਮੰਨਿਆ ਅਤੇ ਉਹ ਉਸ ਨੂੰ ਗੁਰੂ ਦੀ ਥਾਂ ਨਹੀਂ ਦਿੰਦੇ, ਜਦੋਂ ਕਿ ਬਾਕੀ ਦੇ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਨ। ਇਸ ਤਰ੍ਹਾਂ ਨਾਮਧਾਰੀਆਂ ਅਤੇ ਬਾਕੀ ਦੇ ਸਿੱਖਾਂ ਵਿੱਚ ਇਹ ਇਕ ਖਾਸ ਅੰਤਰ ਹੈ ਜਿਸ ਨੇ ਨਾਮਧਾਰੀਆਂ ਨੂੰ ਬਾਕੀ ਦੇ ਸਿੱਖ ਸਮਾਜ ਤੋਂ ਵੱਖ ਕਰ ਦਿੱਤਾ ਹੈ।

ਅੱਜ ਕੱਲ ਨਾਮਧਾਰੀਆਂ ਦਾ ਇਕ ਬਹੁਤ ਸੰਗਠਿਤ ਸੰਗਠਨ ਹੈ। ਇਹ ਭਾਈਚਾਰੇ ਦੀ ਭਾਵਨਾ ਤੇ

ਅਧਾਰਤ ਹੈ ਅਤੇ ਬਾਬਾ ਜਗਜੀਤ ਸਿੰਘ ਇਸ ਦੇ ਨੇਤਾ ਹਨ। ਬਾਬਾ ਜਗਜੀਤ ਸਿੰਘ ਨੇ ਆਪਣੇ ਪਿਤਾ ਪ੍ਰਤਾਪ ਸਿੰਘ ਦੀ 1961 ਈ. ਵਿੱਚ ਮੌਤ ਪਿੱਛੋਂ ਇਸ ਸੰਗਠਨ ਨੂੰ ਚਲਾਉਣ ਦੀ ਜ਼ਿੰਮੇਵਾਰੀ ਆਪਣੇ ਉੱਪਰ ਲਈ ਸੀ। ਬਾਬਾ ਪ੍ਰਤਾਪ ਸਿੰਘ ਨੇ ਇਸ ਸੰਗਠਨ ਨੂੰ ਚਲਾਉਣ ਦੀ ਜ਼ੁੰਮੇਵਾਰੀ ਬਾਬਾ ਰਾਮ ਸਿੰਘ ਦੇ ਵਾਰਿਸ ਉਨ੍ਹਾਂ ਦੇ ਛੋਟੇ ਭਰਾ ਹਰੀ ਸਿੰਘ ਤੋਂ ਲਈ ਸੀ। ਇਸ ਸੰਗਠਨ ਦੀ ਅੱਜ ਕੱਲ ਕਿੰਨੀ ਗਿਣਤੀ ਹੈ, ਨਿਸ਼ਚਿਤ ਰੂਪ ਵਿੱਚ ਕੁੱਝ ਨਹੀਂ ਕਹਿ ਸਕਦੇ; ਪਰ ਨਾਮਧਾਰੀਆਂ ਦਾ ਆਪਣਾ ਕਹਿਣਾ ਹੈ ਕਿ ਉਹਨਾਂ ਦੇ ਮੱਤ ਨੂੰ ਮੰਨਣ ਵਾਲਿਆਂ ਦੀ ਗਿਣਤੀ 10 ਤੋਂ 15 ਲੱਖ ਦੇ ਵਿਚਕਾਰ ਹੈ। ਇਹਨਾਂ ਵਿੱਚ ਜੱਟ, ਰਾਮਗੜ੍ਹੀਏ, ਅਰੋੜੇ ਅਤੇ ਮਜ਼੍ਹਬੀ ਸਿੱਖ ਸ਼ਾਮਲ ਹਨ। ਉਹ ਜ਼ਿਆਦਾਤਰ ਅੰਮ੍ਰਿਤਸਰ, ਲੁਧਿਆਣਾ ਅਤੇ ਹਿਸਾਰ ਜ਼ਿਲ੍ਹਿਆ ਵਿੱਚ ਮਿਲਦੇ ਹਨ। ਉਹਨਾਂ ਦੇ ਆਪਣੇ ਗੁਰਦੁਆਰੇ ਹਨ ਅਤੇ ਬਹੁਤ ਘੱਟ ਮੌਕਿਆਂ ਉੱਪਰ ਉਹ ਦੂਜੇ ਸਿੱਖਾਂ ਦੀ ਧਾਰਮਿਕ ਸੰਗਤਾਂ ਵਿੱਚ ਹਿੱਸਾ ਲੈਂਦੇ ਹਨ। ਉਹ ਸਿੱਖ ਸਮਾਜ ਦੇ ਦੂਜੇ ਮੱਤ ਵਿੱਚ ਆਉਣ ਲਈਂ ਨਹੀਂ ਮੰਨਦੇ। ਉਹ ਦਸ ਸਿੱਖ ਗੁਰੂਆਂ ਦੀ ਸਿੱਖਿਆ ਤੇ ਪੱਕੀ ਤਰ੍ਹਾਂ ਅਮਲ ਕਰਦੇ ਹਨ ਜਦੋਂ ਕਿ ਉਹਨਾਂ ਦੀ ਅਰਦਾਸ ਵਿੱਚ 10 ਦੀ ਥਾਂ 15 ਸਿੱਖ ਗੁਰੂਆਂ ਦਾ ਹਵਾਲਾ ਦਿੱਤਾ ਹੋਇਆ ਹੈ। ਉਹਨਾਂ ਦੇ ਆਪਣੇ ਪੰਜ ਗੁਰੂ ਇਸ ਵਿੱਚ ਸ਼ਾਮਲ ਹਨ : ਬਾਬਾ ਬਾਲਕ ਸਿੰਘ, ਬਾਬਾ ਰਾਮ ਸਿੰਘ, ਬਾਬਾ ਹਰੀ ਸਿੰਘ, ਬਾਬਾ ਪ੍ਰਤਾਪ ਸਿੰਘ ਅਤੇ ਬਾਬਾ ਜਗਜੀਤ ਸਿੰਘ। ਉਹ ਅਕਸਰ ਗੁਰੂ ਦੀ ਥਾਂ ਸਤਿਗੁਰੂ ਸ਼ਬਦ ਦਾ ਪ੍ਰਯੋਗ ਕਰਦੇ ਹਨ। ਉਹਨਾਂ ਦੇ ਧਾਰਮਿਕ ਅਸਥਾਨ ਵੱਖਰੇ ਹਨ। ਉਹ ਬਹੁਤ ਹੀ ਸਾਧਾਰਣ ਜੀਵਨ ਬਤੀਤ ਕਰਦੇ ਹਨ। ਸਾਧਾਰਣ ਕੱਪੜੇ ਪਾਉਂਦੇ ਹਨ ਅਤੇ ਬਹੁਤ ਹੀ ਅਨੁਸ਼ਾਸਨ ਅਤੇ ਸੁੱਚੇ ਢੰਗ ਨਾਲ ਆਪਣੇ ਮੱਤ ਦੇ ਅਸੂਲ ਦੀ ਪਾਲਣਾ ਕਰਦੇ ਹਨ। ਆਪਣੇ ਗੁਰਦੁਆਰਿਆਂ ਵਿੱਚ ਬਹੁਤ ਹੀ ਸੇਵਾ ਭਾਵ ਨਾਲ ਧਾਰਮਿਕ ਕੰਮ ਕਰਦੇ ਹਨ ਅਤੇ ਖਾਣ-ਪੀਣ ਦੇ ਨਿਯਮਾਂ ਦੀ ਪਾਲਣਾ ਕਰਦੇ ਹਨ। ਉਹ ਖਾਸ ਤੌਰ ਤੇ ਮਾਸ ਅਤੇ ਨਸ਼ੀਲੀਆਂ ਚੀਜ਼ਾਂ ਤੋਂ ਦੂਰ ਰਹਿੰਦੇ ਹਨ। ਨਾਮਧਾਰੀਆਂ ਸੰਪਰਦਾਇ ਦਾ ਹੁਣ ਵੀ ਪੱਕਾ ਵਿਸ਼ਵਾਸ ਹੈ ਕਿ ਬਾਬਾ ਰਾਮ ਸਿੰਘ ਜਿੰਦਾ ਹਨ। ਨਾਮਧਾਰੀਆਂ ਦੇ ਦੋ ਮੁੱਖ ਕੇਂਦਰ ਹਨ – ਇਕ ਲੁਧਿਆਣਾ ਜਿਲ੍ਹੇ ਵਿੱਚ ਭੈਣੀ ਸਾਹਿਬ ਅਤੇ ਦੂਜਾ ਹਿਸਾਰ ਜਿਲ੍ਹਾ ਵਿੱਚ ਜੀਵਨ ਨਗਰ।

## ਆਪਣੇ ਗਿਆਨ ਨੂੰ ਪਰਖੋ :–

**ਖਾਲੀ ਥਾਵਾਂ ਭਰੋ :–**

1. ਬਾਬਾ ਰਾਮ ਸਿੰਘ ਦਾ ਜਨਮ ________ ਈ. ਵਿੱਚ ਹੋਇਆ।
2. ਬਾਬਾ ਬਾਲਕ ਸਿੰਘ _________ ਈ. ਵਿੱਚ ਅਕਾਲ ਚਲਾਣਾ ਕਰ ਗਏ।
3. ਅੰਮ੍ਰਿਤਸਰ ਵਿਖੇ ਬੁਚੜਖਾਨੇ ਤੇ ਹਮਲੇ ਕਰਨ ਵਾਲਿਆਂ ਦੀ ਗਿਣਤੀ _______ ਸੀ।
4. ਅੰਮ੍ਰਿਤਸਰ ਵਿਖੇ ਬੁਚੜਖਾਨੇ ਤੇ ਉਨ੍ਹਾਂ ਨੇ ______ ਈ. ਦੀ ਰਾਤ ਨੂੰ ਹਮਲਾ ਕੀਤਾ।
5. ਬਾਬਾ ਜਗਜੀਤ ਸਿੰਘ ਨੇ ਆਪਣੇ ਪਿਤਾ ਬਾਬਾ ਪ੍ਰਤਾਪ ਸਿੰਘ ਦੀ _______ ਈ. ਵਿੱਚ ਮੌਤ ਪਿੱਛੋਂ ਨਾਮਧਾਰੀ ਸੰਗਠਨ ਨੂੰ ਚਲਾਉਣ ਦੀ ਜ਼ਿੰਮੇਵਾਰੀ ਆਪਣੇ ਉੱਪਰ ਲਈ।
6. ਕੂਕਾ ਲਹਿਰ ਨੂੰ _________ ਸੰਗਠਨ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ।
7. ਮਲੇਰਕੋਟਲਾ ਵਿਖੇ ਕੂਕਿਆਂ ਦੇ ਜੱਥੇ ਨੇ _________ ਨੂੰ ਸਵੇਰੇ ਲਗਭਗ ਸੱਤ ਵਜੇ ਹਮਲਾ ਕੀਤਾ।
8. ਮਲੇਰਕੋਟਲਾ ਵਿਖੇ __________ ਕੂਕਿਆਂ ਨੇ ਹਮਲੇ ਵਿੱਚ ਹਿੱਸਾ ਲਿਆ।

---

**ਉੱਤਰ**

(1) 1816 ਈ. (2) 1857 (3) 10 (4) 15 ਜੂਨ 1871 (5) 1961 (6) ਨਾਮਧਾਰੀ
(7) 15 ਜਨਵਰੀ (8) 125.

## ਹੇਠ ਦਿੱਤੇ ਹਰ ਪ੍ਰਸ਼ਨ ਦਾ 30-40 ਸ਼ਬਦਾਂ ਵਿੱਚ ਉੱਤਰ ਦਿਉ :-

1. ਕੂਕਾ ਲਹਿਰ ਨੂੰ ਚਲਾਉਣ ਦਾ ਅਸਲੀ ਉਦੇਸ਼ ਦੱਸੋ ?
2. ਕੂਕਾ ਲਹਿਰ ਦੇ ਮੁੱਖ ਸਿਧਾਂਤਾਂ ਦਾ ਵਰਨਣ ਕਰੋ ?
3. ਬਾਬਾ ਰਾਮ ਸਿੰਘ ਨੇ ਕੂਕਾ ਲਹਿਰ ਨੂੰ ਕਦੋਂ ਅਤੇ ਕਿਉਂ ਸੰਗਠਿਤ ਕੀਤਾ ?
4. ਬਾਬਾ ਬਾਲਕ ਸਿੰਘ ਦਾ ਰਾਮ ਸਿੰਘ ਉੱਤੇ ਕੀ ਪ੍ਰਭਾਵ ਸੀ ?
5. ਕੂਕਿਆਂ ਦੇ ਹੋਰਾਂ ਨਾਲ ਸੰਬੰਧ ਦੱਸੋ।
6. ਕੂਕਿਆਂ ਨੇ ਮਲੇਰਕੋਟਲਾ ਨੂੰ ਹੀ ਕਿਉਂ ਨਿਸ਼ਾਨਾ ਬਣਾਇਆ ?
7. ਮਲੇਰਕੋਟਲਾ ਵਿਖੇ ਹੋਏ ਹਮਲੇ ਦੇ ਮੁੱਖ ਸਿੱਟੇ ਕੀ ਸਨ ?
8. ਕੂਕਿਆਂ ਵਿਰੁੱਧ ਸਰਕਾਰ ਦੀ ਨੀਤੀ ਬਾਰੇ ਤੁਸੀਂ ਕੀ ਜਾਣਦੇ ਹੋ ?
9. ਕੂਕਾ ਲਹਿਰ ਦੀ ਮੁੱਖ ਦੇਣ ਕੀ ਸੀ ?

## ਹੇਠ ਦਿੱਤੇ ਪ੍ਰਸ਼ਨਾਂ ਵਿੱਚ ਕਿਸੇ ਇੱਕ ਦਾ ਉੱਤਰ ਲਿਖੋ :-

1. ਕੂਕਾ ਲਹਿਰ ਦੇ ਸੰਬੰਧ ਵਿੱਚ ਸੰਖੇਪ ਵਿੱਚ ਨੋਟ ਲਿਖੋ।
2. ਕੂਕਾ ਲਹਿਰ ਦੀ ਮੁੱਖ ਪ੍ਰਾਪਤੀ ਦਾ ਵਰਣਨ ਕਰਦਿਆਂ ਹੋਇਆ ਇਹ ਦੱਸੋ ਕਿ ਇਸ ਲਹਿਰ ਦਾ ਕੀ ਕੁੱਝ ਪ੍ਰਭਾਵ ਪਿਆ ਸੀ ?

ਪਾਠ ਨੰ : **2.5**

## ਸਿੰਘ ਸਭਾ ਲਹਿਰ

**ਉਦੇਸ਼** :– ਇਸ ਪਾਠ ਨੂੰ ਲਿਖਣ ਦਾ ਮੁੱਖ ਉਦੇਸ਼ ਸਿੰਘ ਸਭਾ ਲਹਿਰ ਦੀ ਪ੍ਰਾਪਤੀਆਂ ਅਤੇ ਇਸ ਲਹਿਰ ਦੇ ਲੋਕਾਂ ਤੇ ਪਏ ਪ੍ਰਭਾਵਾਂ ਦੀ ਜਾਣਕਾਰੀ ਪ੍ਰਾਪਤ ਕਰਨਾ ਹੈ। ਇਸ ਪਾਠ ਨੂੰ ਅਸੀਂ ਕੁੱਝ ਮਹੱਤਵਪੂਰਨ ਸਿਰਲੇਖਾਂ ਹੇਠ ਲਿਖਣ ਦਾ ਯਤਨ ਕਰਾਂਗੇ।

1. ਭੂਮਿਕਾ
2. ਸਿੰਘ ਸਭਾ ਲਹਿਰ ਲਿਆਉਣ ਲਈ ਜ਼ਿੰਮੇਵਾਰ ਕਾਰਣ
2.1 ਸਿੱਖ ਧਰਮ ਵਿੱਚ ਕਮਜ਼ੋਰੀਆਂ ਦਾ ਆਉਣਾ
2.2 ਮਿਸ਼ਨਰੀਆਂ ਦਾ ਪ੍ਰਚਾਰ
2.3 ਆਰੀਆ ਸਮਾਜ ਰਾਹੀਂ ਹਮਲਾ
2.4 ਅੰਗਰੇਜ਼ਾਂ ਦੀ ਨੀਤੀ
2.5 ਹੋਰ ਕਾਰਨ
3. ਸਿੰਘ ਸਭਾ ਦਾ ਜਨਮ
4. ਇਸ ਲਹਿਰ ਦੇ ਉਦੇਸ਼ ਅਤੇ ਕਰੱਤਵ
5. ਲਹਿਰ ਦੇ ਕਈ ਦੌਰ
5.1 ਖਾਲਸਾ ਦੀਵਾਨ ਦੀ ਸਥਾਪਨਾ
5.2 ਲਾਹੌਰ ਅਤੇ ਅੰਮ੍ਰਿਤਸਰ ਸਿੰਘ ਸਭਾਵਾਂ ਵਿੱਚ ਮਤਭੇਦ
5.3 ਖਾਲਸਾ ਦੀਵਾਨ ਲਾਹੌਰ ਦੀ ਸਥਾਪਨਾ
6. ਚੀਫ ਖਾਲਸਾ ਦੀਵਾਨ ਦੀ ਸਥਾਪਨਾ
6.1 ਸਿੰਘ ਸਭਾ ਇੱਕ ਨਵੇਂ ਦੌਰ ਵਿੱਚ
6.2 ਚੀਫ ਖਾਲਸਾ ਦੀਵਾਨ ਦੀ ਥਾਂ
7. ਪ੍ਰਾਪਤੀਆਂ
7.1 ਧਾਰਮਿਕ ਸੁਧਾਰ
7.2 ਸਮਾਜਿਕ ਸੁਧਾਰ
7.3 ਸਿੱਖਿਆ ਸੁਧਾਰ
7.4 ਰਾਜਨੀਤਿਕ ਕੰਮ

**1. ਭੂਮਿਕਾ** :– ਸਿੰਘ ਸਭਾ ਲਹਿਰ ਦੀ ਅਗਵਾਈ ਸਿੱਖਾਂ ਨੇ ਲਗਭਗ ਪੰਜਾਹ ਵਰ੍ਹਿਆਂ ਤੱਕ ਕੀਤੀ। ਇਹ ਲਹਿਰ 1873 ਤੋਂ 1920 ਈ. ਤੱਕ ਕਾਫੀ ਮਜ਼ਬੂਤ ਬਣੀ ਰਹੀ ਅਤੇ ਆਧੁਨਿਕ ਪੰਜਾਬ ਦੇ ਇਤਿਹਾਸ ਵਿੱਚ ਸਿੱਖਾਂ ਦੀ ਇਹ ਸਭ ਤੋਂ ਵੱਡੀ ਸਮਾਜਿਕ-ਧਾਰਮਿਕ ਸੁਧਾਰ ਲਹਿਰ ਮੰਨੀ ਗਈ ਹੈ। ਸਿੰਘ ਸਭਾ ਲਹਿਰ ਇਕ ਮਹਾਨ ਜਾਗਰਤੀ ਲਿਆਉਣ ਵਾਲੀ ਤਾਕਤ ਦੇ ਰੂਪ ਵਿੱਚ ਉਸ ਸਮੇਂ ਸਾਹਮਣੇ ਆਈ ਜਦੋਂ ਸਿੱਖ ਧਰਮ ਖਤਰੇ ਵਿੱਚ ਸੀ ਅਤੇ ਆਪਣੀ ਹੋਂਦ ਹੌਲੀ-ਹੌਲੀ ਗੁਆ ਰਿਹਾ ਸੀ। ਇਸ ਤਰ੍ਹਾਂ ਸਿੱਖ ਸਮਾਜ ਦੇ ਪੜ੍ਹੇ ਲਿਖੇ ਲੋਕਾਂ ਵਿੱਚ ਡਰ ਸੀ ਕਿ ਕਿਤੇ ਸਿੱਖ ਧਰਮ ਬਿਲਕੁਲ ਹੀ ਸਮਾਪਤ ਨਾ ਹੋ ਜਾਏ।

ਇਸ ਸਬੰਧ ਵਿੱਚ ਡਾ. ਟਰੰਪ ਲਿਖਦੇ ਹਨ, ''ਸਿੱਖ ਧਰਮ ਖਤਮ ਹੋ ਰਿਹਾ ਧਰਮ ਹੈ, ਜਿਹੜਾ ਛੇਤੀ ਹੀ ਇਤਿਹਾਸ ਦਾ ਇਕ ਅਧਿਆਇ ਬਣ ਜਾਵੇਗਾ।''

## 2. ਸਿੰਘ ਸਭਾ ਲਹਿਰ ਨੂੰ ਲਿਆਉਣ ਲਈ ਜ਼ਿੰਮੇਵਾਰ ਕਾਰਣ

**ਸਿੱਖ ਧਰਮ ਨੂੰ ਖਤਰਾ** :– ਅਸੀਂ ਜਾਣਦੇ ਹਾਂ ਕਿ 1849 ਈ. ਵਿੱਚ ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰ ਲਿਆ ਅਤੇ ਇਸ ਦੇ ਨਾਲ ਹੀ ਸਿੱਖਾਂ ਦੇ ਹੌਸਲੇ ਟੁਟ ਗਏ ਸਨ। ਰਾਜਨੀਤਿਕ ਸ਼ਕਤੀ ਦੇ ਪਤਨ ਦੇ ਨਾਲ–ਨਾਲ ਸਮਾਜ ਵਿੱਚ ਧਾਰਮਿਕ ਅਤੇ ਸਭਿਆਚਾਰਕ ਅਤੇ ਵਿਗਿਆਨ ਦੇ ਪ੍ਰਸਾਰ ਦੇ ਨਾਲ ਪੁਰਾਣੇ ਸਮੇਂ ਤੋਂ ਚਲੇ ਆ ਰਹੇ ਰੀਤੀ ਰਿਵਾਜਾਂ, ਵਿਸ਼ਵਾਸਾਂ ਅਤੇ ਪਰੰਪਰਾਵਾਂ ਲਈ ਬਹੁਤ ਵੱਡੇ ਖਤਰੇ ਪੈਦਾ ਹੋ ਗਏ। ਪੱਛਮ ਦਾ ਪੂਰਬ ਦੇ ਅਧਿਆਤਮਵਾਦ ਨਾਲ ਸੰਘਰਸ਼ ਹੋ ਗਿਆ। ਹੁਣ ਫੇਰ ਇਹ ਡਰ ਪੈਦਾ ਹੋਇਆ ਕਿ ਅੰਗਰੇਜ਼, ਭਾਰਤੀ ਸਭਿਅਤਾ ਦੀ ਜੜ੍ਹਾਂ ਖਤਮ ਕਰਨ ਦੀਆਂ ਕੋਸ਼ਿਸ਼ ਵਿੱਚ ਲਗੇ ਹੋਏ ਹਨ।

**2.2 ਮਿਸ਼ਨਰੀਆਂ ਦਾ ਪ੍ਰਚਾਰ** :– ਸਿੱਖ ਸਮਾਜ ਅਤੇ ਸਿੱਖ ਧਰਮ ਨੂੰ ਦੂਜਾ ਬਹੁਤ ਵੱਡਾ ਖਤਰਾ ਈਸਾਈ ਮਿਸ਼ਨਰੀਆਂ ਵੱਲੋਂ ਸੀ, ਕਿਉਂਕਿ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਮਿਲਾਏ ਜਾਣ ਮਗਰੋਂ ਇਹਨਾਂ ਮਿਸ਼ਨਰੀਆਂ ਨੇ ਪੰਜਾਬ ਵਿੱਚ ਆਪਣੀਆਂ ਕਾਰਵਾਈਆਂ ਬਹੁਤ ਵੱਡੇ ਪੱਧਰ ਤੇ ਤੇਜ਼ ਕਰ ਦਿੱਤੀਆਂ ਸਨ। ਮਹਾਰਾਜਾ ਦਲੀਪ ਸਿੰਘ ਅਤੇ ਕਪੂਰਥਲਾ ਦੇ ਰਾਜਾ ਹਰਨਾਮ ਸਿੰਘ ਨੇ ਜਦੋਂ ਈਸਾਈ ਧਰਮ ਪਰਵਾਨ ਕਰ ਲਿਆ ਤਾਂ ਸਿੱਖ ਸਮਾਜ ਨੂੰ ਇੱਕ ਬਹੁਤ ਵੱਡੀ ਸੱਟ ਵੱਜੀ। ਛੋਟੇ ਵਰਗ ਦੇ ਸਿੱਖ ਬੜੀ ਅਸਾਨੀ ਨਾਲ ਇਸ ਨਵੇਂ ਮੱਤ ਵਿੱਚ ਜਾਣੇ ਸ਼ੁਰੂ ਹੋ ਗਏ, ਕਿਉਂਕਿ ਉਹਨਾਂ ਨੂੰ ਇਕ ਤਾਂ ਚੰਗੇ ਰੋਜ਼ਗਾਰ ਦਾ ਮੌਕਾ ਪ੍ਰਾਪਤ ਹੋਣ ਦੀ ਆਸ ਹੋ ਗਈ ਅਤੇ ਦੂਜਾ ਸਮਾਜ ਵਿੱਚ ਉਹਨਾਂ ਨੂੰ ਚੰਗਾ ਸਥਾਨ ਪ੍ਰਾਪਤ ਹੋਣ ਦਾ ਵੀ ਇਸ਼ਾਰਾ ਮਿਲ ਗਿਆ। ਸਿੱਖ ਨੌਜਵਾਨ ਜਿਹਨਾਂ ਨੇ ਮਿਸ਼ਨਰੀ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕੀਤੀ ਉਹ ਵੀ ਈਸਾਈਆਂ ਦੇ ਪ੍ਰਭਾਵ ਹੇਠ ਸਨ ਅਤੇ ਉਹਨਾਂ ਨੇ ਸਿੱਖ ਧਰਮ ਦੇ ਸਿਧਾਂਤਾਂ ਅਤੇ ਧਾਰਮਿਕ ਰਿਵਾਜਾਂ ਨੂੰ ਮੰਨਣ ਵਲ ਕੋਈ ਧਿਆਨ ਨਹੀਂ ਦਿੱਤਾ, ਜਿਸ ਤਰ੍ਹਾਂ ਕੇਸ ਰੱਖਣ ਅਤੇ ਪੱਗ ਬੰਨਣ ਵੱਲ। ਦੂਜੇ ਸ਼ਬਦਾਂ ਵਿੱਚ ਉਹਨਾਂ ਨੇ ਕੇਸ ਕਟਾਉਣੇ ਸ਼ੁਰੂ ਕਰ ਦਿੱਤੇ ਸਨ।

**2.3 ਆਰੀਆ ਸਮਾਜ ਰਾਹੀਂ ਹਮਲਾ** :– ਸਿੱਖ ਧਰਮ ਤੇ ਆਰੀਆ ਸਮਾਜ ਰਾਹੀਂ ਹਮਲਿਆਂ ਤੋਂ ਵੀ ਸਿੱਖ ਡਰ ਗਏ। ਸਵਾਮੀ ਦਯਾ ਨੰਦ ਨੇ ਹਿੰਦੂ ਧਰਮ ਦੀ ਚੋਧਰ ਅਤੇ ਵੇਦਾਂ ਦੇ ਮਹੱਤਵ ਨੂੰ ਫਿਰ ਤੋਂ ਸਥਾਪਿਤ ਕਰਨ ਲਈ ਦੂਜੇ ਧਰਮਾਂ ਦੀ ਨਿਖੇਧੀ ਕਰਨੀ ਸ਼ੁਰੂ ਕੀਤੀ। ਹਿੰਦੂ ਧਰਮ ਤੋਂ ਇਲਾਵਾ ਉਹਨਾਂ ਨੇ ਦੂਜੇ ਧਰਮ ਨੂੰ ਮਹੱਤਵ ਨਹੀਂ ਦਿੱਤਾ। ਉਹਨਾਂ ਨੇ ਸਤਿਆਰਥ ਪ੍ਰਕਾਸ਼ ਨਾਉ ਦੀ ਪੁਸਤਕ ਲਿਖੀ ਅਤੇ ਇਸ ਵਿੱਚ ਸਿੱਖ ਗੁਰੂਆਂ ਦੇ ਸੰਬੰਧ ਵਿੱਚ ਵਿਰੋਧੀ ਸ਼ਬਦ ਕਹੇ। ਇਹ ਸਿੱਖਾਂ ਲਈ ਸਹਿਣ ਕਰਨ ਵਾਲੀ ਗੱਲ ਨਹੀਂ ਸੀ।

**2.4 ਅੰਗਰੇਜ਼ਾਂ ਦੀ ਨੀਤੀ** :– ਦੂਜੇ ਪਾਸੇ ਬ੍ਰਿਟਿਸ਼ ਸਰਕਾਰ ਨੇ ਵੀ ਪਾੜੋ ਅਤੇ ਰਾਜ ਕਰੋ ਦੀ ਨੀਤੀ ਅਪਣਾਈ ਹੋਈ ਸੀ। ਸ਼ਰਧਾ ਰਾਮ ਫਿਲੌਰੀ, ਜਿਹੜਾ ਇੱਕ ਬ੍ਰਿਟਿਸ਼ ਏਜੰਟ ਸੀ, ਨੇ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਵਿਖੇ ਕਈ ਭਾਸ਼ਣ ਦਿੱਤੇ, ਜਿਨਾਂ ਵਿੱਚ ਉਸ ਨੇ ਸਿੱਖ ਗੁਰੂਆਂ ਦੇ ਖਿਲਾਫ ਸਖਤ ਸ਼ਬਦ ਇਸਤੇਮਾਲ ਕੀਤੇ। ਫਿਲੌਰੀ ਨੇ ਇਹੋ ਜਿਹੇ ਕੁੱਝ ਭਾਸ਼ਣ ਦਰਬਾਰ ਸਾਹਿਬ ਵਿੱਚ ਵੀ ਦਿੱਤੇ। ਉਸ ਨੇ ਸਿੱਖਾਂ ਦੇ ਰਾਜ ਦੀ ਵਿਥਿਆ ਨਾਉਂ ਦੀ ਪੁਸਤਕ ਲਿਖੀ। ਜਿਸ ਵਿੱਚ ਉਸ ਨੇ ਸਿੱਖ ਗੁਰੂਆਂ ਦੇ ਉਪਦੇਸ਼ਾਂ ਤੇ ਜੀਵਨ ਨੂੰ ਗਲਤ ਢੰਗ ਨਾਲ ਪੇਸ਼ ਕੀਤਾ। ਇਸ ਨਾਲ ਸਿੱਖ ਹੋਰ ਵੀ ਨਾਰਾਜ਼ ਹੋ ਗਏ ਅਤੇ ਉਹਨਾਂ ਨੇ ਆਪਣੇ ਧਰਮ ਤੇ ਸਮਾਜ ਨੂੰ ਬਣਾਏ ਰੱਖਣ ਲਈ ਕੁੱਝ ਸੁਧਾਰ ਕਰਨ ਦੀ ਲੋੜ ਮਹਿਸੂਸ ਕੀਤੀ।

**2.5 ਹੋਰ ਕਾਰਣ** :– ਇਹੋ ਜਿਹੀਆਂ ਕਈ ਹੋਰ ਘਟਨਾਵਾਂ ਵਾਪਰੀਆਂ ਜਿਹਨਾਂ ਨੇ ਸਿੱਖਾਂ ਨੂੰ ਇੱਕ ਇਹੋ ਜਿਹਾ ਸੰਗਠਨ ਬਣਾਉਣ ਲਈ ਮਜ਼ਬੂਰ ਕੀਤਾ ਜਿਹੜਾ ਕਿ ਉਹਨਾਂ ਦੇ ਸਮਾਜ ਅਤੇ ਧਰਮ ਦੀ ਰੱਖਿਆ ਕਰ ਸਕੇ। 1873 ਈਃ ਵਿੱਚ, ਚਾਰ ਸਿੱਖ ਵਿਦਿਆਰਥੀਆਂ ਨੇ, ਜਿਹੜੇ ਮਿਸ਼ਨ ਹਾਈ ਸਕੂਲ ਅੰਮ੍ਰਿਤਸਰ ਵਿੱਚ ਪੜ੍ਹਦੇ ਸਨ, ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਵਿੱਚ ਆ ਕੇ, ਆਪਣੇ ਆਪ ਨੂੰ ਈਸਾਈ ਧਰਮ ਅਪਨਾਉਣ ਲਈ ਪੇਸ਼ ਕੀਤਾ। ਉਹਨਾਂ ਨੇ ਆਮ ਲੋਕਾਂ ਦੇ ਸਾਹਮਣੇ ਆਪਣੇ ਕੇਸ ਅਤੇ ਦਾੜ੍ਹੀਆਂ ਕਟਵਾ ਦਿੱਤੀਆਂ। ਸਿੱਟੇ ਵਜੋਂ ਸਾਰੇ ਪ੍ਰਾਂਤ ਵਿੱਚ ਵਿਰੋਧ ਦਾ ਪ੍ਰਗਟਾਵਾ ਕਰਨ ਲਈ ਮੀਟਿੰਗਾਂ ਕੀਤੀਆਂ ਗਈਆਂ, ਜਿਹਨਾਂ ਵਿੱਚ ਪ੍ਰਸਿੱਧ ਨੇਤਾਵਾਂ ਨੇ ਉਹਨਾਂ ਵਿਦਿਆਰਥੀਆਂ ਨੂੰ ਆਪਣਾ ਧਰਮ ਨਾ ਛੱਡਣ ਲਈ ਸਮਝਾਇਆ। ਇਹ ਘਟਨਾ ਸਿੱਖਾਂ ਦੀਆਂ ਅੱਖਾਂ ਖੋਲਣ ਵਾਲੀ ਸੀ।

**3. ਸਿੰਘ ਸਭਾ ਦਾ ਜਨਮ** :– ਜੁਲਾਈ 1873 ਈ. ਵਿੱਚ ਠਾਕੁਰ ਸਿੰਘ ਸੰਧਾਵਾਲੀਆਂ ਨੇ ਪ੍ਰਸਿੱਧ ਸਿੱਖ ਸਰਦਾਰਾਂ, ਅਮੀਰਾਂ, ਗਿਆਨੀਆਂ, ਸਿੱਖ ਗੁਰਦੁਆਰਿਆਂ ਦੇ ਮਹੰਤਾਂ ਅਤੇ ਪੁਜਾਰੀਆਂ ਦੀ ਇਕ ਸਭਾ, ਅੰਮ੍ਰਿਤਸਰ ਵਿਖੇ ਬੁਲਾਈ। ਇਸ ਸਭਾ ਵਿੱਚ ਇਹ ਫੈਸਲਾ ਹੋਇਆ ਕਿ ਸਿੱਖਾਂ ਦੀ ਇਕ ਐਸੋਸੀਏਸ਼ਨ ਬਣਾਈ ਜਾਵੇ, ਜਿਸ ਦਾ ਮੁੱਖ ਕੰਮ ਪ੍ਰਭਾਵਸ਼ਾਲੀ ਢੰਗ ਨਾਲ ਸਿੱਖਾਂ ਨੂੰ ਸੰਗਠਿਤ ਕਰਕੇ ਸਿੱਖਾਂ ਨੂੰ ਸਿੱਖ ਗੁਰੂਆਂ ਰਾਹੀਂ ਦੱਸੇ ਗਏ ਰਸਤੇ ਤੇ ਪਾਉਣਾ ਸੀ। ਇਹ ਨਵੀਂ ਐਸੋਸੀਏਸ਼ਨ ਜਿਹੜੀ 28 ਜੁਲਾਈ 1873 ਈ. ਨੂੰ ਬਣਾਈ ਗਈ, ਉਸ ਨੂੰ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਦਾ ਨਾਉਂ ਦਿੱਤਾ ਗਿਆ। ਇਸ ਤਰ੍ਹਾਂ ਸਿੰਘ ਸਭਾ ਲਹਿਰ ਦਾ ਜਨਮ ਹੋਇਆ।

**4. ਇਸ ਲਹਿਰ ਦੇ ਉਦੇਸ਼** :– ਸਿੰਘ ਸਭਾ ਲਹਿਰ ਦਾ ਮੁੱਖ ਸੰਬੰਧ ਸਿੱਖਾਂ ਨੂੰ ਸਮਾਜਿਕ, ਧਾਰਮਿਕ, ਨੈਤਿਕ ਅਤੇ ਸਿੱਖਿਆ ਦੀ ਦ੍ਰਿਸ਼ਟੀ ਤੋਂ ਉੱਤੇ ਚੁੱਕਣਾ ਸੀ। ਇਸ ਲਹਿਰ ਨੇ ਸਿੱਖ ਸਮਾਜ ਦੇ ਅਧਿਕਾਰਾਂ ਦੀ ਰੱਖਿਆ ਕਰਨੀ ਸੀ ਅਤੇ ਸਿੱਖਾਂ ਲਈ ਇਕ ਸੁਤੰਤਰ ਧਾਰਮਿਕ ਸਥਾਨ ਪ੍ਰਾਪਤ ਕਰਨਾ ਸੀ। ਸਿੰਘ ਸਭਾ ਦੇ ਮੁੱਖ ਉਦੇਸ਼ ਅਸੀਂ ਇਸ ਤਰ੍ਹਾਂ ਲਿਖ ਸਕਦੇ ਹਾਂ :–

1. ਸਿੱਖ ਸਮਾਜ ਅਤੇ ਸਿੱਖ ਧਰਮ ਨੂੰ ਬਾਹਰ ਦੇ ਪ੍ਰਭਾਵਾਂ ਤੋਂ ਬਚਾਉਣਾ ਅਤੇ ਉਸ ਨੂੰ ਪਹਿਲਾਂ ਵਰਗੀ ਪਵਿੱਤਰਤਾ ਦਿਵਾਉਣੀ।
2. ਸਿੱਖ ਧਰਮ ਦੀਆਂ ਸਾਹਿਤਕ, ਧਾਰਮਿਕ ਅਤੇ ਇਤਿਹਾਸਕ ਪੁਸਤਕਾਂ ਦਾ ਸੰਪਾਦਨ ਕਰਨਾ ਅਤੇ ਉਹਨਾਂ ਨੂੰ ਪ੍ਰਕਾਸ਼ਿਤ ਕਰਨਾ।
3. ਪੰਜਾਬੀ ਭਾਸ਼ਾ ਦੇ ਰਾਹੀਂ ਲੋਕਾਂ ਨੂੰ ਗਿਆਨ ਦੇਣਾ-ਪੰਜਾਬੀ ਵਿੱਚ ਹੀ ਰਸਾਲੇ ਅਤੇ ਅਖਬਾਰਾਂ ਕੱਢ ਕੇ ਉਹਨਾਂ ਦੇ ਰਾਹੀਂ ਉਸ ਸਮੇਂ ਦੀਆਂ ਘਟਨਾਵਾਂ ਤੋਂ ਸਿੱਖਾਂ ਨੂੰ ਜਾਣੂ ਰੱਖਣਾ।
4. ਉਹਨਾਂ ਸਮਾਜਿਕ ਬੁਰਾਈਆਂ ਨੂੰ ਖਤਮ ਕਰਨਾ ਜਿਹੜੀਆਂ ਸਿੱਖ ਧਰਮ ਅਤੇ ਇਸਦੇ ਵਿਕਾਸ ਦੇ ਰਸਤੇ ਵਿੱਚ ਰੁਕਾਵਟ ਬਣਨ।
5. ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਅਤੇ ਬਾਣੀ ਦੇ ਠੀਕ ਭਾਵ ਕੱਢਣਾ, ਸਿੱਖ ਧਰਮ ਦੇ ਸਿਧਾਂਤਾਂ ਦਾ ਠੀਕ ਅਰਥ ਲੋਕਾਂ ਨੂੰ ਦੱਸਣਾ ਅਤੇ ਝੂਠੇ ਸਿਧਾਂਤਾਂ ਦਾ ਵਿਰੋਧ ਕਰਨਾ।
6. ਉਹਨਾਂ ਸਿੱਖਾਂ ਨੂੰ ਸੁਧਾਰਨਾ ਅਤੇ ਸਿੱਖ ਧਰਮ ਵਿਚ ਫਿਰ ਤੋਂ ਲਿਆਉਣਾ ਜਿਹੜੇ ਗਲਤ ਰਸਤੇ ਤੇ ਪਾ ਦਿੱਤੇ ਗਏ ਹੋਣ।
7. ਬਹੁਤ ਜ਼ਿਆਦਾ ਪੜ੍ਹੇ-ਲਿਖੇ ਅੰਗਰੇਜ਼ਾਂ ਦੀ ਸਿੰਘ ਸਭਾ ਦੇ ਸਿੱਖਿਆ ਦੇ ਪ੍ਰੋਗਰਾਮਾਂ ਵਿੱਚ ਮੱਦਦ ਹਾਸਲ ਕਰਨੀ।
8. ਸਿੱਖਾਂ ਵਿੱਚ ਬ੍ਰਿਟਿਸ਼ ਸ਼ਾਸਨ ਦੇ ਪ੍ਰਤੀ ਵਫਾਦਾਰੀ ਦੀ ਭਾਵਨਾ ਪੈਦਾ ਕਰਨੀ।

**5. ਲਹਿਰ ਦੇ ਕਈ ਦੌਰ** :– ਕੁੱਝ ਹੀ ਸਾਲਾਂ ਦੇ ਥੋੜੇ ਜਿਹੇ ਸਮੇਂ ਵਿੱਚ ਪੂਰੇ ਪੰਜਾਬ ਅਤੇ ਹੋਰ ਥਾਵਾਂ ਤੇ ਕਈ ਸਿੰਘ ਸਭਾ ਸੰਗਠਨ ਖੜੇ ਹੋ ਗਏ। ਇਹਨਾਂ ਸਭ ਵਿਚੋਂ ਸਭ ਤੋਂ ਪ੍ਰਸਿੱਧ ਅਤੇ ਸਿੱਖਾਂ ਵਿੱਚ ਹਰਮਨ ਪਿਆਰੀ ਲਾਹੌਰ ਸਿੰਘ ਸਭਾ ਸੀ। ਇਸ ਦੀ ਸਥਾਪਨਾ ਅੰਮ੍ਰਿਤਸਰ ਸਿੰਘ ਸਭਾ ਤੋਂ ਛੇ ਸਾਲਾਂ ਬਾਅਦ 1879 ਈ. ਵਿੱਚ ਕੀਤੀ ਗਈ। ਕਈ ਸਿੰਘ ਸਭਾਵਾਂ ਨੇ ਆਪਣੇ ਸੰਗਠਨ ਲਈ ਲਾਹੌਰ ਸਿੰਘ ਸਭਾ ਤੋਂ ਉਤਸ਼ਾਹ ਲਿਆ। ਲਾਹੌਰ ਅਤੇ ਅੰਮ੍ਰਿਤਸਰ ਸਿੰਘ ਸਭਾਵਾਂ ਵਿੱਚ ਕਈ ਵਿਸ਼ਿਆਂ ਉੱਤੇ ਸਿਧਾਂਤਿਕ ਫਰਕ ਸਨ। ਅੰਮ੍ਰਿਤਸਰ ਸਿੰਘ ਸਭਾ ਵਾਲੇ ਸਹਿਜਧਾਰੀਆਂ ਨੂੰ ਵੀ ਆਪਣੀ ਸਭਾ ਦੀ ਮੈਂਬਰ ਲੈ ਲੈਂਦੇ ਸੀ ਪਰ ਲਾਹੌਰ ਸਭਾ ਵਾਲੇ ਅੰਮ੍ਰਿਤਧਾਰੀ ਹੀ ਲੈਂਦੇ ਸਨ। ਕਈ ਵਿਸ਼ਿਆਂ ਵਿੱਚ ਲਾਹੌਰ ਸਿੰਘ ਸਭਾ ਦੇ ਨੇਤਾ ਜ਼ਿਆਦਾ ਸੁਧਾਰਵਾਦੀ ਸਨ ਉਹਨਾਂ ਨੂੰ ਬਹੁਤ ਵੱਡੀ ਗਿਣਤੀ ਵਿੱਚ ਮੁਸਲਮਾਨਾਂ ਨੂੰ ਸਿੱਖ ਧਰਮ ਵਿੱਚ ਲਿਆਉਣ ਵਿੱਚ ਕਾਮਯਾਬੀ ਪ੍ਰਾਪਤ ਹੋਈ। ਅੰਮ੍ਰਿਤਸਰ ਸਿੰਘ ਸਭਾ ਨੇ ਮੁਸਲਮਾਨਾਂ ਨੂੰ ਸਿੱਖ ਧਰਮ ਲਿਆਉਣ ਦਾ ਵਿਰੋਧ ਕੀਤਾ। ਗੁਰਦੁਆਰਿਆਂ ਦੇ ਪੁਜਾਰੀ ਅਤੇ ਮਹੰਤ ਜਿਹੜੇ ਜ਼ਿਆਦਾਤਰ ਉਦਾਸੀ ਨਿਰਮਲਾ ਵਰਗ ਤੋਂ ਸਨ, ਨੇ ਵੀ ਅੰਮ੍ਰਿਤਸਰ ਸਿੰਘ ਸਭਾ ਦਾ ਸਾਥ ਦਿੱਤਾ।

**5.1 ਖਾਲਸਾ ਦੀਵਾਨ ਦੀ ਸਥਾਪਨਾ** :– ਅੰਮ੍ਰਿਤਸਰ ਅਤੇ ਲਾਹੌਰ ਦੀ ਸਿੰਘ ਸਭਾਵਾਂ ਵਿਚ ਆਪਸੀ ਦੁਸ਼ਮਣੀ ਇੰਨੀ ਵੱਧ ਗਈ ਕਿ ਉਹ ਇੱਕ ਦੂਜੇ ਦੀ ਬੁਰਾਈਆਂ ਕਰਨ ਵਿੱਚ ਲਗ ਗਈਆਂ ਅਤੇ ਸੁਧਾਰਾਂ ਦਾ ਕੰਮ ਪਿੱਛੇ ਪੈ ਗਿਆ। ਦੂਜੇ ਪਾਸੇ ਕਈ ਹੋਰ ਸਿੰਘ ਸਭਾਵਾਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਥਾਪਤ ਹੋਈਆਂ। ਪਬਲਿਕ ਦੇ ਕੁੱਝ ਇਹੋ ਜਿਹੇ ਨੇਤਾ ਸਨ ਜਿਹਨਾਂ ਨੇ ਮਹਿਸੂਸ ਕੀਤਾ ਕਿ ਸਾਰੀਆਂ ਸਿੰਘਾਂ ਸਭਾਵਾਂ ਨੂੰ ਇਕ ਸਾਂਝੇ ਪਲੇਟਫਾਰਮ ਤੇ ਲਿਆ ਕੇ ਉਹਨਾਂ ਦਾ ਮਜ਼ਬੂਤ ਸੰਗਠਨ ਬਣਾਇਆ ਜਾਵੇ ਤਾਂ ਜੋ ਸੁਧਾਰਾਂ ਦੀ ਰਫਤਾਰ ਪਿਛੇ ਨਾ ਪੈ ਸਕੇ। ਇਹੋ ਜਿਹੇ ਨੇਤਾਵਾਂ ਦੀ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਅੰਤ ਵਿੱਚ 1883 ਈ. ਵਿੱਚ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਸਥਾਪਨਾ ਹੋਈ। ਖਾਲਸਾ ਦੀਵਾਨ ਨੂੰ ਸਥਾਪਿਤ ਕਰਨ ਸਮੇਂ 37 ਸਿੰਘ ਸਭਾਵਾਂ ਇਸ ਵਿੱਚ ਸ਼ਾਮਲ ਹੋਈਆਂ। ਖਾਲਸਾ ਦੀਵਾਨ ਦਾ ਇਹਨਾਂ ਸਿੰਘ ਸਭਾਵਾਂ ਤੇ ਕੰਟਰੋਲ ਹੋ ਗਿਆ ਅਤੇ ਇਸ ਨੇ ਪੰਜਾਬ ਵਿੱਚ ਸਿੰਘ ਸਭਾਵਾਂ ਦੀ ਕਾਰਵਾਈ ਦੀ ਅਗਵਾਈ ਕਰਨੀ ਸ਼ੁਰੂ ਕੀਤੀ।

**5.2 ਲਾਹੌਰ ਅਤੇ ਅੰਮ੍ਰਿਤਸਰ ਸਿੰਘ ਸਭਾਵਾਂ ਵਿੱਚ ਮਤਭੇਦ** :– ਪਰ ਇਸ ਨਵੀਂ ਸੰਸਥਾ ਨੇ ਕੋਈ ਬਹੁਤ ਚੰਗੀ ਸ਼ੁਰੂਆਤ ਨਹੀਂ ਸੀ ਕੀਤੀ ਕਿਉਂਕਿ ਇਸ ਸਭਾ ਨੇ ਆਪਣੀ ਕਾਰਜ ਨੂੰ ਕਰਨ ਲਈ ਕੋਈ ਨਿਸ਼ਚਿਤ ਨਿਯਮ ਅਤੇ ਰੈਗੁਲੇਸ਼ਨਜ਼ ਨਹੀਂ ਬਣਾਏ ਸਨ। ਅੰਮ੍ਰਿਤਸਰ ਦੇ ਨੇਤਾ ਇਹ ਸਲਾਹ ਲੈ ਕੇ ਅੱਗੇ ਆਏ ਕਿ ਸਾਰੀ ਸਿੰਘ ਸਭਾਵਾਂ ਦਾ ਨਾਂ ਬਦਲ ਕੇ ਸਿੱਖ ਸਿੰਘ ਸਭਾ ਰੱਖਿਆ ਜਾਵੇ। ਇਸ ਪਿੱਛੋਂ ਉਹਨਾਂ ਦਾ ਉਦੇਸ਼ ਸਹਿਜਧਾਰੀਆਂ (ਬਿਨਾਂ ਅੰਮ੍ਰਿਤ ਛਕੇ ਸਿੱਖਾਂ) ਨੂੰ ਸਿੰਘ ਸਭਾ ਵਿੱਚ ਲਿਆਉਣਾ ਸੀ; ਪਰ ਲਾਹੌਰ ਗੁੱਟ ਇਸ ਸਲਾਹ ਨੂੰ ਨਹੀਂ ਮੰਨਦਾ ਸੀ। ਦੂਜਾ ਲਾਹੌਰ ਸਿੰਘ ਸਭਾ ਨੂੰ ਬਹੁਤ ਵੱਡੀ ਗਿਣਤੀ ਵਿੱਚ ਸਿੰਘ ਸਭਾਵਾਂ ਦਾ ਸਾਥ ਪ੍ਰਾਪਤ ਸੀ। ਅੰਮ੍ਰਿਤਸਰ ਸਿੰਘ ਸਭਾ ਦਾ ਇਕ ਨੇਤਾ ਬਾਬਾ ਖੇਮ ਸਿੰਘ ਬੇਦੀ ਖਾਲਸਾ ਦੀਵਾਨ ਤੇ ਆਪਣਾ ਪੂਰਾ ਕੰਟਰੋਲ ਕਾਇਮ ਕਰਨਾ ਚਾਹੁੰਦਾ ਸੀ, ਕਿਉਂਕਿ ਉਸ ਦਾ ਸੰਬੰਧ ਗੁਰੂ ਨਾਨਕ ਦੇ ਵੰਸ਼ ਤੋਂ ਸੀ। ਇਸ ਲਈ ਉਸ ਦੀ ਇੱਛਾ ਸੀ ਕਿ ਉਸ ਨੂੰ ਗੁਰੂ ਵਾਂਗ ਹੀ ਮੰਨਿਆ ਜਾਵੇ। ਇਸ ਲਈ ਉਹ ਆਪਣੇ ਲਈ ਇੱਕ ਸਜਿਆ ਹੋਇਆ ਗਦੇਲਾ ਇਸਤੇਮਾਲ ਕਰਦਾ ਸੀ ਤੇ ਉਹ ਪਵਿੱਤਰ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠਦਾ ਸੀ। ਪਰ ਲਾਹੌਰ ਸਿੰਘ ਸਭਾ ਦੇ ਨੇਤਾਵਾਂ ਨੇ ਇਸ ਤੇ ਨਰਾਜ਼ਗੀ ਜ਼ਾਹਿਰ ਕੀਤੀ। ਕਿਉਂਕਿ ਉਹ ਸਭ ਲਈ ਬਰਾਬਰ ਦਾ ਵਰਤਾਓ ਚਾਹੁੰਦੇ ਸਨ।

**5.3 ਖਾਲਸਾ ਦੀਵਾਨ ਲਾਹੌਰ ਦੀ ਸਥਾਪਨਾ** :– ਅੰਮ੍ਰਿਤਸਰ ਸਿੰਘ ਸਭਾ ਦੇ ਨੇਤਾ ਜਿਹੜੇ ਜ਼ਿਆਦਾ ਤਰ ਅਮੀਰ ਅਤੇ ਕੁਲੀਨਤੰਤਰੀ ਵਰਗ ਨਾਲ ਸੰਬੰਧ ਰੱਖਦੇ ਸਨ ਉਹ ਛੋਟੀ ਜਾਤ ਦੇ ਸਿੱਖਾਂ ਦੇ ਵਿਰੁੱਧ ਆਪਣੇ ਮਨ ਵਿੱਚ ਬੈਠੀ ਨਫਰਤ ਨੂੰ ਨਹੀਂ ਛੱਡਣਾ ਚਾਹੁੰਦੇ ਸਨ। ਲਾਹੌਰ ਸਿੰਘ ਸਭਾ ਦੇ ਨੇਤਾ ਆਪਣੇ ਦ੍ਰਿਸ਼ਟੀਕੋਣ ਅਤੇ ਸੁਭਾਅ ਵਿੱਚ ਜ਼ਿਆਦਾ ਲੋਕਤੰਤਰੀ ਸਨ। ਉਹ ਗੈਰ ਸਿੱਖ ਪਰੰਪਰਾਵਾਂ ਜਿਵੇਂ ਛੂਤਛਾਤ ਦੇ ਸਖਤ ਵਿਰੋਧੀ ਸਨ। ਹੁਣ ਇਹ ਸਵਾਲ ਸਾਹਮਣੇ ਆਇਆ ਕਿ ਅੰਮ੍ਰਿਤਸਰ ਅਤੇ ਲਾਹੌਰ ਸਿੰਘ ਸਭਾਵਾਂ ਵਿੱਚ ਕਿਹੜੀ ਵੱਡੀ ਹੈ। ਉਹਨਾਂ ਦੋਹਾਂ ਵਿਚੋਂ ਕੋਈ ਵੀ ਝੁੱਕਣ ਲਈ ਰਾਜ਼ੀ ਨਹੀਂ ਸੀ। ਦੋਹਾਂ ਗੁੱਟਾਂ ਵਿੱਚ ਇਹ ਮਨ-ਮੁਟਾਵ ਕੇਵਲ ਚਲਦਾ ਹੀ ਨਹੀਂ ਰਿਹਾ ਸਗੋਂ ਵੱਧ ਗਿਆ ਅਤੇ ਅੰਤ ਵਿੱਚ ਇਸਦਾ ਇਹ ਸਿੱਟਾ ਹੋਇਆ ਕਿ ਇੱਕ ਵੱਖ ਸੁਤੰਤਰ ਖਾਲਸਾ ਦੀਵਾਨ ਦੀ ਸਥਾਪਨਾ 1886 ਈ. ਵਿੱਚ ਹੋਈ। ਇਸ ਤਰ੍ਹਾਂ ਹੀ ਖਾਲਸਾ ਦੀਵਾਨ ਨੂੰ ਇਕ ਬਹੁਤ ਵੱਡੀ ਸੱਟ ਵੱਜੀ, ਕਿਉਂਕਿ ਹੁਣ ਉਸ ਨਾਲ ਕੇਵਲ ਸੱਤ ਸਿੰਘ ਸਭਾਵਾਂ ਰਹਿ ਗਈਆਂ। ਕੁੱਝ ਹੀ ਵਰ੍ਹਿਆਂ ਵਿੱਚ ਖਾਲਸਾ ਦੀਵਾਨ ਅੰਮ੍ਰਿਤਸਰ ਸਿਰਫ ਨਾਉਂ ਵਿੱਚ ਹੀ ਰਹਿ ਗਿਆ; ਕਿਉਂਕਿ ਹੁਣ ਇਸ ਵਿੱਚ ਸਿਰਫ ਤਿੰਨ ਸਿੰਘ ਸਭਾਵਾਂ ਮੈਂਬਰ ਸਨ-ਅੰਮ੍ਰਿਤਸਰ ਦੀ ਸਿੰਘ ਸਭਾ, ਫਰੀਦਕੋਟ ਦੀ ਸਿੰਘ ਸਭਾ ਅਤੇ ਰਾਵਲਪਿੰਡੀ ਦੀ ਸਿੰਘ ਸਭਾ।

**6. ਚੀਫ ਖਾਲਸਾ ਦੀਵਾਨ ਦੀ ਸਥਾਪਨਾ** :– ਖਾਲਸਾ ਦੀਵਾਨ ਲਾਹੌਰ ਅਤੇ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਪੁਰਾਣੀ ਆਪਸੀ ਦੁਸ਼ਮਣੀ ਨਾਲ ਉਹਨਾਂ ਦੇ ਆਪਸੀ ਸਬੰਧ ਹੋਰ ਖਰਾਬ ਹੋ ਗਏ। ਏਕਤਾ ਦੀ ਘਾਟ ਨੇ ਸਿੰਘ ਸਭਾ ਸੁਧਾਰ ਲਹਿਰ ਨੂੰ ਪਿੱਛੇ ਛੱਡ ਦਿੱਤਾ ਇੱਕ ਵਾਰ ਫਿਰ ਸਿੰਘ ਸਭਾ ਵਿੱਚ ਏਕਤਾ ਲਿਆਉਣ ਦੀਆਂ ਕੋਸ਼ਿਸ਼ਾਂ ਨੇ ਉਸ ਵਕਤ ਵਿਵਹਾਰਿਕ ਰੂਪ ਧਾਰਣ ਕਰ ਲਿਆ, ਜਦ 30 ਨਵੰਬਰ 1902 ਵਿੱਚ ਚੀਫ ਖਾਲਸਾ ਦੀਵਾਨ ਦੀ ਅੰਮ੍ਰਿਤਸਰ ਵਿੱਚ ਸਥਾਪਨਾ ਕੀਤੀ ਗਈ।

**6.1 ਸਿੰਘ ਸਭਾ ਇਕ ਨਵੇਂ ਦੌਰ ਵਿੱਚ** :– ਚੀਫ ਖਾਲਸਾ ਦੀਵਾਨ ਦੀ ਸਥਾਪਨਾ ਦੇ ਨਾਲ, ਸਿੰਘ ਸਭਾ ਲਹਿਰ ਇੱਕ ਨਵੇਂ ਦੌਰ ਵਿਚ ਪੁੱਜ ਗਈ। ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ ਅਤੇ ਭਾਈ ਅਰਜਨ ਸਿੰਘ ਬਾਗੜੀਆਂ ਇਸ ਦੀਵਾਨ ਨੂੰ ਚਲਾਉਣ ਅਤੇ ਠੀਕ ਰਾਹ ਪਾਉਣ ਵਾਲੇ ਕੁੱਝ ਚੰਗੇ ਨੇਤਾ ਅੱਗੇ ਆਏ। ਉਹ ਸਿੱਖ ਸਮਾਜ ਦੇ ਵਿਕਾਸਸ਼ੀਲ, ਪੜੇ–ਲਿਖੇ ਅਤੇ ਜਾਗਰੂਕ ਵਰਗ ਦਾ ਪ੍ਰਤੀਨਿਧ ਕਰਦੇ ਸਨ। ਉਹ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਨੇਤਾਵਾਂ ਤੋਂ ਉਲਟ ਆਪਣੇ ਵਿਚਾਰਾਂ ਅਤੇ ਦ੍ਰਿਸ਼ਟੀਕੋਣ ਵਿੱਚ ਜ਼ਿਆਦਾ ਲੋਕਤੰਤਰੀ ਸਨ। ਉਹ ਜਾਤ-ਪਾਤ ਨੂੰ ਖਤਮ ਕਰਕੇ ਸਮਾਜਿਕ ਸਮਾਨਤਾ ਲਿਆਉਣਾ ਚਾਹੁੰਦੇ ਸਨ। ਉਹ ਧਰਮ ਵਿੱਚ ਅਨੁਸ਼ਾਸਨ ਅਤੇ ਗੁਰੂ ਗੋਬਿੰਦ ਸਿੰਘ ਰਾਹੀਂ ਦਿੱਤੇ ਗਏ ਪੰਜ ਨਿਸ਼ਾਨਾ ਦਾ ਪਾਲਣ ਕਰਨਾ ਚਾਹੁੰਦੇ ਸਨ। ਇਸ ਦੀਵਾਨ ਨੇ ਸਿੱਖਾਂ ਨੂੰ ਫਿਰ ਤੋਂ ਸੰਗਠਿਤ ਕਰਨ ਦਾ ਕੰਮ ਵੀ ਸ਼ੁਰੂ ਕੀਤਾ। ਇਹ ਦੀਵਾਨ ਜ਼ਿਆਦਾ ਦੇਰ ਖੁਦ ਨੂੰ ਰਾਜਨੀਤੀ ਤੋਂ ਵੱਖ ਨਹੀਂ ਰੱਖ ਸਕਿਆ।

**6.2 ਚੀਫ ਖਾਲਸਾ ਦੀਵਾਨ ਦਾ ਸਥਾਨ** :– ਇਸ ਤਰ੍ਹਾਂ ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਚੀਫ ਖਾਲਸਾ ਦੀਵਾਨ ਸਿੰਘ ਸਭਾ ਲਹਿਰ ਨੂੰ ਰਸਤਾ ਦਿਖਾਉਣ ਅਤੇ ਚਲਾਉਣ ਦੀ ਇੱਕ ਤਾਕਤ ਬਣ ਗਈ। ਚੀਫ ਖਾਲਸਾ ਦੀਵਾਨ ਸਿੱਖ ਸਮਾਜ ਦਾ ਨਿਰਵਿਰੋਧ ਲੀਡਰ ਬਣ ਗਿਆ ਅਤੇ ਛੇਤੀ ਹੀ ਹਰਮਨ ਪਿਆਰਾ ਵੀ। ਨਵੀਂ ਲੀਡਰਸ਼ਿਪ ਨੂੰ ਅੰਮ੍ਰਿਤਸਰ ਅਤੇ ਲਾਹੌਰ ਦੋਹਾਂ ਪਾਰਟੀਆਂ ਨੇ ਪਸੰਦ ਕੀਤਾ ਕਿਉਂਕਿ ਇਹ ਨਾ ਤਾਂ ਬਹੁਤ ਜ਼ਿਆਦਾ ਰੂੜੀਵਾਦੀ ਵਿਚਾਰਾਂ ਦਾ ਸੀ ਅਤੇ ਨਾ ਹੀ ਬਹੁਤ ਜ਼ਿਆਦਾ ਸੁਧਾਰਵਾਦੀ ਵਿਚਾਰਾਂ ਦਾ। ਇਸ ਨੇ ਦੋਹਾਂ ਦੇ ਵਿਚਕਾਰ ਦਾ ਰਸਤਾ ਅਪਣਾਇਆ। ਆਪਣੇ ਵਿਚਾਰਾਂ ਅਤੇ ਸੁਭਾਅ ਵਿੱਚ ਕਾਫੀ ਹੱਦ ਤੱਕ ਨਰਮ ਸੀ। ਇਸ ਦਾ ਸਿੱਖਾਂ ਦੇ ਮਾਮਲਿਆਂ ਤੇ ਪੂਰਾ ਕੰਟਰੋਲ ਚਲਦਾ ਰਿਹਾ, ਜਦ ਤੱਕ ਕਿ 1920 ਈ. ਵਿੱਚ ਸਿੱਖਾਂ ਦਾ ਕੰਟਰੋਲ ਅਕਾਲੀਆਂ ਦੇ ਹੱਥ ਵਿੱਚ ਨਹੀਂ ਗਿਆ।

**7. ਪ੍ਰਾਪਤੀਆਂ** :– ਸਿੱਖ ਸਮਾਜ ਦੇ ਦੁਬਾਰਾ ਸਮਾਜਿਕ-ਧਾਰਮਿਕ ਨਿਰਮਾਣ ਵਿੱਚ ਸਿੰਘ ਸਭਾ ਲਹਿਰ ਨੇ ਬਹੁਤ ਹੀ ਮਹੱਤਵਪੂਰਣ ਕੰਮ ਕੀਤੇ। ਇਸ ਲਹਿਰ ਨੇ ਸਿੱਖਾਂ ਨੂੰ ਉਹਨਾਂ ਦੇ ਮਹਾਨ ਅਧਿਆਤਮਕ ਅਤੇ ਸਭਿਆਚਾਰਕ ਪਿਛੋਕੜ ਬਾਰੇ ਜਾਣੂ ਕਰਵਾਇਆ ਅਤੇ ਉਹਨਾਂ ਨੂੰ ਬ੍ਰਾਹਮਣਾਂ ਦੇ ਸਮਾਜਿਕ ਅਤੇ ਧਾਰਮਿਕ ਪ੍ਰਭਾਵ ਤੋਂ ਛੁਟਕਾਰਾ ਦਿਵਾਇਆ। ਇਸ ਨੇ ਉਹਨਾਂ ਨੂੰ ਯਕੀਨ ਦਵਾਇਆ ਕਿ ਭਵਿੱਖ ਵਿੱਚ ਸਮਾਜ ਸਿੱਖ ਗੁਰੂਆਂ ਦੀ ਸਿੱਖਿਆਵਾਂ ਨਾਲ ਜੁੜਿਆ ਰਹੇਗਾ।

**7.1 ਧਾਰਮਿਕ ਸੁਧਾਰ** :– ਧਾਰਮਿਕ ਖੇਤਰ ਵਿੱਚ ਸਿੰਘ ਸਭਾ ਦੇ ਨੇਤਾਵਾਂ ਦਾ ਮੁੱਖ ਉਦੇਸ਼ ਸਿੱਖ ਧਰਮ ਦੀ ਪੁਰਾਣੀ ਪਵਿੱਤਰਤਾ ਨੂੰ ਫਿਰ ਤੋਂ ਸਥਾਪਤ ਕਰਨਾ ਸੀ। ਇਸ ਕੰਮ ਦੀ ਪ੍ਰਾਪਤੀ ਲਈ ਉਹਨਾਂ ਨੇ ਸਿੱਖ ਧਰਮ ਅਤੇ ਇਤਿਹਾਸ ਨੂੰ ਇਕ ਨਵੀਂ ਵਿਆਖਿਆ ਦੇਣੀ ਚਾਹੀ। ਸਿੱਖ ਗੁਰੂਆਂ ਦੀ ਤਰ੍ਹਾਂ ਉਹਨਾਂ ਨੇ ਇਕ ਈਸ਼ਵਰ ਦੀ ਪੂਜਾ ਦਾ ਪ੍ਰਚਾਰ ਕੀਤਾ। ਉਹਨਾਂ ਨੇ ਵੱਖ-ਵੱਖ ਦੇਵੀ ਦੇਵਤਿਆਂ ਦੀ ਪੂਜਾ ਦੇ ਖਿਲਾਫ ਧਾਰਮਿਕ ਯੁੱਧ ਚਲਾਇਆ ਕਿਉਂਕਿ ਇਹ ਪੂਜਾ ਸਿੱਖ ਧਰਮ ਦੇ ਮੂਲ ਸਿਧਾਂਤਾਂ ਦੇ ਬਿਲਕੁਲ ਖਿਲਾਫ ਸੀ। ਉਹਨਾਂ ਨੇ ਪੂਜਾ ਦੇ ਸਾਧਾਰਣ ਤਰੀਕਿਆਂ ਦਾ ਪ੍ਰਚਾਰ ਕੀਤਾ ਜਿਹਨਾਂ ਤਰੀਕਿਆਂ ਉੱਤੇ ਜਿਆਦਾ ਖਰਚ ਨਾ ਹੋਵੇ। ਉਹਨਾਂ ਨੇ ਆਰਤੀ, ਯੱਗ ਆਦਿ ਦਾ ਵਿਰੋਧ ਕੀਤਾ ਅਤੇ ਨਾਲ ਹੀ ਉਹਨਾਂ ਨੇ ਧਾਰਮਿਕ ਸਥਾਨਾਂ ਦੀ ਯਾਤਰਾ ਨੂੰ ਫਜ਼ੂਲ ਅਤੇ ਅਰਥਹੀਨ ਸਮਝਿਆ।

ਈਸ਼ਵਰ ਦੀ ਕਿਰਪਾ ਅਤੇ ਦਯਾ ਨੂੰ ਹਾਸਲ ਕਰਨ ਲਈ ਸਿੰਘ ਸਭਾ ਦੇ ਨੇਤਾਵਾਂ ਨੇ ਇਹਨਾਂ ਗੱਲਾਂ ਤੇ ਜ਼ੋਰ ਦਿੱਤਾ ਕਿ ਈਸ਼ਵਰ ਨਾਲ ਪਿਆਰ ਕੀਤਾ ਜਾਵੇ, ਸਮਾਜ ਵਿੱਚ ਮਨੁੱਖ ਜਾਤੀ ਦੀ ਸੇਵਾ ਕੀਤੀ ਜਾਵੇ, ਪਵਿੱਤਰ ਜੀਵਨ ਬਿਤਾਇਆ ਜਾਵੇ, ਦਾਨ ਅਤੇ ਸੱਚ ਸਿਧਾਂਤਾਂ ਦਾ ਪਾਲਣ ਕੀਤੀ ਜਾਵੇ। ਉਹਨਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਇੱਕ ਮਨੁੱਖ ਵਿੱਚ ਤਾਂ ਹੀ ਨੈਤਿਕਤਾ ਵਧਦੀ ਹੈ ਜਦ ਮਨੁੱਖ ਚੰਗੇ ਕਰਮ ਕਰਦਾ ਹੈ। ਮਨੁੱਖ ਵਿੱਚ ਚੰਗੇ ਗੁਣ ਕਿਸੇ ਜਾਦੂ, ਟੂਣੇ, ਅਤੇ ਮੰਤਰਾਂ ਨਾਲ ਨਹੀਂ ਆਉਂਦੇ। ਉਸ ਵਕਤ ਇਹ ਇੱਕ ਗਲਤ ਜਿਹਾ ਵਿਚਾਰ ਸੀ ਕਿ ਸਿੱਖਇਜ਼ਮ ਹਿੰਦੂ ਧਰਮ ਅਤੇ ਸਮਾਜ ਦਾ ਹੀ ਇਕ ਹਿੱਸਾ ਹੈ। ਸਿੰਘ ਸਭਾ ਦੇ ਨੇਤਾਵਾਂ ਨੇ ਇਸ ਗੱਲ ਦਾ ਵਿਰੋਧ ਕੀਤਾ। ਗਿਆਨੀ ਦਿੱਤ ਸਿੰਘ, ਲਾਹੌਰ ਸਿੰਘ ਸਭਾ ਦਾ ਇਕ ਨੇਤਾ ਸੀ ਦੇ ਸ਼ਬਦਾਂ ਵਿਚ

''ਭਾਵੇਂ ਸਿੱਖ ਹਿੰਦੂਆਂ ਤੋਂ ਪੈਦਾ ਹੋਏ ਅਤੇ ਹਿੰਦੂਆਂ ਨਾਲ ਉਹਨਾਂ ਦਾ ਭਾਈਚਾਰਾ ਕਾਇਮ ਰਿਹਾ, ਫਿਰ ਵੀ ਸਿੱਖ ਇੱਕ ਵੱਖ ਸਮਾਜ ਬਣ ਗਿਆ, ਬਹੁਤ ਹੀ ਸਪੱਸ਼ਟ ਤਰੀਕੇ ਨਾਲ ਉਹ ਵੇਖਣ ਵਿੱਚ ਇੱਕ ਦੂਜੇ ਤੋਂ ਵੱਖ ਹਨ, ਆਪਣੇ ਧਾਰਮਿਕ ਅਤੇ ਸਮਾਜਿਕ ਦ੍ਰਿਸ਼ਟੀਕੋਣ ਨਾਲ ਇਕ ਦੂਜੇ ਤੋਂ ਵੱਖ ਹਨ, ਈਸ਼ਵਰ ਅਤੇ ਗੁਰੂਆਂ ਦੀ ਵਿਚਾਰਧਾਰਾ ਦੇ ਆਧਾਰ ਤੇ, ਪੂਜਾ ਦੇ ਤਰੀਕੇ ਤੋਂ ਸਹਿਤ ਅਤੇ ਭਾਸ਼ਾ ਤੋਂ ਉਹ ਇੱਕ ਦੂਜੇ ਤੋਂ ਵੱਖ ਹਨ ਅਤੇ ਉਹਨਾਂ ਦੀ ਜਾਤ-ਪਾਤ, ਤੀਰਥ ਸਥਾਨਾਂ ਅਤੇ ਪੁਜਾਰੀਆਂ ਦੇ ਸਬੰਧ ਵਿੱਚ ਵਿਚਾਰ ਵੀ ਇਕ ਦੂਜੇ ਤੋਂ ਵੱਖ ਹਨ।''

ਸਿੰਘ ਸਭਾ ਨੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਦੱਸੇ ਚਿੰਨਾਂ (ਕਕਾਰਾਂ) ਵਿੱਚ ਦ੍ਰਿੜ ਵਿਸ਼ਵਾਸ ਰੱਖਿਆ। ਹਜ਼ਾਰਾਂ ਸਿੱਖ ਜਿਹੜੇ ਆਪਣਾ ਧਰਮ ਛੱਡ ਗਏ ਸਨ ਉਹਨਾਂ ਨੂੰ ਮੁੜ ਤੋਂ ਸਿੱਖ ਧਰਮ ਵਿੱਚ ਵਾਪਸ ਲਿਆਂਦਾ ਗਿਆ। ਬਹੁਤ ਵੱਡੀ ਗਿਣਤੀ ਵਿੱਚ ਸਹਿਜਧਾਰੀਆਂ ਨੂੰ ਖਾਲਸਾ ਬਣਨ ਲਈ ਜ਼ੋਰ ਪਾਇਆ ਗਿਆ। ਸਿੰਘ ਸਭਾ ਨੇ ਕਈ ਪ੍ਰਚਾਰਕ ਅਤੇ ਮਿਸ਼ਨ ਦੇਸ਼ ਦੇ ਸਿਰਫ ਵੱਖ-ਵੱਖ ਭਾਗਾਂ ਵਿੱਚ ਹੀ ਨਹੀਂ ਸਗੋਂ ਮਲੇਸ਼ੀਆ, ਬਰਮਾ ਅਤੇ ਸਿੰਗਾਪੁਰ ਵਿੱਚ ਸਿੱਖ ਧਰਮ ਦੇ ਸਿਧਾਂਤਾਂ ਦੇ ਪ੍ਰਚਾਰ ਲਈ ਭੇਜੇ ਗਏ।

**ਸਿੱਖ ਸਾਹਿਤ ਦਾ ਵਿਕਾਸ :–** ਸਿੰਘ ਸਭਾ ਨੇ ਇਕ ਕਮੇਟੀ ਬਣਾਈ ਜਿਸ ਦਾ ਮੁੱਖ ਕੰਮ ਸਿੱਖਾਂ ਦੀ ਧਾਰਮਿਕ ਪੁਸਤਕਾਂ ਨੂੰ ਸੋਧਣ ਅਤੇ ਸਿੱਖ ਗੁਰੂਆਂ ਦੀਆਂ ਵਿਸ਼ਵਾਸ ਯੋਗ ਜੀਵਨੀਆਂ ਤਿਆਰ ਕਰਨੀਆਂ ਸੀ। ਇਸ ਕਮੇਟੀ ਦਾ ਇਕ ਹੋਰ ਕੰਮ ਗੁਰੂ ਗ੍ਰੰਥ ਸਾਹਿਬ ਦੇ ਘਟੀਆ ਸੰਕਲਨਾਂ ਨੂੰ ਛਾਪਣ ਤੋਂ ਰੋਕਣਾ ਵੀ ਸੀ। ਸਿੱਖ ਧਰਮ ਦੇ ਅਸਲੀ ਅਤੇ ਸੱਚੇ ਰੂਪ ਨੂੰ ਫਿਰ ਤੋਂ ਸਥਾਪਿਤ ਕੀਤਾ ਜਾ ਸਕੇ। ਮੈਕਾਲਿਫ ਨੇ ਛੇ ਅੰਕਾਂ ਵਿੱਚ ਸਿੱਖ ਧਰਮ ਬਾਰੇ ਸ਼ਾਨਦਾਰ ਇਤਿਹਾਸਕ ਕੰਮ ਕੀਤਾ।

ਇਹ ਸੱਚ ਹੈ ਕਿ ਧਾਰਮਿਕ ਸੁਧਾਰਾਂ ਦਾ ਕੰਮ ਬਹੁਤ ਵੱਡਾ ਅਤੇ ਅਸੀਮਿਤ ਸੀ। ਬਿਨਾਂ ਸਿੱਖਾਂ ਗੁਰਦੁਆਰਿਆਂ ਵਿੱਚ ਸੁਧਾਰ ਕੀਤੇ ਇਹ ਕੰਮ ਪੂਰਾ ਨਹੀਂ ਹੋ ਸਕਦਾ ਸੀ ਜਦ ਕਿ ਉਸ ਸਮੇਂ ਗੁਰਦੁਆਰੇ ਬੇਈਮਾਨ ਪੁਜਾਰੀਆਂ ਦੇ ਕਬਜ਼ੇ ਵਿੱਚ ਸਨ। ਆਪਣੀ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਸਿੰਘ ਸਭਾਵਾਂ ਨੂੰ ਉਹਨਾਂ ਪੁਜਾਰੀਆਂ ਤੋਂ ਗੁਰਦੁਆਰੇ ਸੁਤੰਤਰ ਕਰਾਉਣ ਵਿੱਚ ਕਾਮਯਾਬੀ ਹਾਸਿਲ ਨਹੀਂ ਸੀ ਹੋਈ ਕਿਉਂਕਿ ਉਹ ਪੁਜਾਰੀ ਸਿੱਖ ਧਰਮ ਅਤੇ ਸਮਾਜ ਵਿੱਚ ਸੁਧਾਰ ਕਰਨ ਦੇ ਕੱਟੜ ਵਿਰੋਧੀ ਸਨ। ਗੁਰਦੁਆਰਿਆਂ ਦੀ ਸੁਤੰਤਰਤਾ ਦਾ ਕੰਮ 1920 ਤੋਂ ਬਾਅਦ ਅਕਾਲੀ ਪਾਰਟੀ ਨੇ ਪੂਰਾ ਕੀਤਾ।

7.2 **ਸਮਾਜਿਕ ਸੁਧਾਰ :–** ਸਿੰਘ ਸਭਾ ਲਹਿਰ ਨੇ ਸਮਾਜ ਸੁਧਾਰ ਦੇ ਵੀ ਕਈ ਮਹੱਤਵਪੂਰਨ ਕੰਮ ਕੀਤੇ। ਸਿੰਘ ਸਭਾ ਨੇ ਕਈ ਸਮਾਜਿਕ ਬੁਰਾਈਆਂ ਦੇ ਖਿਲਾਫ ਸੰਘਰਸ਼ ਜਾਰੀ ਕੀਤਾ, ਜਿਸ ਵਿਚ ਛੂਤ-ਛਾਤ, ਬਾਲ ਵਿਆਹ, ਇੱਕ ਤੋਂ ਵੱਧ ਸ਼ਾਦੀ, ਸਤੀ ਆਦਿ ਬੁਰਾਈਆਂ ਦਾ ਵਿਰੋਧ ਕੀਤਾ। ਸਿੰਘ ਸਭਾ ਨੇ ਪੁਰਸ਼ ਅਤੇ ਇਸਤਰੀ ਨੂੰ ਬਰਾਬਰ ਦਾ ਅਧਿਕਾਰ ਦਿਵਾਉਣ ਲਈ ਕੰਮ ਕੀਤਾ। ਇਸਤਰੀ ਸਿੱਖਿਆ ਅਤੇ ਵਿਧਵਾ ਵਿਆਹ ਦੇ ਹੱਕ ਵਿੱਚ ਪ੍ਰਚਾਰ ਕੀਤਾ। ਸਿੰਘ ਸਭਾ ਨੇ ਇਸਤਰੀਆਂ ਨੂੰ ਸਮਾਜ ਵਿੱਚ ਉੱਚੀ ਥਾਂ ਦਿਵਾਉਣ ਵਿੱਚ ਪੂਰੀ ਕਾਮਯਾਬੀ ਪ੍ਰਾਪਤ ਕੀਤੀ ਅਤੇ ਨਾਲ ਹੀ ਇਸਤਰੀਆਂ ਦੇ ਬਾਰੇ ਲੋਕਾਂ ਨੂੰ ਵਿਚਾਰਾਂ ਨੂੰ ਬਦਲਣ ਵਿੱਚ ਹੀ ਉਹਨਾਂ ਨੇ ਪਰਦਾ ਪ੍ਰਥਾ ਨੂੰ ਖਤਮ ਕਰਨ ਲਈ ਅਭਿਆਨ ਚਲਾਇਆ ਕਿਉਂਕਿ ਸਿੱਖ ਧਾਰਮਿਕ ਸਾਹਿਤ ਵਿੱਚ ਇਸ ਪ੍ਰਥਾ ਨੂੰ ਮਾਨਤਾ ਪ੍ਰਾਪਤ ਨਹੀਂ ਸੀ।

ਲਾਹੌਰ ਸਿੰਘ ਸਭਾ ਨੇ ਛੋਟੀ ਜਾਤੀ ਦੇ ਸਿੱਖਾਂ ਨੂੰ ਚੰਗਾ ਸਮਾਜਿਕ ਸਥਾਨ ਅਤੇ ਸਨਮਾਨ ਦਿਵਾਉਣ ਲਈ ਇਕ ਮਜ਼ਬੂਤ ਸੰਘਰਸ਼ ਚਲਾਇਆ। ਸਿੰਘ ਸਭਾ ਨੇ ਈਸਾਈ ਮਿਸ਼ਨਰੀ ਦੀ ਕਾਰਵਾਈ ਨੂੰ ਸਿੱਖ ਧਰਮ ਦੇ ਖਿਲਾਫ ਸਮਝਿਆ, ਕਿਉਂਕਿ ਇਸਾਈ ਮਿਸ਼ਨਰੀ ਛੋਟੀ ਜਾਤੀ ਦੇ ਸਿੱਖਾਂ ਨੂੰ ਚੰਗੇ ਸਮਾਜਿਕ ਅਤੇ ਆਰਥਿਕ ਸਥਾਨ ਦਿਵਾਉਣ ਦੇ ਲਾਲਚ ਦੇ ਕੇ ਈਸਾਈ ਧਰਮ ਵਿੱਚ ਲੈ ਜਾ ਰਹੇ ਸਨ। ਇਸ ਲਈ ਸਿੰਘ ਸਭਾ ਨੇ ਲਾਹੌਰ ਸ਼ੁਧੀ ਸਭਾ ਦੀ ਸਥਾਪਨਾ ਕੀਤੀ, ਜਿਸ ਦਾ ਕੰਮ ਛੋਟੀ ਜਾਤੀ ਦੇ ਸਿੱਖਾਂ ਨੂੰ ਦੂਜੇ ਧਰਮ ਵਿੱਚ ਜਾਣ ਤੋਂ ਰੋਕਣਾ ਸੀ। ਸਿੰਘ ਸਭਾ ਨੂੰ ਲਾਹੌਰ ਸ਼ੁੱਧੀ ਸਭਾ ਦੇ ਰਾਹੀਂ ਸੈਂਕੜਿਆਂ ਸਿੱਖਾਂ ਨੂੰ ਜਿਹੜੇ ਹਿੰਦੂ ਇਸਲਾਮ ਜਾਂ ਈਸਾਈ ਮੱਤ ਵਿੱਚ ਚਲੇ ਗਏ ਸਨ, ਫਿਰ ਸਿੱਖ ਧਰਮ ਵਿੱਚ ਲਿਆਉਣ ਵਿੱਚ ਕਾਮਯਾਬੀ ਮਿਲੀ। ਭਾਵੇਂ ਕੱਟੜ ਸਿੱਖਾਂ, ਮਹੰਤ ਅਤੇ ਪੁਜਾਰੀਆਂ ਨੇ ਸਿੰਘ ਸਭਾ ਦੇ ਇਹਨਾਂ ਸਮਾਜਿਕ ਸੁਧਾਰਾਂ ਦਾ ਵਿਰੋਧ ਕੀਤਾ, ਪਰ ਸਿੰਘ ਸਭਾ ਦੇ

ਸੁਧਾਰਕ ਸਮਾਜ ਸੁਧਾਰ ਦੇ ਕੰਮਾਂ ਲਈ ਜੋਸ਼ ਅਤੇ ਹਿੰਮਤ ਨਾਲ ਲੜਦੇ ਰਹੇ। ਸਿੰਘ ਸਭਾ ਜਾਤ-ਪਾਤ ਦੇ ਮਤਭੇਦ ਨੂੰ ਦੂਰ ਦਰਨ ਲਈ ਲਗਾਤਾਰ ਲੜਦੀ ਰਹੀ।

ਸਿੰਘ ਸਭਾ ਦੇ ਨੇਤਾਵਾਂ ਨੇ ਇਕ ਨਵੇਂ ਸਮਾਜਿਕ ਸੰਗਠਨ ਨੂੰ ਬਣਾਉਣ ਦਾ ਕੰਮ ਸ਼ੁਰੂ ਕੀਤਾ। ਇਕ ਇਹੋ ਜਿਹਾ ਸਮਾਜ ਜਿਸਦੇ ਸਮਾਜਿਕ ਕਾਨੂੰਨ ਰੀਤੀ-ਰਿਵਾਜ਼ ਅਤੇ ਤਿਉਹਾਰ ਸਿੱਖਾਂ ਲਈ ਹੋਣ। ਉਹਨਾਂ ਨੂੰ ਸਿੱਖਾਂ ਦੇ ਸਮਾਜਿਕ ਦ੍ਰਿਸ਼ਟੀਕੋਣ ਵਿੱਚ ਤਬਦੀਲੀ ਲਿਆਉਣ ਵਿੱਚ ਬਹੁਤ ਜ਼ਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਉਹਨਾਂ ਨੇ ਸਿੱਖਾਂ ਨੂੰ ਇਹ ਕਿਹਾ ਕਿ ਉਹ ਆਪਣਾ ਸਮਾਜਿਕ ਅਤੇ ਧਾਰਮਿਕ ਜੀਵਨ ਸਿੱਖ ਗੁਰੂਆਂ ਰਾਹੀਂ ਦੱਸੇ ਗਏ ਤਰੀਕੇ ਨਾਲ ਬਿਤਾਉਣ। ਉਹਨਾਂ ਨੇ ਧਾਰਮਿਕ ਖੇਤਰ ਦੀ ਤਰ੍ਹਾਂ ਸਿੱਖਾਂ ਨੂੰ ਉਹਨਾਂ ਦੇ ਸੁਤੰਤਰ ਸਮਾਜਿਕ ਸਨਮਾਨ ਬਾਰੇ ਵੀ ਜਾਗਰੂਕ ਕੀਤਾ। 1909 ਈ. ਵਿੱਚ ਆਨੰਦ ਮੈਰਿਜ ਐਕਟ ਕਾਨੂੰਨ ਬਣ ਗਿਆ ਅਤੇ ਇਹ ਸਿੰਘ ਸਭਾ ਦਾ ਇਕ ਮਹੱਤਵਪੂਰਨ ਕਦਮ ਸੀ ਕਿਉਂਕਿ ਧਾਰਮਿਕ ਖੇਤਰ ਦੀ ਤਰ੍ਹਾਂ ਸਮਾਜਿਕ ਖੇਤਰ ਵਿੱਚ ਵੀ ਸਿੰਘ ਸਭਾ ਦੀ ਇਹ ਇੱਕ ਇਹੋ ਜਿਹੀ ਗੰਭੀਰ ਲੜਾਈ ਸੀ ਜਿਸ ਨਾਲ ਸਿੱਖ ਧਰਮ ਦੀ ਪਵਿੱਤਰਤਾ ਨੂੰ ਫਿਰ ਤੋਂ ਕਾਇਮ ਕੀਤਾ ਜਾ ਸਕਿਆ।

**7.3 ਸਿੱਖਿਆ ਸੁਧਾਰ :–** ਸਿੰਘ ਸਭਾ ਨੇ ਸਿੱਖਾਂ ਵਿੱਚ ਸਿੱਖਿਆ ਦੇ ਪ੍ਰਚਾਰ ਦਾ ਵੀ ਬਹੁਤ ਜ਼ਿਆਦਾ ਕੰਮ ਕੀਤਾ। ਉਹਨਾਂ ਦਾ ਸਿੱਖਿਆ ਦੇ ਖੇਤਰ ਵਿੱਚ ਉਦੇਸ਼ ਧਾਰਮਿਕ ਵਿਚਾਰਾਂ ਨੂੰ ਧਰਮ ਨਿਰਪੱਖ ਸਿੱਖਿਆ ਦੇ ਨਾਲ ਸ਼ਾਮਿਲ ਕਰਨਾ ਸੀ। ਸਿੰਘ ਸਭਾ ਨੇ ਕਈ ਸਿੱਖਿਆ ਸੰਸਥਾਵਾਂ ਸਥਾਪਿਤ ਕਰਵਾਈਆਂ। ਇਹਨਾਂ ਸੰਸਥਾਵਾਂ ਦੇ ਰਾਹੀਂ ਸਿੰਘ ਸਭਾ ਸਿੱਖਾਂ ਨੂੰ ਇਹੋ ਜਿਹੇ ਮੌਕੇ ਦੇਣਾ ਚਾਹੁੰਦੀ ਸੀ ਕਿ ਜਿਹਨਾਂ ਦੀ ਮੱਦਦ ਨਾਲ ਉਹ ਆਧੁਨਿਕ ਸਿੱਖਿਆ ਪ੍ਰਾਪਤ ਕਰ ਸਕਣ ਅਤੇ ਨਾਲ ਹੀ ਉਹ ਸਿੱਖ ਧਰਮ, ਸਿੱਖ ਇਤਿਹਾਸ, ਸਿੱਖ ਸਾਹਿਤ ਅਤੇ ਗੁਰਮੁਖੀ ਭਾਸ਼ਾ ਦਾ ਗਿਆਨ ਹਾਸਲ ਕਰ ਸਕਣ। ਪੂਰੇ ਪ੍ਰਾਂਤ ਵਿੱਚ ਸਿੰਘ ਸਭਾ ਨੇ ਕਈ ਖਾਲਸਾ ਸਕੂਲ ਸਥਾਪਿਤ ਕਰਵਾਏ। ਇਤਨਾ ਹੀ ਨਹੀਂ ਇਹਨਾਂ ਸਕੂਲਾਂ ਨੇ ਸਿੱਖਾਂ ਦੀ ਉਹਨਾਂ ਦੇ ਧਾਰਮਿਕ ਅਤੇ ਸਭਿਆਚਾਰਕ ਪਰੰਪਰਾਵਾਂ ਅਤੇ ਰੀਤੀ-ਰਿਵਾਜ ਬਣਾਏ ਰੱਖਣ ਵਿੱਚ ਮਦਦ ਕੀਤੀ। ਪ੍ਰੋ. ਤੇਜਾ ਸਿੰਘ ਦੇ ਸ਼ਬਦਾਂ ਵਿੱਚ ਸਿੱਖ ਸਕੂਲ ਕੇਵਲ ਸਿੱਖਿਆ ਦੇਣ ਦੀਆਂ ਹੀ ਸੰਸਥਾਵਾਂ ਨਹੀਂ ਹਨ; ਸਗੋਂ ਇਹਨਾਂ ਸਕੂਲਾਂ ਨੇ ਸਿੱਖ ਧਰਮ ਨੂੰ ਹੋਰ ਮਜ਼ਬੂਤ ਕਰਨ ਵਿੱਚ ਮੱਦਦ ਦਿੱਤੀ, ਜਿਥੇ ਕਿਤੇ ਵੀ ਇਹ ਸਕੂਲ ਸਥਾਪਿਤ ਹੋਏ। ਇਥੋਂ ਤੱਕ ਕਿ ਸਿੰਘ ਸਭਾਵਾਂ ਜਿਨ੍ਹਾਂ ਨੂੰ ਸੁਧਾਰਾਂ ਦਾ ਪ੍ਰਚਾਰ ਕਰਨ ਲਈ ਸੰਗਠਿਤ ਕੀਤਾ ਗਿਆ, ਉਹ ਇਨ੍ਹਾਂ ਸਕੂਲਾਂ ਦਾ ਮੁਕਾਬਲਾ ਨਹੀਂ ਕਰ ਸਕੀਆ।

**ਇਸਤਰੀਆਂ ਲਈ ਸਿੱਖਿਆ :–** ਸਿੰਘ ਸਭਾ ਨੇ ਇਸਤਰੀ ਸਿੱਖਿਆ ਦੀ ਤਰਫ ਵੀ ਪੂਰਾ ਧਿਆਨ ਦਿੱਤਾ। ਭਾਈ ਤਖਤ ਸਿੰਘ ਇਸਤਰੀ ਸਿੱਖਿਆ ਦਾ ਮਹਾਨ ਚੈਂਮਪੀਅਨ ਹੋਇਆ। ਉਸ ਨੇ ਆਪਣਾ ਪੂਰਾ ਜੀਵਨ ਇਸਤਰੀ ਸਿੱਖਿਆ ਦੇ ਵਿਕਾਸ ਵੱਲ ਲਾ ਦਿੱਤਾ। 1892 ਈ. ਵਿੱਚ ਉਸ ਨੇ ਫਿਰੋਜ਼ਪੁਰ ਵਿੱਚ ਇਕ ਮਹਾਂ-ਵਿਦਿਆਲੇ ਦੀ ਸਥਾਪਨਾ ਕੀਤੀ। ਭਾਈ ਤਖਤ ਸਿੰਘ ਰਾਹੀਂ ਕੀਤੇ ਗਏ ਇਸ ਕੰਮ ਤੋਂ ਹੋਰ ਸਿੰਘ ਸਭਾਵਾਂ ਨੂੰ ਸਬਕ ਪ੍ਰਾਪਤ ਹੋਇਆ ਅਤੇ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਲੜਕੀਆਂ ਦੀ ਸਿੱਖਿਆ ਲਈ ਖਾਲਸਾ ਸਕੂਲ ਖੋਲ੍ਹੇ ਗਏ। ਇਹ ਸਕੂਲ ਲਾਹੌਰ, ਸਿਆਲਕੋਟ, ਰਾਵਲਪਿੰਡੀ, ਗੁਜਰਾਂਵਾਲਾ ਅਤੇ ਹੋਰ ਕਈ ਥਾਵਾਂ ਤੇ ਖੋਲ੍ਹੇ ਗਏ। 1898 ਈ. ਵਿੱਚ ਗੁਰਮਤ ਕੰਨਿਆ ਪਾਠਸ਼ਾਲਾ ਅੰਮ੍ਰਿਤਸਰ ਵਿੱਚ ਸਥਾਪਿਤ ਹੋਈ, ਇਹ ਆਪਣੀ ਕਿਸਮ ਦੀ ਹੀ ਪਾਠਸ਼ਾਲਾ ਸੀ ਜਿਸ ਨੇ ਗੁਰਮਤ ਪ੍ਰਚਾਰ ਲਈ ਸਿੱਖ ਲੜਕੀਆਂ ਨੂੰ ਸਿੱਖਿਅਤ ਕੀਤਾ।

**ਸਿੱਖਿਆ ਦੇ ਵਿਕਾਸ ਲਈ ਹੋਰ ਕੰਮ :–** 1892 ਈ. ਵਿੱਚ ਅੰਮ੍ਰਿਤਸਰ ਵਿਖੇ ਖਾਲਸਾ ਕਾਲਜ ਦੀ ਸਥਾਪਨਾ ਇੱਕ ਹੋਰ ਮਹੱਤਵਪੂਰਨ ਸਿੰਘ ਸਭਾ ਦੀ ਪ੍ਰਾਪਤੀ ਸੀ। ਸਿੰਘ ਸਭਾ ਨੇ ਇਸੇ ਸਮੇਂ ਇਹ ਯੋਜਨਾ ਬਣਾਈ ਕਿ ਇਸ ਖਾਲਸਾ ਕਾਲਜ ਨੂੰ ਬਨਾਰਸ ਹਿੰਦੂ ਵਿਸ਼ਵ ਵਿਦਿਆਲੇ ਅਤੇ ਅਲੀਗੜ੍ਹ ਮੁਸਲਿਮ ਵਿਸ਼ਵ ਵਿਦਿਆਲੇ ਦੀ ਤਰ੍ਹਾਂ ਇੱਕ ਸਿੱਖ ਯੂਨੀਵਰਸਿਟੀ ਬਣਾਇਆ ਜਾਵੇ, ਪਰ ਧੰਨ ਦੀ ਥੋੜ ਦੇ ਕਾਰਨ ਇਸ ਕੰਮ ਨੂੰ ਸਿਰੇ ਨਹੀਂ ਚੜ੍ਹਾਇਆ ਜਾ ਸਕਿਆ। ਹੁਣ ਹਰ ਸਾਲ ਸਿੱਖ ਸਿੱਖਿਆ ਸਮਾਗਮ ਸੰਗਠਿਤ ਕੀਤੇ ਗਏ ਅਤੇ ਜਿਸ ਥਾਂ ਤੇ ਇਹ ਸਮਾਗਮ ਹੁੰਦਾ ਉਥੇ ਖਾਲਸਾ ਸਕੂਲ ਜਾਂ ਖਾਲਸਾ ਕਾਲਜ ਸਥਾਪਿਤ ਕੀਤਾ ਜਾਂਦਾ। ਕੁੱਝ ਹੀ ਸਾਲਾਂ ਵਿੱਚ ਸਿੱਖਾਂ ਵਿੱਚ ਪੜ੍ਹੇ ਲਿਖਿਆਂ ਦੀ ਗਿਣਤੀ ਕਾਫੀ ਵੱਧ ਗਈ ਅਤੇ ਸਿੱਖ ਸਕੂਲਾਂ ਅਤੇ ਕਾਲਜਾਂ

ਦੀ ਗਿਣਤੀ ਵੀ ਇੰਨੀ ਜ਼ਿਆਦਾ ਵੱਧ ਗਈ ਕਿ ਹੋਰਾਂ ਨੂੰ ਹੈਰਾਨੀ ਹੋਣ ਲੱਗੀ। ਆਪਣੇ ਸਿੱਖਿਆ ਦੇ ਪ੍ਰਚਾਰ ਅਤੇ ਵਿਕਾਸ ਦੇ ਕੰਮ ਵਿੱਚ ਸਿੰਘ ਸਭਾ ਨੇ ਕਈ ਪੜ੍ਹੇ-ਲਿਖੇ ਯੂਰਪੀਅਨਾਂ ਦੀ ਮੱਦਦ ਵੀ ਲਈ।

**ਪੰਜਾਬੀ ਭਾਸ਼ਾ ਅਤੇ ਸਾਹਿਤ :–** ਸਿੰਘ ਸਭਾ ਲਹਿਰ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਹੋਰ ਵਿਕਸਿਤ ਅਤੇ ਅਮੀਰ ਬਣਾਉਣ ਵਿੱਚ ਬਹੁਤ ਹੀ ਮਹੱਤਵਪੂਰਣ ਕੰਮ ਕੀਤਾ। ਇਸ ਲਹਿਰ ਨੇ ਸਿੱਖਾਂ ਦੀ ਸਾਹਿਤਕ ਗਤੀਵਿਧੀਆਂ ਨੂੰ ਬਹੁਤ ਜ਼ਿਆਦਾ ਵਧਾਇਆ। ਭਾਈ ਵੀਰ ਸਿੰਘ ਜਿਹੜੇ ਪੰਜਾਬੀ ਸਾਹਿਤ ਦੇ ਘੱਟੋ-ਘੱਟ ਪੰਜਾਬ ਵਿੱਚ ਛਾਏ ਰਹੇ, ਇਸ ਸਿੰਘ ਸਭਾ ਲਹਿਰ ਦੀ ਦੇਣ ਸਨ। ਭਾਈ ਮੋਹਨ ਸਿੰਘ ਵੈਦ, ਭਾਈ ਕਾਹਨ ਸਿੰਘ, ਗਿਆਨੀ ਦਿੱਤ ਸਿੰਘ, ਗਿਆਨੀ ਗਿਆਨ ਸਿੰਘ ਅਤੇ ਹੋਰ ਕਈ ਪ੍ਰਸਿੱਧ ਲੇਖਕ ਇਸ ਯੁੱਗ ਵਿੱਚ ਹੋਏ ਜਿਨ੍ਹਾਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਲਈ ਕੰਮ ਕੀਤੇ। ਇਸ ਯੁੱਗ ਦਾ ਜ਼ਿਆਦਾਤਰ ਸਾਹਿਤ ਸਿੱਖਾਂ ਦੇ ਵਿੱਚ ਨੈਤਿਕਤਾ ਅਤੇ ਆਤਮਿਕ ਜਾਗਰਤੀ ਲਿਆਉਣ ਲਈ ਲਿਖਿਆ ਗਿਆ।

1884 ਈ. ਵਿੱਚ ਖਾਲਸਾ ਟਰੈਕਟ ਸੋਸਾਇਟੀ ਦੀ ਅੰਮ੍ਰਿਤਸਰ ਵਿੱਚ ਸਥਾਪਨਾ ਹੋਈ, ਇਸ ਸੋਸਾਇਟੀ ਨੇ ਪੰਜਾਬੀ ਗੱਦ ਨੂੰ ਵਿਕਸਿਤ ਕੀਤਾ। ਸਿੰਘ ਸਭਾ ਦੇ ਸਮਾਚਾਰ ਪੱਤਰ ਅਤੇ ਹੋਰ ਪ੍ਰਕਾਸ਼ਿਤ ਸਾਮਗਰੀ ਸਾਹਿਤ ਦੇ ਖੇਤਰ ਵਿੱਚ ਇੱਕ ਮਹਾਨ ਦੇਣ ਸੀ। ਦਰਜਨਾਂ ਪੰਜਾਬੀ ਅਖਬਾਰਾਂ ਜਿਸ ਤਰ੍ਹਾਂ ਖਾਲਸਾ ਸਮਾਚਾਰ, ਖਾਲਸਾ ਅਖਬਾਰ, ਪੰਜਾਬ ਦਰਪਣ, ਦੁਖਨਿਵਾਰਣ, ਖਾਲਸਾ ਸੇਵਕ, ਸਿੰਘ ਸਭਾ ਗਜ਼ਟ ਅਤੇ ਪੰਜਾਬੀ ਭੈਣ ਆਦਿ ਪ੍ਰਕਾਸ਼ਿਤ ਹੋਣੇ ਸ਼ੁਰੂ ਹੋਏ। ਇੰਨ੍ਹਾਂ ਸਮਾਚਾਰ ਪੱਤਰਾਂ ਅਤੇ ਮੈਗਜ਼ੀਨਾਂ ਨੇ ਸੁਧਾਰਾਂ ਦੇ ਕੰਮ ਤਾਂ ਕੀਤੇ, ਨਾਲ ਹੀ ਇਹਨਾਂ ਨੇ ਪੰਜਾਬੀ ਭਾਸ਼ਾ ਨੂੰ ਹੋਰ ਧਨੀ ਬਣਾਇਆ। ਹੁਣ ਇਹ ਭਾਸ਼ਾ ਇਸ ਕਾਬਿਲ ਬਣ ਗਈ ਕਿ ਇਸ ਦੇ ਰਾਹੀਂ ਹਰ ਰੋਜ਼ ਦੇ ਸਮਾਜਿਕ-ਧਾਰਮਿਕ ਵਿਸ਼ਿਆਂ ਅਤੇ ਰਾਜਨੀਤਿਕ ਵਿਚਾਰਾਂ ਨੂੰ ਸਪੱਸ਼ਟ ਰੂਪ ਵਿੱਚ ਰੱਖਿਆ ਜਾ ਸਕਦਾ ਸੀ। ਇਸ ਤਰ੍ਹਾਂ ਪੰਜਾਬੀ ਭਾਸ਼ਾ ਦਾ ਵਿਕਾਸ ਹੋਇਆ। ਉਸ ਨੂੰ ਆਧੁਨਿਕ ਬਣਾਇਆ ਗਿਆ ਤਾਂ ਜੋ ਸਾਹਿਤਕ ਜ਼ਰੂਰਤਾਂ ਨੂੰ ਪੂਰਾ ਕਰ ਸਕੇ। ਇਹ ਗੱਲ ਖਾਸ ਤੌਰ ਤੇ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਪੰਜਾਬੀ ਸਾਹਿਤ ਉਤੇ ਪੂਰੀ ਤਰ੍ਹਾਂ ਦੇ ਪੱਛਮੀ ਸਿੱਖਿਆ ਅਤੇ ਪੜ੍ਹਾਈ ਦਾ ਅਸਰ ਸੀ। ਸੰਖੇਪ ਵਿੱਚ ਸਿੰਘ ਸਭਾ ਨੇ ਪੰਜਾਬੀ ਭਾਸ਼ਾ ਨੂੰ ਇਕ ਆਸਰਾ, ਨਵਾਂ ਸਾਹਿਤਕ ਰੂਪ ਅਤੇ ਰੁਤਬਾ ਦਿੱਤਾ, ਨਾਲ ਹੀ ਇਸ ਨੂੰ ਆਪਣੇ ਵਿਕਾਸ ਦੀ ਆਖਰੀ ਚੋਟੀ ਤੇ ਪਹੁੰਚਾ ਦਿੱਤਾ। ਭਾਵੇਂ ਪੰਜਾਬੀ ਨੂੰ ਸਰਕਾਰੀ ਤੌਰ ਤੇ ਮਾਨਤਾ ਨਹੀਂ ਦਿੱਤੀ ਗਈ ਫੇਰ ਵੀ ਇਹ ਲੋਕ ਭਾਸ਼ਾ ਬਣ ਗਈ ਅਤੇ ਸਿੱਖਾਂ ਨੇ ਇਸ ਨੂੰ ਆਪਣੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਹਿੱਸਾ ਮੰਨ ਕੇ ਅਪਣਾਇਆ।

**7.4 ਰਾਜਨੀਤਿਕ ਕੰਮ :–** ਸ਼ੁਰੂ-ਸ਼ੁਰੂ ਵਿੱਚ ਸਿੰਘ ਸਭਾ ਦੇ ਨੇਤਾਵਾਂ ਨੇ ਜਾਣ ਬੁੱਝ ਕੇ ਰਾਜਨੀਤੀ ਤੋਂ ਦੂਰ ਰਹਿਣਾ ਹੀ ਪਸੰਦ ਕੀਤਾ, ਕਿਉਂਕਿ ਉਹਨਾਂ ਦਾ ਮੁੱਖ ਉਦੇਸ਼ ਸਮਾਜਿਕ ਅਤੇ ਧਾਰਮਿਕ ਸੁਧਾਰ ਕਰਨਾ ਸੀ। ਪਰ 20ਵੀਂ ਸਦੀ ਦੇ ਸ਼ੁਰੂ ਹੁੰਦਿਆਂ ਹੀ ਪੰਜਾਬ ਪ੍ਰਾਂਤ ਵਿੱਚ ਰਾਜਨੀਤਿਕ ਜਾਗ੍ਰਤੀ ਦਾ ਬਹੁਤ ਜ਼ਿਆਦਾ ਵਿਕਾਸ ਹੋਇਆ ਜਿਸ ਨੇ ਇਸ ਸਭਾ ਦੇ ਨੇਤਾਵਾਂ ਨੂੰ ਪ੍ਰਾਂਤ ਦੇ ਰਾਜਨੀਤਿਕ ਜੀਵਨ ਵਿੱਚ ਹਿੱਸਾ ਲੈਣ ਲਈ ਉਕਸਾਇਆ। ਚੀਫ ਖਾਲਸਾ ਦੀਵਾਨ ਨੇ ਸਰਕਾਰ ਦੇ ਪ੍ਰਤੀ ਵਫਾਦਾਰ ਰਹਿਣ ਦੀ ਸਹੁੰ ਚੁੱਕੀ, ਅਤੇ ਇਸ ਨੇ ਸਿੱਖਾਂ ਦੇ ਰਾਜਨੀਤਿਕ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਅਤੇ ਦਿਲਵਾਉਣ ਦਾ ਫੈਸਲਾ ਕੀਤਾ।

ਆਪਣੇ ਰਾਜਨੀਤਿਕ ਦ੍ਰਿਸ਼ਟੀਕੋਣ ਵਿੱਚ ਸਿੰਘ ਸਭਾ ਦੇ ਨੇਤਾ ਉਦਾਰਵਾਦੀ ਸਨ ਅਤੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਉਹ ਸੰਵਿਧਾਨਿਕ ਤਰੀਕੇ ਅਪਨਾਉਣ ਵਿੱਚ ਯਕੀਨ ਰੱਖਦੇ ਸਨ, ਉਹਨਾਂ ਦਾ ਸਰਕਾਰ ਨਾਲ ਕੋਈ ਝਗੜਾ ਨਾ ਹੋਵੇ। ਉਸ ਯੁੱਗ ਦੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਦਾਰਵਾਦੀ ਧੜੇ ਵਾਂਗ ਸਿੰਘ ਸਭਾ ਨੇ ਵੀ ਬੇਨਤੀ ਕਰਨ, ਬੇਨਤੀ ਪੱਤਰ ਭੇਜਣ, ਡੈਪੂਟੇਸ਼ਨ ਭੇਜਣ ਆਦਿ ਤਰੀਕਿਆਂ ਨੂੰ ਅਪਣਾ ਕੇ ਸਰਕਾਰ ਤੋਂ ਸਿੱਖਾਂ ਲਈ ਅਧਿਕਾਰ ਪ੍ਰਾਪਤ ਕਰਨ ਦੇ ਯਤਨ ਕੀਤੇ। ਉਹਨਾਂ ਨੇ ਸੰਵਿਧਾਨਿਕ ਤਰੀਕਿਆਂ ਰਾਹੀਂ ਪੰਜਾਬ ਦੇ ਵਿਕਾਸ, ਉਪਾਧੀਆਂ ਅਤੇ ਸਿਵਲ ਸੇਵਾਵਾਂ ਵਿੱਚ ਸਿੱਖਾਂ ਨੂੰ ਨੌਕਰੀਆਂ ਦਿਲਵਾਉਣ ਦੀ ਮੰਗ ਕੀਤੀ। 1909 ਈ. ਦੇ ਐਕਟ ਜਾਂ ਮਿੰਟੋ-ਮਾਰਲੇ ਐਕਟ ਨੇ ਮੁਸਲਮਾਨਾਂ ਨੂੰ ਅਲੱਗ ਚੋਣ ਅਧਿਕਾਰ ਦਿੱਤਾ। ਪਰ ਸਿੱਖਾਂ ਦੇ ਇਸ ਅਧਿਕਾਰ ਨੂੰ ਸਿੱਖਾਂ ਦੀ ਮੰਗ ਦੇ ਬਾਵਜੂਦ ਵੀ ਰੱਦ ਕਰ ਦਿੱਤਾ ਗਿਆ। ਸਿੰਘ ਸਭਾ ਨੇਤਾਵਾਂ ਨੇ ਸਰਕਾਰ ਕੋਲੋਂ ਸਿੱਖਾਂ ਲਈ ਇਹ ਰਿਆਇਤ ਲੈਣ ਲਈ ਬੇਨਤੀ ਪੱਤਰ ਭੇਜੇ। ਆਖਿਰ ਵਿੱਚ ਮਾਊਂਟ ਫੋਰਡ ਸੁਧਾਰ ਰਾਹੀਂ 1919 ਈ. ਵਿੱਚ

ਸਿੱਖਾਂ ਨੂੰ ਇਹ ਅਧਿਕਾਰ ਦੇ ਦਿੱਤਾ ਗਿਆ। ਭਾਵੇਂ ਸਿੱਖਾਂ ਨੂੰ ਦਿੱਤੀ ਗਈਆਂ ਇਹ ਰਿਆਇਤਾਂ ਸਿੱਖਾਂ ਦੇ ਰਾਜਨੀਤਿਕ ਮਹੱਤਵ ਦੇ ਅਨੁਸਾਰ ਨਹੀਂ ਸੀ, ਪਰ ਫਿਰ ਵੀ ਇਸ ਰਿਆਇਤ ਨੇ ਸਿਧਾਂਤਿਕ ਰੂਪ ਤੇ ਇਹ ਗੱਲ ਮਨਜ਼ੂਰ ਕੀਤੀ ਕਿ ਸਿੱਖ ਇੱਕ ਵੱਖ ਰਾਜਨੀਤਿਕ ਇਕਾਈ ਹੈ।

## ਆਪਣੇ ਗਿਆਨ ਨੂੰ ਪਰਖੋ

**ਖਾਲੀ ਥਾਵਾਂ ਭਰੋ :–**

1. ਸਿੰਘ ਸਭਾ ਲਹਿਰ _______ ਤੋਂ _______ ਈ. ਤੱਕ ਕਾਫੀ ਮਜ਼ਬੂਤ ਬਣੀ ਰਹੀ।
2. _________ ਈਸਵੀਂ ਵਿੱਚ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਰ ਲਿਆ ਸੀ।
3. _________ ਚਾਰ ਸਿੱਖ ਵਿਦਿਆਰਥੀ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਵਿੱਚ ਆ ਕੇ ਈਸਾਈ ਧਰਮ ਅਪਨਾਉਣ ਲਈ ਪੇਸ਼ ਹੋਏ।
4. ______ ਈ. ਵਿੱਚ ਠਾਕੁਰ ਸਿੰਘ ਸੰਧਾਵਾਲੀਆਂ ਨੇ ਇਕ ਸਭਾ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਬੁਲਾਈ।
5. ਸਿੰਘ ਸਭਾ ________ ਈ. ਨੂੰ ਬਣਾਈ ਗਈ।
6. ________ ਈ. ਵਿੱਚ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਸਥਾਪਨਾ ਹੋਈ।
7. ________ ਨਵੰਬਰ _______ ਈ. ਨੂੰ ਚੀਫ ਖਾਲਸਾ ਦੀਵਾਨ ਦੀ ਅੰਮ੍ਰਿਤਸਰ ਵਿਖੇ ਸਥਾਪਨਾ ਕੀਤੀ ਗਈ।
8. ਸਿੰਘ ਸਭਾ ਨੇ ਕਈ ਖੇਤਰ ਜਿਵੇਂ _______ ਵਿਚ ਸੁਧਾਰ ਕੀਤੇ।
9. _______ਆਨੰਦ ਮੈਰਿਜ ਕਾਨੂੰਨ ਬਣਾਇਆ ਗਿਆ।
10. ਅੰਮ੍ਰਿਤਸਰ ਵਿਖੇ _______ਈ. ਵਿੱਚ ਖਾਲਸਾ ਕਾਲਜ ਦੀ ਸਥਾਪਨਾ ਸਿੰਘ ਸਭਾ ਦੀ ਇਕ ਹੋਰ ਮਹੱਤਵਪੂਰਣ ਪ੍ਰਾਪਤੀ ਸੀ।

### ਉੱਤਰ

(1) 1873, 1920, (2) 1849, (3) 1873, (4) ਜੁਲਾਈ 1873, (5) 28 ਜੁਲਾਈ 1873, (6) 1883, (7) 30, 1902, (8) ਧਾਰਮਿਕ, ਸਮਾਜਿਕ, ਸਿੱਖਿਆ ਆਦਿ, (9) 1909 ਈ. (10) 1892

## ਆਪਣੀ ਪੁਜੀਸ਼ਨ ਵੇਖੋ

**ਬਹੁਤਾ ਚੰਗਾ** :– ਛੇ ਤੋਂ ਵੱਧ ਠੀਕ ਉੱਤਰ, **ਚੰਗਾ** :– ਪੰਜ-ਛੇ ਤੀਕ ਉੱਤਰ, **ਸੰਤੋਖਜਨਕ** :– ਚਾਰ ਠੀਕ ਉੱਤਰ, **ਅਸੰਤੋਖਜਨਕ** :– ਚਾਰ ਤੋਂ ਘੱਟ ਠੀਕ ਉੱਤਰ

**ਹੇਠ ਦਿੱਤੇ ਹਰ ਪ੍ਰਸ਼ਨ ਦਾ 25-30 ਸ਼ਬਦਾਂ ਵਿੱਚ ਉੱਤਰ ਲਿਖੋ :–**

1. ਸਿੰਘ ਸਭਾ ਲਹਿਰ ਦੇ ਕੋਈ ਮੁੱਖ ਦੋ ਉਦੇਸ਼ ਦੱਸੋ ?
2. ਸਿੰਘ ਸਭਾ ਦੇ ਜਨਮ ਬਾਰੇ ਤੁਸੀਂ ਕੀ ਜਾਣਦੇ ਹੋ ?
3. ਸਿੰਘ ਸਭਾ ਲਹਿਰ ਨੂੰ ਕਿਉਂ ਸੰਗਠਿਤ ਕੀਤਾ ਗਿਆ ?
4. ਚੀਫ਼ ਖਾਲਸਾ ਦੀਵਾਨ ਦੀ ਸਥਾਪਨਾ ਪਿੱਛੇ ਕੀ ਉਦੇਸ਼ ਸੀ ?
5. ਸਿੰਘ ਸਭਾ ਨੇ ਸਿੱਖ ਸਾਹਿਤ ਦੇ ਵਿਕਾਸ ਬਾਰੇ ਕੀ ਕੀਤਾ ?
6. ਸਿੰਘ ਸਭਾ ਦੀਆਂ ਸਿੱਖਿਆ ਦੇ ਖੇਤਰ ਵਿੱਚ ਕੀ ਪ੍ਰਾਪਤੀਆਂ ਹਾਸਿਲ ਕੀਤੀਆਂ ?
7. ਲਾਹੌਰ ਸਿੰਘ ਸਭਾ ਅਤੇ ਅੰਮ੍ਰਿਤਸਰ ਸਿੰਘ ਸਭਾ ਵਿਚਕਾਰ ਕੀ ਮਤਭੇਦ ਸਨ ?
8. ਖਾਲਸਾ ਦੀਵਾਨ ਲਾਹੌਰ ਦੀ ਸਥਾਪਨਾ ਕਦੋਂ, ਕਿਉਂ ਅਤੇ ਕਿਸ ਰਾਹੀਂ ਕੀਤੀ ਗਈ ?
9. ਸਿੰਘ ਸਭਾ ਦੇ ਸਮਾਜਿਕ ਸੁਧਾਰਾਂ ਬਾਰੇ ਲਿਖੋ ?

ਪਾਠ ਨੰ : 2.6

## ਆਰੀਆ ਸਮਾਜ ਅੰਦੋਲਨ

**ਉਦੇਸ਼ :–** 19ਵੀਂ ਸਦੀ ਦੀਆਂ ਸੁਧਾਰ ਲਹਿਰਾਂ ਵਿੱਚੋਂ ਆਰੀਆ ਸਮਾਜ ਇੱਕ ਬਹੁਤ ਹੀ ਮਹੱਤਵਪੂਰਨ ਲਹਿਰ ਸੀ। ਬ੍ਰਿਟਿਸ਼ ਸ਼ਾਸਨ ਹੇਠ ਪੰਜਾਬ ਵਿਖੇ ਸ਼ਾਂਤੀ ਪੂਰਨ ਢੰਗ ਨਾਲ ਜਿਹੜਾ ਵਿਕਾਸ ਹੋਇਆ ਉਸ ਦੇ ਸਿੱਟੇ ਵਜੋਂ ਇਸ ਪ੍ਰਾਂਤ ਦੇ ਸਮਾਜ ਦੇ ਉਪਰਲੇ ਵਰਗ ਵਿੱਚ ਨਵੀਂ ਚੇਤਨਾ ਜਾਂ ਜਾਗ੍ਰਿਤੀ ਪੈਦਾ ਹੋਈ। ਪੱਛਮੀ ਸਿੱਖਿਆ ਪ੍ਰਣਾਲੀ, ਜਿਹੜੀ ਨਵੀਂ ਬ੍ਰਿਟਿਸ਼ ਨੀਤੀ ਦੇ ਸਿੱਟੇ ਵਜੋਂ ਅਪਣਾਈ ਗਈ ਸੀ, ਪੰਜਾਬੀਆਂ ਵਿੱਚ ਇਕ ਨਵੀਂ ਪੀੜ੍ਹੀ ਪੈਦਾ ਕੀਤੀ। ਇਸ ਪਾਠ ਨੂੰ ਲਿਖਣ ਦਾ ਮੁੱਖ ਉਦੇਸ਼ ਇਸ ਤਰ੍ਹਾਂ ਹੈ :

1. ਭੂਮਿਕਾ
2. ਕਾਰਣ
3. ਸੰਸਥਾਪਕ
4. ਗੁਰੂ
5. ਸਮਾਜ ਸੁਧਾਰਕ ਕੰਮ
6. ਨਵਾਂ ਦਰਸ਼ਨ ਸ਼ਾਸਤਰ
7. ਨਵਾਂ ਮਿਸ਼ਨ
8. ਆਰੀਆ ਸਮਾਜ ਦਾ ਉਦੇਸ਼
9. ਸੰਗਠਨ
10. ਆਰੀਆ ਸਮਾਜ ਵਿੱਚ ਵੰਡ
11. ਮੁੜ ਵਸਾਉਣਾ ਅਤੇ ਧਰਮ ਪਰਿਵਰਤਨ
12. ਆਰੀਆ ਸਮਾਜ ਅਤੇ ਰਾਜਨੀਤੀ।

**1. ਭੂਮਿਕਾ :–** ਪੰਜਾਬ ਵਿਖੇ ਬ੍ਰਿਟਿਸ਼ ਸ਼ਾਸਨ ਨੇ ਇੱਕ ਨਵੀਂ ਤਾਕਤ ਈਸਾਈ ਮੱਤ ਦੇ ਰੂਪ ਵਿੱਚ ਲਿਆਂਦੀ। ਇਸ ਦੇ ਸਿੱਟੇ ਵਜੋਂ ਕਾਫੀ ਹੱਦ ਤੱਕ ਧਾਰਮਿਕ ਖੇਤਰ ਵਿੱਚ ਪਰਿਵਰਤਨ ਆਏ ਕਿਉਂਕਿ ਪੜ੍ਹੇ ਲਿਖੇ ਪੰਜਾਬੀਆਂ ਦੇ ਵਿਚਾਰਾਂ ਤੇ ਪੱਛਮੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਡੂੰਘਾ ਪ੍ਰਭਾਵ ਪਿਆ। ਈਸਾਈ ਮੱਤ ਦੇ ਪ੍ਰਚਾਰ ਦੇ ਸਿੱਟੇ ਵੱਜੋਂ ਉਪਰਲੇ ਵਰਗ ਦੇ ਬਹੁਤ ਸਾਰੇ ਲੋਕਾਂ ਦਾ ਝੁਕਾਅ ਈਸਾਈ ਮੱਤ ਵੱਲ ਹੋ ਗਿਆ ਕਿਉਂਕਿ ਇਸ ਨੇ ਲੋਕਾਂ ਦਾ ਸ਼ਾਸਕ ਵਰਗ ਦੇ ਨਾਲ ਨੇੜੇ ਦਾ ਸਬੰਧ ਕਾਇਮ ਕਰਨ ਦਾ ਵਾਅਦਾ ਕੀਤਾ ਅਤੇ ਨਾਲ ਹੀ ਜੀਵਨ ਵਿਖੇ ਤੇਜ਼ੀ ਨਾਲ ਵਿਕਾਸ ਕਰਨ ਦਾ ਰਸਤਾ ਖੋਲ੍ਹ ਦਿੱਤਾ। ਨਵੇਂ ਵਿਚਾਰ ਮਨੁੱਖ ਲਈ ਚੈਲੇਂਜ ਬਣ ਗਏ। ਇਹ ਨਵੇਂ ਵਿਚਾਰ ਕੁੱਝ ਦੇਰ ਪਹਿਲਾਂ ਹੀ ਬ੍ਰਿਟਿਸ਼ ਸਮਰਾਜ ਵਿੱਚ ਸ਼ਾਮਿਲ ਕੀਤੇ ਗਏ ਪ੍ਰਾਂਤ ਪੰਜਾਬ ਵਿੱਚ ਹੀ ਚਾਰੇ ਪਾਸੇ ਫੈਲ ਗਏ ।

**2. ਕਾਰਣ :–** ਆਰੀਆ ਸਮਾਜ ਦੀ ਸਥਾਪਨਾ ਕਈ ਕਾਰਣਾਂ ਦੇ ਮੇਲ ਦਾ ਸਿੱਟਾ ਸੀ। ਮੁਸਲਿਮ ਸ਼ਾਸਨ ਵਿੱਚ ਹਿੰਦੂ ਧਰਮ ਬਹੁਤ ਹੀ ਕਠੋਰ ਅਤੇ ਰੂੜੀਵਾਦੀ ਰੂਪ ਲੈ ਚੁੱਕਿਆ ਸੀ। ਇਹ ਧਰਮ ਕੇਵਲ ਰੂੜੀਵਾਦੀ ਸਮਾਜ ਦਾ ਹੀ ਬਣ ਕੇ ਰਹਿ ਗਿਆ। ਮਿਸ਼ਨਰੀਆਂ ਨੇ ਲੰਬੇ ਸਮੇਂ ਤੋਂ ਚਲੇ ਆ ਰਹੇ ਹਿੰਦੂਆਂ ਦੀ ਪਰੰਪਰਾਗਤ ਅੰਧ ਵਿਸ਼ਵਾਸ ਅਤੇ ਝੂਠੇ ਰੀਤੀ ਰਿਵਾਜਾਂ ਤੋਂ ਕੁੱਝ ਲਾਭ ਉਠਾਇਆ। ਉਨ੍ਹਾਂ ਨੇ ਪੱਛਮੀ ਸਿੱਖਿਆ ਤੋਂ ਪ੍ਰਭਾਵਿਤ ਹਿੰਦੂ ਮੱਤ ਦੇ ਪਰੰਪਰਾਗਤ ਰੂਪ ਦੇ ਖਿਲਾਫ ਜਾਗ੍ਰਿਤੀ ਪੈਦਾ ਕੀਤੀ। ਨਵੇਂ ਪੜ੍ਹੇ ਲਿਖੇ ਅਮੀਰ ਵਰਗ ਪੱਛਮੀ ਸਭਿਅਤਾ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਹਿੰਦੂ ਧਰਮ ਵੱਲ ਆਪਣੀ ਰੁਚੀ ਘੱਟ ਕਰ ਲਈ। ਇਹ ਵਰਗ ਪ੍ਰੋਟੈਸਟੈਂਟ ਈਸਾਈਆਂ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਨ੍ਹਾਂ ਨੇ ਆਪਣਾ ਸੁਧਾਰ ਖੁਦ ਕਰਨ ਦਾ ਫੈਸਲਾ

ਕੀਤਾ। ਭਾਵੇਂ ਮੁਸਲਿਮ ਜੇਤੂ ਸਨ, ਪਰ ਹਿੰਦੂ ਧਰਮ ਅਤੇ ਉਨ੍ਹਾਂ ਦੀ ਸੰਸਕ੍ਰਿਤੀ ਤੇ ਸਭਿਅਤਾ ਦਾ ਕੋਈ ਪ੍ਰਭਾਵ ਨਹੀਂ ਸੀ ਪਿਆ। ਸਪੱਸ਼ਟ ਸੀ ਕਿ ਹਿੰਦੂਆਂ ਨੇ ਸੋਚਿਆ ਸੀ ਕਿ ਉਨ੍ਹਾਂ ਨੂੰ ਮੁਸਲਿਮ ਸੰਸਕ੍ਰਿਤੀ ਤੇ ਸਭਿਅਤਾ ਤੋਂ ਕੁੱਝ ਨਹੀਂ ਸਿੱਖਣਾ ਅਤੇ ਲੈਣਾ। ਅੰਗਰੇਜ਼ਾਂ ਦੇ ਸਮੇਂ ਹਾਲਾਤ ਬਿਲਕੁਲ ਬਦਲ ਗਏ। ਪੱਛਮੀ ਸਭਿਅਤਾ ਨੇ ਹਿੰਦੂਆਂ ਨੂੰ ਇਹ ਪਹਿਲੀ ਵਾਰ ਮਹਿਸੂਸ ਕਰਵਾਇਆ ਕਿ ਉਹ ਅੰਗਰੇਜ਼ਾਂ ਦੇ ਅਧੀਨ ਹਨ।

ਪੱਛਮੀ ਦੇਸ਼ਾਂ ਦੇ ਮੁਕਾਬਲੇ ਵਿਚ ਭਾਰਤੀ ਸਮਾਜ ਪਛੜਿਆ ਹੋਇਆ ਸੀ। ਈਸਾਈ ਮਿਸ਼ਨਰੀ ਜਿਹੜੇ ਭਾਰਤ ਵਿਚ ਆਪਣੇ ਧਰਮ ਦਾ ਪ੍ਰਚਾਰ ਕਰਨ ਅਤੇ ਇਸ ਨੂੰ ਫੈਲਾਉਣ ਲਈ ਆਏ ਸਨ, ਉਹਨਾਂ ਨੇ ਭਾਰਤੀਆਂ ਨੂੰ ਇਹ ਦੱਸਣ ਦਾ ਕੋਈ ਵੀ ਮੌਕਾ ਨਹੀਂ ਸੀ ਗਵਾਇਆ ਕਿ ਜੇਕਰ ਉਹ ਪ੍ਰਗਤੀਸ਼ੀਲ ਬਣਨਾ ਚਾਹੁੰਦੇ ਹਨ, ਜਿਸ ਤਰ੍ਹਾਂ ਕਿ ਉਹਨਾਂ ਦੇ ਮਾਲਿਕ ਬ੍ਰਿਟਿਸ਼, ਤਾਂ ਉਹਨਾਂ ਨੂੰ ਆਪਣੇ ਮਾਲਕਾਂ ਦੇ ਧਰਮ ਨੂੰ ਅਪਣਾਉਣਾ ਚਾਹੀਦਾ ਹੈ।

ਹਿੰਦੂਆਂ ਨੇ ਜਾਤੀ ਬੰਧਨਾਂ ਨੂੰ ਕਾਫੀ ਸਖਤ ਮਹਿਸੂਸ ਕੀਤਾ। ਬ੍ਰਿਟਿਸ਼ ਸ਼ਾਸਨ ਪ੍ਰਣਾਲੀ ਅਤੇ ਉਦਯੋਗਿਕ ਆਰਥਿਕ ਢਾਂਚੇ ਨੇ ਵਿਕਾਸ ਲਈ ਰਸਤੇ ਖੋਲ੍ਹ ਦਿਤੇ, ਜਿਹੜੇ ਕਿ ਜਾਤਪਾਤ ਦੇ ਖਿਲਾਫ਼ ਸਨ। ਜਦੋਂ ਲਾਹੌਰ ਵਿਚ ਇਕ ਭੱਲਾ ਖੱਤਰੀ ਨੇ ਜੁੱਤੀਆਂ ਦੀ ਦੁਕਾਨ ਖੋਲ੍ਹੀ ਤਾਂ ਉਸ ਦੇ ਖਿਲਾਫ ਨਫ਼ਰਤ ਦੀ ਭਾਵਨਾ ਉੱਠ ਖਲੋਤੀ। ਉਸ ਦੀ ਬਰਾਦਰੀ ਦੇ ਲੋਕਾਂ ਨੇ ਉਸ ਦੀ ਦੁਕਾਨ ਦੇ ਬਾਹਰ ਸਿਆਪਾ ਕੀਤਾ ਅਤੇ ਜ਼ੋਰ ਨਾਲ ਕਿਹਾ ਕਿ ਇਹ ਸਿਰਫ ਚਮਾਰ ਜਾਤੀ ਦਾ ਕਿੱਤਾ ਹੈ। ਵਪਾਰ ਅਤੇ ਉਦਯੋਗ ਨੇ ਸਮੁੰਦਰੀ ਯਾਤਰਾ ਨੂੰ ਜ਼ਰੂਰੀ ਬਣਾ ਦਿੱਤਾ। ਆਪਸ ਵਿਚ ਖਾਣਾ ਪੀਣਾ ਜ਼ਰੂਰੀ ਹੋ ਗਿਆ। ਪਰ ਜਾਤੀ ਨਿਯਮਾਂ ਨੇ ਇਹਨਾਂ ਦੀ ਸਖਤ ਮਨਾਹੀ ਕੀਤੀ।

19ਵੀਂ ਸਦੀ ਦੇ ਮੱਧ ਵਿਚ ਹਾਲਾਤ ਇਹੋ ਜਿਹੇ ਹੋ ਗਏ ਕਿ ਜਾਂ ਤਾਂ ਹਿੰਦੂ ਸਮਾਜ ਬਦਲੇ ਅਤੇ ਟੁੱਟਣ ਤੋਂ ਬਚੇ ਜਾਂ ਫਿਰ ਆਪਣੇ ਵਿਚ ਸੁਧਾਰ ਕਰਕੇ ਆਪਣੇ ਆਪ ਨੂੰ ਮਜ਼ਬੂਤ ਕਰੇ। ਇਸ ਚੈਲੰਜ ਦਾ ਸਾਹਮਣਾ ਕਰਨ ਲਈ ਲਹਿਰਾਂ ਚਲਾਈਆਂ ਗਈਆਂ। ਉੱਤਰ-ਪੱਛਮੀ ਭਾਰਤ ਵਿਖੇ ਆਰੀਆ ਸਮਾਜ ਇੱਕ ਅਜਿਹੀ ਹੀ ਲਹਿਰ ਸੀ। ਇਹ ਬਹੁਤ ਹੀ ਪ੍ਰਸਿੱਧ ਅਤੇ ਲੋਕ ਪ੍ਰਿਯ ਲਹਿਰ ਸੀ। ਸਭ ਲਹਿਰਾਂ ਵਿਚੋਂ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਆਰੀਆ ਸਮਾਜ ਸੀ ਜਿਸ ਦੀ ਸਥਾਪਨਾ ਸੁਆਮੀ ਦਇਆਨੰਦ ਸਰਸਵਰਤੀ ਨੇ ਕੀਤੀ।

ਸੁਆਮੀ ਦਇਆਨੰਦ ਦਾ ਜਨਮ ਭਾਵੇਂ ਗੁਜਰਾਤ ਵਿਚ ਹੋਇਆ, ਉਹਨਾਂ ਦੇ ਪਬਲਿਕ ਜੀਵਨ ਦਾ ਜ਼ਿਆਦਾ ਸਮਾਂ ਉਤਰੀ ਭਾਰਤ ਵਿਚ ਬੀਤਿਆ। ਇਸ ਤਰ੍ਹਾਂ ਆਰੀਆ ਸਮਾਜ ਮਿਸ਼ਨਰੀਆਂ ਦੇ ਵਿਰੋਧ ਵਜੋਂ ਧਾਰਮਿਕ ਉਤਸ਼ਾਹ ਦਾ ਸਿੱਟਾ ਸੀ। ਆਰੀਆ ਸਮਾਜ ਦੇ ਆਉਣ ਦਾ ਇੱਕ ਹੋਰ ਕਾਰਣ ਇਸਲਾਮ ਧਰਮ ਵਿਚ ਹੋਰਾਂ ਨੂੰ ਲਿਆਉਣ ਦੀ ਕੋਸ਼ਿਸ਼ ਜ਼ਿੰਮੇਵਾਰ ਸੀ। ਇਸ ਨਵੇਂ ਅੰਦੋਲਨ ਦੇ ਦੋ ਮੁੱਖ ਉਦੇਸ਼ ਹਨ।

1. ਹਿੰਦੂ ਧਰਮ ਦੀ ਪਵਿੱਤਰਤਾ ਨੂੰ ਬਹਾਲ ਕਰਨਾ ਅਤੇ ਇਸਲਾਮ ਅਤੇ ਈਸਾਈ ਮੱਤ ਤੋਂ ਹਿੰਦੂ ਧਰਮ ਦੀ ਰੱਖਿਆ ਕਰਨਾ।
2. ਇਹ ਸਮਾਜ ਦੂਜੇ ਧਰਮਾਂ ਦੇ ਖਿਲਾਫ ਵਿੱਚ ਜ਼ੋਰਦਾਰ ਪ੍ਰਤੀਕ੍ਰਿਆ ਸੀ। ਦੂਜੇ ਸ਼ਬਦਾਂ ਵਿੱਚ ਇਸ ਸਮਾਜ ਦਾ ਉਦੇਸ਼ ਵਿਦੇਸ਼ੀ ਧਰਮਾਂ ਨੂੰ ਭਾਰਤ ਤੋਂ ਬਾਹਰ ਕੱਢਣਾ ਸੀ।

**3. ਸੰਸਥਾਪਕ** :- ਦਯਾਨੰਦ ਸਰਸਵਤੀ ਆਰੀਆ ਸਮਾਜ ਦੇ ਸੰਸਥਾਪਕ ਸਨ। ਉਹਨਾਂ ਦਾ ਜਨਮ 1824 ਵਿਚ ਤਨਕਾਰਾ ਵਿਚ ਹੋਇਆ। ਇਹ ਥਾਂ ਮੋਰਵੀ ਰਾਜ ਗੁਜਰਾਤ, ਕਾਠਿਆਵਾੜ ਵਿਚ ਸੀ। ਉਹਨਾਂ ਤੇ ਮਾਂ ਪਿਉ ਨੇ ਉਹਨਾਂ ਦਾ ਨਾਂ ਮੂਲ ਸ਼ੰਕਰ ਰਖਿਆ। ਮੂਲ ਸ਼ੰਕਰ ਦਾ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਸੀ। ਭਾਵੇਂ ਉਹਨਾਂ ਦੇ ਪਿਤਾ ਆਪਣੇ ਵਾਂਗ ਮੂਲ ਸ਼ੰਕਰ ਨੂੰ ਸ਼ਿਵ ਭਗਤ ਬਣਾਉਣਾ ਚਾਹੁੰਦੇ ਸਨ ਪਰ ਮੂਲ ਸ਼ੰਕਰ ਪ੍ਰੰਪਰਾਗਤ ਧਰਮ ਤੋਂ ਕਾਫੀ ਨਿਰਾਸ਼ ਹੋਏ। ਉਨ੍ਹਾਂ ਸਚਾਈ ਦੀ ਖੋਜ ਵਿਚ ਘਰ ਛੱਡ ਦਿੱਤਾ। 5 ਸਾਲਾਂ ਤਕ ਉਹ ਗੁਰੂ ਦੀ ਖੋਜ ਵਿਚ ਲਗੇ ਰਹੇ, ਇਹੋ ਜਿਹੇ ਗੁਰੂ ਦੀ ਖੋਜ ਵਿਚ ਜਿਹੜਾ ਉਹਨਾਂ ਨੂੰ ਇਹ ਗਿਆਨ ਦੇ ਸਕੇ ਕਿ ਮੌਤ ਤੇ ਜਿੱਤ ਕਿਸ ਤਰ੍ਹਾਂ ਪ੍ਰਾਪਤ ਕੀਤੀ ਜਾ ਸਕਦੀ ਹੈ। ਪਰ ਉਹਨਾਂ ਨੂੰ ਇਹੋ ਜਿਹਾ ਕੋਈ ਵੀ ਯੋਗੀ ਨਹੀਂ ਮਿਲਿਆ ਜਿਹੜਾ ਉਹਨਾਂ ਨੂੰ ਸੰਤੋਖ ਦੇ ਸਕਦਾ। ਉਹ ਇਹੋ ਜਿਹੀ ਕੋਈ ਵੀ ਗੱਲ ਨਹੀਂ ਮੰਨਦੇ ਸਨ ਜਿਹੜੀ ਤਰਕ ਸੰਗਤ ਨਹੀਂ ਹੁੰਦੀ ਸੀ। ਪਰ ਉਹਨਾਂ ਦੇ ਇਹ ਪੰਦਰਾਂ ਸਾਲ ਇਕ ਹੋਰ ਤਰੀਕੇ ਨਾਲ ਲਾਭ ਵਾਲੇ ਸਾਬਿਤ ਹੋਏ। ਉਹਨਾਂ

ਨੇ ਨੇੜੇ ਤੋਂ ਹਿੰਦੂ ਧਰਮ ਨੂੰ ਵੇਖਿਆ ਅਤੇ ਬੜੀ ਡੂੰਘਾਈ ਨਾਲ ਇਸ ਦੇ ਪਤਨ ਦੇ ਕਾਰਣਾਂ ਨੂੰ ਜਾਣ ਲਿਆ। ਜਦੋਂ ਯੋਗੀ ਅਤੇ ਗੁਰੂ ਉਹਨਾਂ ਨੂੰ ਸੰਤੁਸ਼ਟ ਨਹੀਂ ਕਰ ਸਕੇ ਤਾਂ ਦਯਾਨੰਦ ਦੇ ਪ੍ਰਾਚੀਨ ਸਾਹਿਤ ਅਤੇ ਧਾਰਮਿਕ ਗ੍ਰੰਥਾਂ ਵੱਲ ਜਾਣ ਦਾ ਫੈਸਲਾ ਕੀਤਾ।

4. **ਗੁਰੂ** :– ਮੂਲ ਸ਼ੰਕਰ ਦੇ ਗੁਰੂ, ਵਿਰਜਾਨੰਦ, ਮਥਰਾ ਦੇ ਇਕ ਸੰਨਿਆਸੀ ਸਾਧੂ ਸਨ। ਸੰਸਕ੍ਰਿਤ ਵਿਆਕਰਣ ਦੇ ਅਧਿਆਪਕ ਅਤੇ ਮਾਹਿਰ ਦੇ ਰੂਪ ਵਿਚ ਦੂਰ ਦੂਰ ਤੱਕ ਜਾਣੇ ਜਾਂਦੇ ਸਨ। ਵਿਆਕਰਣ ਪੜ੍ਹਣ ਲਈ ਮੂਲ ਸ਼ੰਕਰ ਉਹਨਾਂ ਕੋਲ ਗਏ। ਵਿਰਜਾਨੰਦ ਜਲੰਧਰ ਜ਼ਿਲੇ ਵਿਚ ਕਰਤਾਰਪੁਰ ਦੇ ਨੇੜੇ ਇਕ ਪਿੰਡ ਵਿਚ ਪੈਦਾ ਹੋਏ ਸਨ। ਚੇਚਕ ਹੋਣ ਕਰਕੇ ਉਹਨਾਂ ਦੀ ਨਜ਼ਰ ਜਾਂਦੀ ਰਹੀ ਅਤੇ ਉਹ ਅੰਨ੍ਹੇ ਹੋ ਗਏ। ਜਦੋਂ ਉਹ ਬੱਚੇ ਹੀ ਸਨ ਉਹਨਾਂ ਨੇ ਘਰ ਛੱਡ ਦਿੱਤਾ ਕਿਉਂਕਿ ਉਹਨਾਂ ਦੇ ਮਾਂ-ਪਿਓ ਦੇ ਚਲਾਣੇ ਮਗਰੋਂ ਉਹਨਾਂ ਦੀ ਭਰਜਾਈ ਦਾ ਉਹਨਾਂ ਨਾਲ ਭੈੜਾ ਵਿਵਹਾਰ ਸੀ। ਉਹ ਸੰਸਕ੍ਰਿਤ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ। ਉਹਨਾਂ ਬਾਰੇ ਖਾਸ ਗੱਲ ਇਹ ਸੀ ਕਿ ਉਹ ਸੰਸਕ੍ਰਿਤ ਵਿਆਕਰਣ ਦੇ ਸਿਰਫ ਅਰਸ਼ ਭਾਗ ਹੀ ਪੜ੍ਹਾਉਂਦੇ ਸਨ। ਵੇਦ ਅਰਸ਼ ਵਿਚ ਹੀ ਆਉਂਦੇ ਸਨ ਜਦ ਕਿ ਪੁਰਾਣ ਅਤੇ ਤੰਤਰ ਅਨਰਸ ਭਾਗ ਵਿਚ ਆਉਂਦੇ ਸਨ। ਪ੍ਰਾਚੀਨ, ਨਿਯਮ ਇਹ ਹੈ ਕਿ ਜਦ ਕਦੀ ਅਰਸ਼ ਅਤੇ ਅਨਰਸ ਵਿਚ ਝਗੜਾ ਹੁੰਦਾ ਹੈ ਤਾਂ ਅਰਸ਼ ਠੀਕ ਮੰਨਿਆ ਜਾਂਦਾ ਸੀ। ਅਰਸ਼ ਵਾਦ-ਵਿਵਾਦ ਅਤੇ ਤਰਕਪੂਰਣ ਵਿਚਾਰ ਕਰਨ ਨੂੰ ਉਤਸ਼ਾਹਿਤ ਕਰਦਾ ਹੈ। ਉਪਨਿਸ਼ਦਾਂ ਵਿਚੋਂ ਜਦੋਂ ਇਕ ਵਿਦਿਆਰਥੀ ਆਪਣੀ ਸਿੱਖਿਆ ਪੂਰੀ ਕਰਕੇ ਆਪਣੇ ਗੁਰੂ ਕੋਲ ਜਾਂਦਾ ਹੈ ਗੁਰੂ ਦੀ ਅੰਤਿਮ ਸਿੱਖਿਆ ਇਹ ਹੁੰਦੀ ਸੀ, ''ਉਹ ਅਪਣਾਉ ਜਿਹੜਾ ਮੇਰੇ ਵਿਚ ਚੰਗਾ ਹੈ ਪਰ ਉਹ ਨਾ ਅਪਣਾਉ ਜਿਹੜਾ ਮੇਰੇ ਵਿਚ ਚੰਗਾ ਨਹੀਂ।'' ਗੁਰੂ ਇਹ ਨਹੀਂ ਚਾਹੁੰਦਾ ਕਿ ਉਸ ਦੇ ਚੇਲੇ ਉਸ ਨੂੰ ਸੋਚੇ ਸਮਝੇ ਬਿਨਾ ਅਪਨਾਉਣ। ਜਦੋਂ ਮਹਾਂਭਾਰਤ ਵਿਚ ਯੁਧਿਸ਼ਟਰ ਭੀਸ਼ਮ ਤੋਂ ਪੁਛਦਾ ਹੈ, ਧਰਮ ਕੀ ਹੈ ? ਉਸ ਦਾ ਉੱਤਰ ਸੀ ਕਿ ਜੋ ਕੁਝ ਤਰਕ ਦੀ ਕਸੌਟੀ ਤੇ ਪਰਖਿਆ ਜਾ ਸਕਦਾ ਹੈ ਉਹ ਧਰਮ ਹੈ। ਪ੍ਰੰਤੂ ਅਨਰਸ ਸਾਹਿਤ ਇਹ ਮੰਗ ਕਰਦਾ ਹੈ ਕਿ ਤਰਕ ਨੂੰ ਛੱਡ ਕੇ ਹਮੇਸ਼ਾਂ ਗੁਰੂ ਨੂੰ ਮੰਨੋ।

ਦਯਾਨੰਦ ਦੀ ਸਿੱਖਿਆ ਦਾ ਕੇਂਦਰ ਬਿੰਦੂ ਤਰਕ ਹੈ। ਤਰਕ ਅਤੇ ਅਰਸ਼ ਲਿਖਤਾਂ ਵਿਚ ਕਿਸੇ ਕਿਸਮ ਦਾ ਮਤਭੇਦ ਨਹੀਂ। ਉਹ ਮਿਲਦੇ ਜੁਲਦੇ ਹਨ। ਉਸ ਦੀ ਸਿੱਖਿਆ ਨੇ ਉਸ ਵਿਚ ਵਿਸ਼ਵਾਸ ਪੈਦਾ ਕੀਤਾ ਕਿ ਹਿੰਦੂ ਧਰਮ ਵਿਚ ਸਾਰੀਆਂ ਬੁਰਾਈਆਂ ਦੀ ਹਾਮੀ ਅਨਰਸ਼ ਲਿਖਤਾਂ ਭਰਦੀਆਂ ਹਨ। ਇਸ ਵਿਚਾਰਧਾਰਾ ਤੋਂ ਸ਼ੁਰੂ ਹੋ ਕੇ ਦਯਾਨੰਦ ਨੇ ਸਾਰੇ ਗਲਤ ਰੀਤੀ ਰਿਵਾਜਾਂ ਅਤੇ ਸੰਸਥਾਵਾਂ ਨੂੰ ਅਨਰਸ਼ ਦੀ ਦੇਣ ਸਮਝ ਕੇ ਰੱਦ ਕਰ ਦਿੱਤਾ। ਦਯਾਨੰਦ ਨੇ ਤਿੰਨ ਸਾਲ ਤਕ ਪ੍ਰੰਪਰਾਗਤ ਤਰੀਕੇ ਨਾਲ ਬਹੁਤ ਹੀ ਜ਼ੋਰਦਾਰ ਪੜ੍ਹਾਈ ਕੀਤੀ ਜਿਸ ਦੇ ਸਿੱਟੇ ਵਜੋਂ ਉਹ ਵੇਦਾਂ ਨੂੰ ਚੰਗੀ ਤਰ੍ਹਾਂ ਸਮਝ ਸਕਿਆ। ਉਸ ਤੋਂ ਬਾਦ ਉਹਨਾਂ ਦੇ ਗੁਰੂ ਨੇ ਦਯਾਨੰਦ ਨੂੰ ਕਿਹਾ ਕਿ ਉਹ ਆਪਣਾ ਜੀਵਨ ਦਖਸ਼ਿਣਾ ਦੇ ਰੂਪ ਵਿਚ ਦੇ ਦੇਣ। ਦੂਜੇ ਸ਼ਬਦਾਂ ਵਿਚ ਉਹਨਾਂ ਦੇ ਗੁਰੂ ਚਾਹੁੰਦੇ ਸਨ ਕਿ ਉਹ ਵੇਦਾਂ ਦੇ ਪ੍ਰਸਾਰ ਵਿਚ ਪੂਰੀ ਤਰ੍ਹਾਂ ਆਪਣੇ ਆਪ ਨੂੰ ਲਗਾ ਦੇਣ। ਉਹਨਾਂ ਦੇ ਵਿਚਾਰ ਵਿਚ ਕਾਫੀ ਲੰਬੇ ਸਮੇਂ ਤੋਂ ਭਾਰਤ ਵਰਸ਼ ਵਿਚ ਵੇਦਾਂ ਨੂੰ ਨਹੀਂ ਪੜ੍ਹਾਇਆ ਜਾ ਰਿਹਾ ਸੀ। ਉਹਨਾਂ ਨੂੰ ਇਹ ਵੀ ਕਿਹਾ ਗਿਆ ਕਿ ਉਹ ਅਰਸ਼ ਸ਼ਾਸਤਰ ਪੜ੍ਹਾਉਣ ਅਤੇ ਸ਼ਾਸਤਰਾਂ ਦੀ ਰੋਸ਼ਨੀ ਨਾਲ ਹਨੇਰੇ ਨੂੰ ਦੂਰ ਕਰਕੇ ਉਸ ਸਮੇਂ ਦੇ ਝੂਠੇ ਰੀਤੀ ਰਿਵਾਜਾਂ ਨੂੰ ਖਤਮ ਕਰਨ।

5. **ਸਮਾਜ ਸੁਧਾਰ ਦੇ ਕੰਮ** :– ਜਾਤੀ ਪ੍ਰਥਾ ਇਕ ਇਹੋ ਜਿਹੀ ਮਜ਼ਬੂਤ ਸੰਸਥਾ ਸੀ ਜਿਸ ਨੇ ਹਿੰਦੂ ਸਮਾਜ ਨੂੰ ਆਪਣੇ ਨਾਲ ਬੰਨ੍ਹ ਕੇ ਰੱਖਿਆ। ਇਸ ਨੇ ਸਮਾਜ ਨੂੰ ਸਥਿਰ ਬਣਾ ਦਿੱਤਾ ਅਤੇ ਸਮਾਜ ਦਾ ਵਿਕਾਸ ਬਿਲਕੁਲ ਰੁਕ ਗਿਆ। ਹਰ ਜਾਤੀ ਇਕ ਖਾਸ ਕਿਤੇ ਨਾਲ ਜੁੜੀ ਹੋਈ ਸੀ ਅਤੇ ਸਮਾਜਿਕ ਢਾਂਚੇ ਵਿਚ ਉਸ ਜਾਤੀ ਦਾ ਇਕ ਨਿਸ਼ਚਿਤ ਸਥਾਨ ਸੀ। ਜਾਤੀ ਉਸ ਸਮੇਂ ਰਿਸ਼ਤੇ ਤੇ ਆਧਾਰਿਤ ਸੀ ਅਤੇ ਰਿਸ਼ਤਾ ਖੂਨ ਨਾਲ ਬੰਨਿਆ ਹੋਇਆ ਸੀ। ਵਰਣ ਦੇ ਦੋ ਪਹਿਲੂ ਹੁੰਦੇ ਹਨ, ਇਕ ਰੰਗ ਅਤੇ ਦੂਜਾ ਇੱਛਾ। ਉਸ ਵੇਲੇ ਮੁੱਖ ਚਾਰ ਵਰਣ ਸਨ, ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ। ਉਹਨਾਂ ਦੇ ਕਿੱਤੇ ਵੱਖ-ਵੱਖ ਸਨ ਅਤੇ ਉਹ ਇਕ ਦੂਜੇ ਤੋਂ ਪੂਰੇ ਤੌਰ ਤੇ ਵੱਖ ਕੀਤੇ ਹੋਏ ਸਨ। ਪਰ ਬਹੁਤ ਪਹਿਲਾਂ ਵਰਣ ਨੂੰ ਇਕ ਸਟੇਟਸ ਚਿੰਨ੍ਹ ਵਿਚ ਬਦਲ ਦਿੱਤਾ

ਗਿਆ ਸੀ। ਇਹ ਆਪਣਾ ਅਸਲੀ ਅਰਥ ਖੋਹ ਬੈਠਾ ਸੀ। ਬ੍ਰਾਹਮਣ ਪਦਵੀ ਦੇ ਅਧੀਨ ਕਈ ਜਾਤੀਆਂ ਆਉਂਦੀਆਂ ਸਨ ਜਿਹਨਾਂ ਦਾ ਆਪਸ ਵਿਚ ਕੋਈ ਵੀ ਸਮਾਜਿਕ ਮੇਲ-ਜੋਲ ਨਹੀਂ ਸੀ। ਦੂਜੇ ਵਰਣਾਂ ਵਿਚ ਵੀ ਇਸ ਤਰ੍ਹਾਂ ਸੀ।

ਦਯਾਨੰਦ ਨੇ ਜਾਤ ਪਾਤ ਨੂੰ ਅਨਰਸ਼ ਸੰਸਥਾ ਦੱਸ ਕੇ ਉਸਦੀ ਆਲੋਚਨਾ ਕੀਤੀ ਪਰ ਉਹਨਾਂ ਨੇ ਵਰਣ ਨੂੰ ਸਵੀਕਾਰ ਕੀਤਾ, ਕਿਉਂਕਿ ਇਹ ਇਕ ਅਰਸ਼ ਸੰਸਥਾ ਸੀ। ਉਹਨਾਂ ਨੇ ਕਿਹਾ ਕਿ ਵਰਣ ਜਨਮ ਨਾਲ ਨਿਸ਼ਚਿਤ ਨਹੀਂ ਹੁੰਦਾ ਬਲਕਿ ਕਿੱਤੇ ਨਾਲ ਨਿਸ਼ਚਿਤ ਹੁੰਦਾ ਹੈ। ਬ੍ਰਾਹਮਣ ਕਦੀ ਪੈਦਾ ਨਹੀਂ ਹੁੰਦਾ ਬ੍ਰਾਹਮਣ ਉਹ ਵਿਅਕਤੀ ਹੈ ਜਿਹੜਾ ਬ੍ਰਾਹਮਣ ਦਾ ਕਿੱਤਾ ਕਰਦਾ ਹੈ ਭਾਵੇਂ ਉਸ ਦਾ ਜਨਮ ਕਿਤੇ ਵੀ ਕਿਉਂ ਨਾ ਹੋਇਆ ਹੋਵੇ। ਇਹੀ ਗੱਲ ਦੂਜੇ ਵਰਣਾਂ ਤੇ ਲਾਗੂ ਹੁੰਦੀ ਹੈ। ਇੱਕ ਆਦਮੀ ਗੁਣਾਂ ਦੇ ਆਧਾਰ ਤੇ ਕਿਸੇ ਵੀ ਪਦਵੀ ਨੂੰ ਪ੍ਰਾਪਤ ਕਰ ਸਕਦਾ ਹੈ। ਗੁਣਾਂ ਦੇ ਆਧਾਰ ਤੇ ਵਰਣ ਹਿੰਦੂ ਸਮਾਜ ਉਹਨਾਂ ਲਈ ਵੀ ਖੋਲ੍ਹ ਦਿੱਤਾ ਜਿਹੜੇ ਪੈਦਾਇਸ਼ੀ ਹਿੰਦੂ ਨਹੀਂ ਸਨ। ਭਾਵ ਇਹ ਹੈ ਕਿ ਕੋਈ ਵੀ ਆਦਮੀ ਆਪਣੇ ਕਿੱਤਿਆਂ ਦੇ ਆਧਾਰ ਤੇ ਹਿੰਦੂ ਸਮਾਜ ਵਿਚ ਆ ਸਕਦਾ ਸੀ। ਇਕ ਜਾਤੀ ਸਮਾਜ ਵਿਚ ਇਕ ਗੈਰ ਹਿੰਦੂ ਲਈ ਹਿੰਦੂ ਬਨਣ ਦਾ ਕੋਈ ਮੌਕਾ ਨਹੀਂ ਕਿਉਂਕਿ ਸਾਰੇ ਸਬੰਧ ਜਾਤ ਦੇ ਆਧਾਰ ਤੇ ਹੁੰਦੇ ਸਨ। ਪਰ ਇਕ ਵਰਣ ਸਮਾਜ ਵਿੱਚ ਇਹੋ ਜਿਹਾ ਕੋਈ ਨਿਯਮ ਨਹੀਂ। ਹਿੰਦੂ ਧਰਮ ਦੇ ਸਮਾਜ ਲਈ ਇਹ ਇਕ ਬਹੁਤ ਹੀ ਕ੍ਰਾਂਤੀਕਾਰੀ ਕਦਮ ਸੀ। ਅੱਜ ਤੱਕ ਹਿੰਦੂ ਧਰਮ ਨੇ ਕਿਸੇ ਵੀ ਗੈਰ ਹਿੰਦੂ ਨੂੰ ਸਵੀਕਾਰ ਨਹੀਂ ਕੀਤਾ ਸੀ। ਪਰ ਹੁਣ ਸਵੀਕਾਰ ਕਰਨ ਲਗ ਪਿਆ ਸੀ। ਦਯਾਨੰਦ, ਹਿੰਦੂ-ਧਰਮ ਵਿਚ ਇਹੋ ਜਿਹੀਆਂ ਤਬਦੀਲੀਆਂ ਇਸ ਲਈ ਲਿਆਉਣਾ ਚਾਹੁੰਦੇ ਸਨ ਕਿਉਂਕਿ ਉਹਨਾਂ ਨੇ ਹਿੰਦੂ ਧਾਰਮਿਕ ਗ੍ਰੰਥਾਂ ਤੋਂ ਮਦਦ ਲੈਣ ਦੀ ਕੋਸ਼ਿਸ਼ ਕੀਤੀ ਸੀ। ਹੋਰ ਸੁਧਾਰਕਾਂ ਨੂੰ ਪੱਛਮੀ ਸਭਿਅਤਾ ਦਾ ਪ੍ਰਚਾਰਕ ਕਿਹਾ ਗਿਆ ਪਰ ਦਯਾਨੰਦ ਸੌ ਫੀਸਦੀ ਪ੍ਰਾਚੀਨ ਹਿੰਦੂ ਸੰਸਕ੍ਰਿਤੀ ਤੇ ਸਭਿਅਤਾ ਦੀ ਦੇਣ ਸਨ।

ਕਿਉਂਕਿ ਜਾਤੀ ਪ੍ਰਥਾ ਇਸਤਰੀਆਂ ਦੀ ਭੈੜੀ ਹਾਲਤ ਦੇ ਪਤਨ ਲਈ ਵੀ ਜ਼ਿੰਮੇਵਾਰ ਸੀ। ਇਸ ਲਈ ਜਾਤ ਪਾਤ ਦਾ ਖੰਡਨ ਇਸਤਰੀਆਂ ਦੀ ਆਜ਼ਾਦੀ ਲਈ ਬਣਾਇਆ ਗਿਆ ਇਕ ਮਹੱਤਵਪੂਰਨ ਅੰਦੋਲਨ ਸਾਬਤ ਹੋਇਆ। ਜਾਤੀ ਪ੍ਰਥਾ ਦੀ ਵੇਦੀ ਤੇ ਔਰਤਾਂ ਦੀ ਆਜ਼ਾਦੀ ਦੀ ਆਹੂਤੀ ਦੇ ਦਿੱਤੀ ਗਈ ਸੀ ਕਿਉਂਕਿ ਇਹ ਇਕ ਔਰਤ ਹੀ ਸੀ ਜਿਹੜੀ ਵੱਖ-ਵੱਖ ਜਾਤੀਆਂ ਵਿਚ ਆਪਸੀ ਮੇਲ ਪੈਦਾ ਕਰ ਸਕਦੀ ਸੀ। ਇਸ ਲਈ ਹਿੰਦੂ ਧਰਮ ਨੇ ਹਰ ਤਰ੍ਹਾਂ ਦੀ ਉਹਨਾਂ ਤੇ ਰੋਕ ਲਾਈ। ਉਹਨਾਂ ਦੀ ਬਹੁਤ ਹੀ ਛੋਟੀ ਉਮਰ ਵਿਚ ਸ਼ਾਦੀ ਕਰ ਦਿੱਤੀ ਜਾਂਦੀ ਸੀ ਤਾਂ ਜੋ ਵਿਆਹ ਦੇ ਮੁਆਮਲੇ ਵਿਚ ਉਸ ਦੀ ਗੱਲ ਨਾ ਮੰਨੀ ਜਾਏ ਅਤੇ ਜਦੋਂ ਉਸ ਦੇ ਮਾਂ-ਪਿਓ ਉਸ ਲਈ ਪਤੀ ਦੀ ਤਲਾਸ਼ ਕਰਨਗੇ ਤੇ ਉਹਨਾਂ ਦੀ ਹੀ ਜਾਤ ਦਾ ਹੋਵੇਗਾ। ਉਸ ਨੂੰ ਅਨਪੜ੍ਹ ਰਖਿਆ ਗਿਆ ਤਾਂ ਜੋ ਸਿੱਖਿਆ ਉਸ ਨੂੰ ਵਿਰੋਧ ਕਰਨ ਦੇ ਵਿਚਾਰ ਨਾ ਦੇ ਸਕੇ। ਉੱਤਰ-ਪੱਛਮੀ ਭਾਰਤ ਵਿਚ ਆਰੀਆ ਸਮਾਜ ਗੈਰ ਈਸਾਈ ਸੰਗਠਨਾਂ ਵਿੱਚ ਪਹਿਲਾਂ ਸੰਗਠਨ ਸੀ ਜਿਸ ਨੇ ਲੜਕੀਆਂ ਨੂੰ ਸਿੱਖਿਆ ਦੇਣੀ ਸ਼ੁਰੂ ਕੀਤੀ। ਹੋਰ ਦੂਜੇ ਸੰਗਠਨ ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਲੜਕੀਆਂ ਨੂੰ ਸਿਰਫ਼ ਪ੍ਰਾਇਮਰੀ ਸਿੱਖਿਆ ਦੀ ਲੋੜ ਹੈ ਜਦੋਂ ਕਿ ਆਰੀਆ ਸਮਾਜ ਦੇ ਸੰਸਥਾਪਕ ਦਯਾਨੰਦ, ਨੇ ਇਸਤਰੀਆਂ ਲਈ ਉਚੀ ਸਿੱਖਿਆ ਦਾ ਪ੍ਰਚਾਰ ਕੀਤਾ। ਇਸ ਖੇਤਰ ਵਿਚ ਪਹਿਲਾਂ ਲੜਕੀਆਂ ਦਾ ਸਕੂਲ 19ਵੀਂ ਸਦੀ ਦੇ ਅਖੀਰਲੇ ਦਸ ਸਾਲਾਂ ਵਿਚ ਕੰਨਿਆਂ ਮਹਾਂਵਿਦਿਆਲਿਆਂ ਦੇ ਨਾਂ ਨਾਲ ਜਲੰਧਰ ਵਿਚ ਸਥਾਪਿਤ ਕੀਤਾ ਗਿਆ। ਲੜਕੀਆਂ ਦੀ ਸਿੱਖਿਆ ਦਾ ਸਖਤ ਵਿਰੋਧ ਹੋਇਆ। ਜਦ ਕਦੀ ਕਿਸੇ ਨੇ ਆਪਣੀ ਲੜਕੀ ਨੂੰ ਸਿੱਖਿਆ ਲਈ ਸਕੂਲ ਭੇਜਿਆ ਤਾਂ ਉਸ ਦੀ ਬਰਾਦਰੀ ਦੇ ਲੋਕਾਂ ਨੇ ਉਸ ਆਦਮੀ ਨੂੰ ਇਹ ਧਮਕੀ ਦਿੱਤੀ ਕਿ ਜੇਕਰ ਉਹ ਆਪਣੀ ਲੜਕੀ ਨੂੰ ਸਕੂਲੋਂ ਵਾਪਸ ਨਹੀਂ ਕਰ ਲਵੇਗਾ ਤਾਂ ਉਸ ਨਾਲ ਕੋਈ ਸ਼ਾਦੀ ਨਹੀਂ ਕਰੇਗਾ।

**6. ਨਵਾਂ ਦਰਸ਼ਨ ਸ਼ਾਸਤਰ** :- ਦਯਾਨੰਦ ਨੇ ਮਹਿਸੂਸ ਕੀਤਾ ਕਿ ਸਮਾਜ ਸੁਧਾਰ ਦਾ ਪ੍ਰੋਗਰਾਮ ਉਸ ਸਮੇਂ ਤੱਕ ਜ਼ਿਆਦਾ ਵਿਕਾਸ ਨਹੀਂ ਕਰ ਸਕੇਗਾ ਜਦ ਤਕ ਕਿ ਇਸ ਪ੍ਰੋਗਰਾਮ ਪਿਛੇ ਇਕ ਫਿਲਾਸਫੀ ਦਾ ਹੱਥ ਨਹੀਂ ਹੋਵੇਗਾ। ਪੁਰਾਣੇ ਹਿੰਦੂਆਂ ਦਾ ਦ੍ਰਿਸ਼ਟੀਕੋਣ ਇਹ ਸੀ ਕਿ ਦੁਨੀਆਂ ਦੁੱਖਾਂ ਨਾਲ ਭਰੀ ਹੋਈ ਹੈ। ਇਹ ਆਤਮਾ ਲਈ ਇਕ ਜਨਮਾਂ ਦੀ ਲੰਬੀ ਯਾਤਰਾ ਦੇ ਦੌਰਾਨ ਆਰਾਮ ਕਰਨ ਦੀ ਥਾਂ ਹੈ। ਦੁੱਖਾਂ ਤੋਂ ਛੁਟਕਾਰਾ

ਪ੍ਰਾਪਤ ਕਰਨ ਦਾ ਇਕ ਮਾਤਰ ਤਰੀਕਾ ਇਸ ਸੰਸਾਰ ਤੋਂ ਭੱਜਣਾ ਹੈ। ਜੀਵਨ ਵਿਚ ਇਹੋ ਜਿਹੇ ਦ੍ਰਿਸ਼ਟੀਕੋਣ ਹੋਣ ਨਾਲ ਜੀਵਨ ਵਿਚ ਕੋਈ ਲਚਕਦਾਰ ਗੱਲ ਨਹੀਂ ਹੋ ਸਕਦੀ ਸੀ ਅਤੇ ਨਾ ਹੀ ਸਮਾਜ ਦੇ ਵਿਕਾਸ ਲਈ ਕੋਈ ਉਤਸ਼ਾਹ ਆ ਸਕਦਾ ਸੀ। ਜੇਕਰ ਇਕ ਆਦਮੀ ਇਸ ਦੁਨੀਆਂ ਵਿਚ ਥੋੜੇ ਸਮੇਂ ਲਈ ਹੈ ਤਾਂ ਫਿਰ ਉਸ ਨੂੰ ਇਸ ਸੰਸਾਰ ਨੂੰ ਚੰਗਾ ਬਣਾਉਣ ਲਈ ਕੁਝ ਕਰਨ ਦੀ ਕੀ ਲੋੜ ਹੈ। ਗੌਤਮ ਬੁੱਧ ਦੇ ਸਮੇਂ ਤੋਂ ਹੀ ਹਿੰਦੂਆਂ ਦੇ ਆਗੂਆਂ ਨੇ ਹਮੇਸ਼ਾਂ ਜੀਵਨ ਦੇ ਸਬੰਧ ਵਿੱਚ ਸਾਕਾਰਾਤਮਕ ਦਰਸ਼ਨ ਸ਼ਾਸਤਰ ਦਾ ਹੀ ਪ੍ਰਚਾਰ ਕੀਤਾ। ਧਰਮ ਅਤੇ ਮੋਖਸ਼ ਜੀਵਨ ਵਿਚ ਮੁੱਖ ਸਿਧਾਂਤ ਬਣੇ ਰਹੇ। ਦਯਾਨੰਦ ਨੇ ਇਕ ਨਵੇਂ ਦਰਸ਼ਨ ਸ਼ਾਸਤਰ ਦਾ ਪ੍ਰਚਾਰ ਕੀਤਾ। ਉਹਨਾਂ ਨੇ ਪ੍ਰਾਚੀਨ ਧਰਮ, ਅਰਥ, ਕਾਮ ਅਤੇ ਮੋਖਸ਼ ਨੂੰ ਫਿਰ ਤੋਂ ਸ਼ੁਰੂ ਕੀਤਾ। ਅਨਰਸ਼ ਧਰਮ ਨੇ ਅਰਥ ਅਤੇ ਕਾਮ ਨੂੰ ਛੱਡ ਦਿੱਤਾ ਸੀ। ਅਰਥ ਤੋਂ ਭਾਵ ਸੀ ਧਨ ਜਾਂ ਜਾਇਦਾਦ ਅਤੇ ਕਾਮ ਤੋਂ ਭਾਵ ਸੀ ਐਸ਼ ਅਤੇ ਆਰਾਮ। ਦਯਾਨੰਦ ਨੇ ਕਿਹਾ ਕਿ ਇਨ੍ਹਾਂ ਚਾਰ ਉਦੇਸ਼ਾਂ ਦੀ ਪ੍ਰਾਪਤੀ ਨਾਲ ਹੀ ਜੀਵਨ ਸੰਪੂਰਨ ਹੁੰਦਾ ਹੈ। ਇਕ ਆਦਮੀ ਨੂੰ ਨੇਕੀ ਦਾ ਜੀਵਨ ਬਿਤਾਉਣਾ ਚਾਹੀਦਾ ਹੈ। ਪੈਸਾ ਕਮਾਉਣਾ ਚਾਹੀਦਾ ਹੈ। ਆਪਣੇ ਜੀਵਨ ਦਾ ਆਨੰਦ ਲੈਣਾ ਚਾਹੀਦਾ ਹੈ ਅਤੇ ਫਿਰ ਮੁਕਤੀ ਲੱਭਣੀ ਚਾਹੀਦੀ ਹੈ।

7. **ਨਵਾਂ ਮਿਸ਼ਨ** :– ਨਵੇਂ ਉਤਸ਼ਾਹ ਨਾਲ ਉਤੇਜਿਤ ਹੋ ਕੇ ਦਯਾਨੰਦ ਨੇ ਹਿੰਦੂ ਸਮਾਜ ਦੇ ਧਾਰਮਿਕ ਅਤੇ ਸਮਾਜਿਕ ਸੁਧਾਰਾਂ ਦਾ ਨਵਾਂ ਮਿਸ਼ਨ ਚਲਾਇਆ। ਉਹ ਹਿੰਦੂਆਂ ਦੇ ਕਈ ਮਹੱਤਵਪੂਰਣ ਧਾਰਮਿਕ ਸਥਾਨਾਂ ਜਿਸ ਤਰ੍ਹਾਂ ਹਰਿਦੁਆਰ, ਬਨਾਰਸ ਅਤੇ ਇਲਾਹਾਬਾਦ ਆਦਿ ਗਏ, ਉਥੇ ਉਹ ਕਈ ਧਾਰਮਿਕ ਨੇਤਾਵਾਂ ਨੂੰ ਮਿਲੇ। ਫਿਰ ਉਹ ਕਲਕੱਤਾ ਵਿਚ ਨਵੇਂ ਸਥਾਪਿਤ ਬ੍ਰਹਮੋ ਸਮਾਜ ਦੇ ਨੇਤਾਵਾਂ ਨੂੰ ਮਿਲੇ, ਉਨ੍ਹਾਂ ਬੰਬਈ ਆ ਕੇ 1857 ਵਿਚ ਆਰੀਆ ਸਮਾਜ ਦੀ ਸਥਾਪਨਾ ਕੀਤੀ। ਉਨ੍ਹਾਂ ਦੇ ਨਾਂ ਦੀ ਪ੍ਰਸਿੱਧੀ ਅਤੇ ਸਿੱਖਿਆਵਾਂ ਉੱਤਰੀ ਭਾਰਤ ਦੇ ਦੂਰ-ਦੂਰ ਖੇਤਰਾਂ ਤਕ ਫੈਲ ਗਈ। ਜਦੋਂ ਦਿੱਲੀ ਵਿਚ ਮਹਾਰਾਣੀ ਵਿਕਟੋਰੀਆ ਨੇ 1877 ਵਿਚ ਇਕ ਘੋਸ਼ਣਾ ਪੱਤਰ ਰਾਹੀਂ ਭਾਰਤ ਦੀ ਮਹਾਰਾਣੀ ਘੋਸ਼ਿਤ ਕੀਤਾ ਗਿਆ ਤਾਂ ਉਸ ਸਮੇਂ ਸੁਆਮੀ ਜੀ ਦਿੱਲੀ ਗਏ। ਉਥੇ ਉਹ ਇਕ ਰਾਜੇ ਦੇ ਮਹਿਮਾਨ ਸਨ। ਇਥੇ ਉਹ ਲਾਹੌਰ ਤੋਂ ਆਏ ਕਈ ਪ੍ਰਸਿੱਧ ਹਿੰਦੂਆਂ ਨੂੰ ਮਿਲੇ ਜਿਨ੍ਹਾਂ ਨੇ ਸੁਆਮੀ ਜੀ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ। ਕੁਝ ਦੇਰ ਪਿਛੋਂ ਹੀ ਸੁਆਮੀ ਜੀ ਲੁਧਿਆਣਾ ਅਤੇ ਫਿਰ ਲਾਹੌਰ ਗਏ।

ਪੰਜਾਬ ਦੀ ਰਾਜਧਾਨੀ ਸ਼ਹਿਰ ਲਾਹੌਰ ਵਿਚ ਸੁਆਮੀ ਜੀ ਨੂੰ ਬਹੁਤ ਜ਼ਿਆਦਾ ਸਫਲਤਾ ਪ੍ਰਾਪਤ ਹੋਈ। 1877 ਵਿਚ ਲਾਹੌਰ ਇਸ ਨਵੇਂ ਅੰਦੋਲਨ ਦਾ ਹੈਡਕਵਾਟਰ ਬਣ ਗਿਆ। ਲਾਹੌਰ ਵਿਚ ਆਰੀਆ ਸਮਾਜ ਨੂੰ ਆਪਣਾ ਅੰਤਮ ਰੂਪ ਪ੍ਰਾਪਤ ਹੋਇਆ। ਉਥੇ ਆਖਰੀ ਵਾਰ ਇਸ ਸਮਾਜ ਦੇ ਸਿਧਾਂਤਾਂ ਨੂੰ ਸੋਧਿਆ ਅਤੇ ਫਿਰ ਤੋਂ ਲਿਖਿਆ ਗਿਆ। ਇਸਦੇ ਸੰਵਿਧਾਨ ਨੂੰ ਫਿਰ ਤੋਂ ਤਿਆਰ ਕਰਕੇ ਉਸ ਨੂੰ ਅੰਤਿਮ ਰੂਪ ਦਿੱਤਾ ਗਿਆ। ਸਵਾਮੀ ਜੀ ਨੇ ਆਪਣੇ ਜੀਵਨ ਦਾ ਬਾਕੀ ਸਮਾਂ (1877 ਤੋਂ 1883 ਤਕ) ਆਪਣੀਆਂ ਸਿਖਿਆਵਾਂ ਦਾ ਪ੍ਰਚਾਰ ਕਰਨ ਅਤੇ ਪੁਸਤਕਾਂ ਲਿਖਣ ਵਿਚ ਅਤੇ ਨਾਲ ਹੀ ਆਰੀਆ ਸਮਾਜ ਨੂੰ ਸੰਗਠਿਤ ਕਰਨ ਵਿਚ ਬਿਤਾਇਆ। ਪੰਜਾਬ ਵਿਚ ਆਰੀਆ ਸਮਾਜ ਅੰਦੋਲਨ ਨੇ ਤੇਜ਼ੀ ਨਾਲ ਵਿਕਾਸ ਕੀਤਾ। ਸੁਵਾਮੀ ਜੀ ਦੀ ਮੌਤ ਤੋਂ ਪਹਿਲਾਂ ਹੀ ਇਸ ਸਮਾਜ ਨੇ ਕੰਮ ਨੂੰ ਬਹੁਤ ਵੱਡੇ ਪੱਧਰ ਤੇ ਕਰਨਾ ਸ਼ੁਰੂ ਕਰ ਦਿੱਤਾ। 1928 ਤਕ ਪੂਰੇ ਪੰਜਾਬ ਵਿਚ ਆਰੀਆ ਸਮਾਜ ਦੀਆਂ 500 ਸ਼ਾਖਾਵਾਂ ਸਥਾਪਿਤ ਹੋ ਗਈਆਂ। ਦੇਸ਼ ਵਿਚ ਸਭ ਤੋਂ ਜ਼ਿਆਦਾ ਗਿਣਤੀ ਵਿਚ ਸ਼ਾਖਾਵਾਂ ਪੰਜਾਬ ਵਿਚ ਹੀ ਸਨ।

8. **ਆਰੀਆ ਸਮਾਜ ਦੇ ਉਦੇਸ਼** :– ਆਰੀਆ ਸਮਾਜ ਦਾ ਮੁੱਖ ਉਦੇਸ਼ ਹਿੰਦੂ ਧਰਮ ਨੂੰ ਸਮਾਜਿਕ ਅਤੇ ਧਾਰਮਿਕ ਦ੍ਰਿਸ਼ਟੀ ਤੋਂ ਵੇਦਾਂ ਅਨੁਸਾਰ ਢਾਲਣਾ ਸੀ। ਸੁਆਮੀ ਜੀ ਨੇ ਆਪਣੀਆਂ ਸਿਖਿਆਵਾਂ ਵਿਚ ਵੇਦਾਂ ਨੂੰ ਖਾਸ ਮਹੱਤਵ ਦਿੱਤਾ ਅਤੇ ਉਹ ਚਾਹੁੰਦੇ ਸਨ ਕਿ ਨਵਾਂ ਸਮਾਜ ਵੇਦਾਂ ਦੀਆਂ ਸਿੱਖਿਆਵਾਂ ਨੂੰ ਪੂਰੀ ਤਰ੍ਹਾਂ ਅਪਣਾਏ ਅਤੇ ਉਨ੍ਹਾਂ ਦਾ ਲੋਕਾਂ ਵਿਚ ਪ੍ਰਚਾਰ ਕਰੇ। ਉਹਨਾਂ ਦਾ ਨਾਅਰਾ ਸੀ ਕਿ ''ਵੇਦਾਂ ਵਲ ਚਲੋ।'' ਆਪਣੇ ਸਮਰਥਕਾਂ ਦੀ ਅਗਵਾਈ ਲਈ ਸਵਾਮੀ ਦਯਾਨੰਦ ਦੇ ਵਿਚਾਰ ਉਨ੍ਹਾਂ ਦੀ ਆਪਣੀ ਪੁਸਤਕ ਸਤਿਆਰਥ ਪ੍ਰਕਾਸ਼ ਵਿਚ ਵਿਸਥਾਰ ਵਿਚ ਦਿੱਤੇ ਗਏ ਹਨ। ਉਹ ਇਸ ਸਮਾਜਿਕ ਅਤੇ ਧਾਰਮਿਕ ਪਹਿਲੂ ਤੋਂ ਪ੍ਰਕਾਸ਼ ਪਾਉਂਦੇ ਸਨ।

9. **ਸੰਗਠਨ** :– ਹਰ ਇਕ ਆਰੀਆ ਸਮਾਜ ਆਪਣੇ ਆਪ ਵਿਚ ਇਕ ਇਕਾਈ ਬਣ ਗਿਆ।

ਲਗਭਗ ਹਰ ਸ਼ਹਿਰ ਵਿਚ ਇਕ ਸਮਾਜ ਸਥਾਪਿਤ ਕੀਤਾ ਗਿਆ। ਪਰ ਕੁਝ ਸ਼ਹਿਰਾਂ ਵਿਚ ਇਕ ਤੋਂ ਜ਼ਿਆਦਾ ਸਮਾਜ ਵੀ ਬਣਾਏ ਗਏ। ਇਹ ਸਾਰੇ ਸਮਾਜ ਮੁੱਖ ਆਰੀਆ ਸਮਾਜ ਦੇ ਪ੍ਰਭਾਵ ਹੇਠ ਕੰਮ ਕਰਦੇ ਹਨ। ਇਕੋ ਥਾਂ ਤੋਂ ਜ਼ਿਆਦਾ ਸਮਾਜ ਹੋਣ ਦੇ ਦੋ ਕਾਰਨ ਸਨ ਜਾਂ ਤਾਂ ਇਸ ਦੇ ਸਮਰਥਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਸੀ ਜਾਂ ਫਿਰ ਸਿਧਾਂਤਾਂ ਤੇ ਕੁਝ ਅਸਹਿਮਤੀ ਹੋਣ ਕਰਕੇ। ਹਰ ਇਕ ਆਰੀਆ ਸਮਾਜ ਦੇ ਕੰਮਾਂ ਨੇ ਕਰਨ ਲਈ ਇਕ ਕਾਰਜਕਾਰਨੀ ਕਮੇਟੀ ਹੁੰਦੀ ਸੀ। ਜਿਸ ਵਿਚ ਪੰਜ ਚੁਣੇ ਹੋਏ ਅਹੁਦੇਦਾਰ ਹੁੰਦੇ ਸਨ। ਉਹ ਨਿਯਮਤ ਮੈਂਬਰਾਂ ਰਾਹੀਂ ਹਰ ਸਾਲ ਚੁਣੇ ਜਾਂਦੇ ਸਨ। ਪ੍ਰਾਂਤਿਕ ਅਸੈਂਬਲੀ ਵੱਖ-ਵੱਖ ਆਰੀਆ ਸਮਾਜਾਂ ਦੇ ਪ੍ਰਤੀਨਿਧੀਆਂ ਰਾਹੀਂ ਚੁਣੀ ਜਾਂਦੀ ਸੀ। ਇਹਨਾਂ ਸਮਾਜਾਂ ਨਾਲ ਕੁਝ ਕੁਮਾਰ ਸਭਾਵਾਂ ਜੁੜੀਆਂ ਹੁੰਦੀਆਂ ਸਨ। ਇਹ ਕੁਮਾਰ ਸਭਾਵਾਂ ਮੁੱਖ ਸੰਸਥਾ ਵਿਚ ਭਰਤੀ ਕਰਨ ਦਾ ਕੰਮ ਕਰਦੀਆਂ ਸਨ। ਕੁਮਾਰ ਸਭਾਵਾਂ ਤੋਂ ਭਾਵ ਸੀ ਨੌਜਵਾਨਾਂ ਦਾ ਆਰੀਆ ਸਮਾਜ (Young men's Arya Samaj)

ਹਰ ਇਕ ਆਰੀਆ ਸਮਾਜ ਦੀ ਮੀਟਿੰਗ ਬੁਲਾਉਣ ਲਈ ਇਕ ਨਿਸ਼ਚਿਤ ਥਾਂ ਹੁੰਦੀ ਸੀ ਜਿਥੇ ਹਰ ਹਫਤੇ ਇਸ ਦੇ ਮੈਂਬਰ ਇਕ ਸਭਾ ਦੇ ਰੂਪ ਵਿਚ ਮਿਲਦੇ ਸਨ। ਇਹ ਥਾਂ ਪੂਰੇ ਭਾਰਤ ਵਿਚ ਮੁੱਖ ਸ਼ਹਿਰਾਂ ਵਿਚ ਹੋਇਆ ਕਰਦੀ ਸੀ। ਪਰ ਦੱਖਣ ਭਾਰਤ ਵਿਚ ਇਹ ਗੱਲ ਪ੍ਰਚਲਿਤ ਨਹੀਂ ਸੀ। ਦੱਖਣ ਭਾਰਤ ਨੂੰ ਛੱਡ ਕੇ ਬਾਕੀ ਭਾਰਤ ਦੇ ਸਾਰਿਆਂ ਹਿੱਸਿਆਂ ਵਿਚ ਆਰੀਆ ਸਮਾਜ ਦੀਆਂ ਇਮਾਰਤਾਂ ਹਨ ਜਿਸ ਵਿਚ ਲੈਕਚਰ ਹਾਲ ਅਤੇ ਕਮੇਟੀ ਰੂਮ ਆਦਿ ਹਨ। ਕੁਝ ਥਾਵਾਂ ਤੇ ਆਰੀਆ ਸਮਾਜ ਦੀਆਂ ਥਾਵਾਂ ਨੂੰ ਹਰ ਰੋਜ਼ ਦੀ ਪ੍ਰਾਰਥਨਾ ਲਈ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਥਾਵਾਂ ਨੂੰ ਕਲੱਬਾਂ ਦੇ ਰੂਪ ਵਿਚ ਵੀ ਇਸਤੇਮਾਲ ਕੀਤਾ ਜਾਂਦਾ ਹੈ।

**10. ਆਰੀਆ ਸਮਾਜ ਵਿਚ ਬਟਵਾਰਾ** :- ਕੁਝ ਸਾਲ ਆਰੀਆ ਸਮਾਜ ਵਿਚ ਬਹੁਤ ਜ਼ਿਆਦਾ ਮਤਭੇਦ ਇਸ ਸਬੰਧ ਵਿਚ ਬਣੇ ਰਹਿ ਕਿ ਦਯਾਨੰਦ ਦੇ ਰਾਹੀਂ ਦਿਤੇ ਗਏ ਵਿਚਾਰ ਆਰੀਆ ਸਮਾਜ ਤੇ ਇਕ ਇਕਾਈ ਦੇ ਰੂਪ ਵਿਚ ਕਿਸ ਹੱਦ ਤਕ ਲਾਗੂ ਹਨ। ਇਹ ਮਤਭੇਦ ਉਹਨਾਂ ਵਿਸ਼ਿਆਂ ਬਾਰੇ ਬਹੁਤ ਜ਼ਿਆਦਾ ਗੰਭੀਰ ਸਨ ਜਿਹਨਾਂ ਦੇ ਸੰਬੰਧ ਲੋਕਾਂ ਦੇ ਵਿਅਕਤੀਗਤ ਵਿਚਾਰਾਂ ਨਾਲ ਸੀ। ਕਿਉਂਕਿ ਆਰੀਆ ਸਮਾਜ ਦੇ ਮੁੱਖ ਸਿਧਾਂਤਾਂ ਵਿਚ ਇਨ੍ਹਾਂ ਦਾ ਕੋਈ ਜ਼ਿਕਰ ਨਹੀਂ ਸੀ। 1892 ਵਿਚ ਆਰੀਆ ਸਮਾਜ ਦੋ ਕਾਰਨਾਂ ਕਰਕੇ ਦੋ ਭਾਗਾਂ ਵਿਚ ਵੰਡਿਆ ਗਿਆ। ਪਹਿਲਾ ਕਾਰਨ ਇਹ ਸੀ ਕਿ ਮਾਸ ਖਾਣਾ ਕਿਥੋਂ ਤੱਕ ਉਚਿਤ ਹੈ ਅਤੇ ਦੂਜਾ ਉਹਨਾਂ ਲਾਈਨਾਂ ਦੇ ਸੰਬੰਧ ਵਿਚ ਮਤਭੇਦ ਜਿਹਨਾਂ ਦੇ ਆਧਾਰ ਤੇ ਦਯਾਨੰਦ ਐਂਗਲੋ ਵੈਦਿਕ ਕਾਲਜ ਸਵਾਮੀ ਜੀ ਦੀ ਯਾਦ ਵਿਚ 1886 ਵਿਚ ਸਥਾਪਿਤ ਕੀਤਾ। ਉਸ ਤੋਂ ਬਾਅਦ ਆਰੀਆ ਸਮਾਜ ਦੇ ਦੋਨੋਂ ਭਾਗ ਇਕ ਦੂਜੇ ਤੋਂ ਵੱਖ-ਵੱਖ ਹੋ ਗਏ। ਕਿਉਂਕਿ ਇਕ ਤਰਫ ਗੁਰੂਕੁਲ ਦੀ ਸਥਾਪਨਾ ਹੋਈ ਤਾਂ ਦੂਜੇ ਪਾਸੇ ਡੀ.ਏ.ਵੀ. ਕਾਲਜ ਖੋਲ੍ਹੇ ਗਏ। ਇਨ੍ਹਾਂ ਦੋਹਾਂ ਸੰਸਥਾਵਾਂ ਨੇ ਪੂਰੇ ਪੰਜਾਬ ਵਿਚ ਆਪਣੇ ਵੱਖ-ਵੱਖ ਸਮਾਜ ਸਥਾਪਿਤ ਕੀਤੇ। ਪਹਿਲੇ ਨੂੰ ਮਹਾਤਮਾ ਪਾਰਟੀ ਦੇ ਨਾਂ ਨਾਲ ਜਾਣਿਆ ਗਿਆ ਜਿਸ ਦਾ ਪ੍ਰਧਾਨ ਮੁਨਸ਼ੀ ਰਾਮ ਸੀ ਅਤੇ ਬਾਅਦ ਵਿਚ ਸਵਾਮੀ ਸ਼ਰਧਾਨੰਦ ਦੇ ਨਾਂ ਤੇ ਪ੍ਰਸਿੱਧ ਹੋਏ। ਉਹਨਾਂ ਨੇ ਪ੍ਰਾਚੀਨ ਹਿੰਦੂ ਸਿੱਖਿਆ ਪ੍ਰਣਾਲੀ, ਧਰਮ ਅਤੇ ਸ਼ਾਕਾਹਾਰੀ ਸਿਧਾਂਤਾਂ ਵਿਚ ਵਿਸ਼ਵਾਸ ਪ੍ਰਗਟ ਕੀਤਾ ਜਦ ਕਿ ਕਾਲਜ ਗਰੁਪ ਨੇ ਆਧੁਨਿਕ ਸਿੱਖਿਆ ਅਤੇ ਖਾਣ ਪੀਣ ਦੀ ਖੁਲ੍ਹ ਵਿਚ ਵਿਸ਼ਵਾਸ ਪ੍ਰਗਟ ਕੀਤਾ ਅਤੇ ਇਹ ਘੋਸ਼ਣਾ ਕੀਤੀ ਕਿ ਆਰੀਆ ਸਮਾਜ ਇਕ ਵਿਸ਼ਵ ਧਰਮ ਹੈ।

ਆਰੀਆ ਸਮਾਜ ਦੇ ਦੋਹਾਂ ਭਾਗਾਂ ਦੀਆਂ ਕੋਸ਼ਿਸ਼ਾਂ ਸਿੱਖਿਆ ਨੂੰ ਹੋਰ ਵਿਕਸਿਤ ਕਰਨ ਵਿਚ ਲਗੀਆਂ ਰਹੀਆਂ। ਡੀ.ਏ.ਵੀ. ਕਾਲਜ ਦੀਆਂ ਸ਼ਾਖਾਵਾਂ ਸ਼ੁਰੂ ਕੀਤੀਆਂ ਗਈਆਂ ਤੇ ਲਾਹੌਰ ਵਿਚ ਦਯਾਨੰਦ ਐਂਗਲੋਵੈਦਿਕ ਕਾਲਜ ਖੋਲਿਆ ਜਿਹੜਾ ਆਰੀਆ ਸਮਾਜ ਦੀਆਂ ਕਾਰਵਾਈਆਂ ਦਾ ਮੁੱਖ ਕੇਂਦਰ ਬਣ ਗਿਆ। 1886 ਵਚ ਸਭ ਤੋਂ ਪਹਿਲਾਂ ਇਕ ਸਕੂਲ ਦੀ ਸਥਾਪਨਾ ਕੀਤੀ ਗਈ ਜਿਸ ਦੇ ਹੰਸਰਾਜ ਆਨਰੇਰੀ ਹੈਡਮਾਸਟਰ ਬਣੇ। ਇਹ ਸਕੂਲ ਹਰਮਨ ਪਿਆਰਾ ਬਣ ਗਿਆ ਅਤੇ ਕੁਝ ਦੇਰ ਪਿਛੋ ਇਹ ਇਕ ਵੱਡਾ ਕਾਲਜ ਬਣਿਆ। ਇਸ ਦੇ ਵਿਕਾਸ ਲਈ ਹੰਸਰਾਜ ਬਹੁਤ ਜ਼ਿਆਦਾ ਜ਼ਿੰਮੇਵਾਰ ਸਨ ਅਤੇ ਉਹਨਾਂ ਨੇ ਬਿਨਾਂ ਕੁਝ ਲਏ ਅੱਠ ਸਾਲਾਂ ਤਕ ਇਸ ਸੰਸਥਾ ਦੀ ਸੇਵਾ ਕੀਤੀ। ਡੀ.ਏ.ਵੀ. ਕਾਲਜ ਲਾਹੌਰ ਉੱਤਰ ਭਾਰਤ ਦੀ ਸਭ ਤੋਂ ਵੱਡੀ ਸਿੱਖਿਆ ਸੰਸਥਾ ਬਣੀ। ਬਹੁਤ ਵੱਡੇ ਪੱਧਰ ਤੇ ਬਹੁਤ ਘੱਟ ਸਮੇਂ ਵਿਚ ਪੂਰੇ ਪੰਜਾਬ ਵਿਚ ਕਾਲਜ, ਸੈਕੰਡਰੀ ਤੇ ਪ੍ਰਾਇਮਰੀ ਸਕੂਲਾਂ ਦੀ ਸਥਾਪਨਾ ਕੀਤੀ

ਗਈ। ਪੰਜਾਬ ਦੇ 1947 ਵਿਚ ਬਟਵਾਰੇ ਦੇ ਸਮੇਂ ਤੱਕ ਡੀ.ਏ.ਵੀ. ਕਾਲਜ ਲਾਹੌਰ ਇਸ ਪ੍ਰਾਂਤ ਵਿੱਚ ਮੁੱਖ ਕਾਲਜ ਰਿਹਾ। ਬਾਅਦ ਵਿੱਚ ਇਸ ਦੀ ਥਾਂ ਡੀ. ਏ. ਵੀ. ਕਾਲਜ ਜਲੰਧਰ ਨੇ ਲਈ ਅਤੇ ਅੱਜ ਇਹ ਉੱਤਰ ਭਾਰਤ ਦੀ ਮਹਾਨ ਸਿੱਖਿਆ ਸੰਸਥਾ ਮੰਨੀ ਜਾਂਦੀ ਹੈ।

ਮਹਾਤਮਾ ਗਰੁਪ ਨੇ ਲਾਲਾ ਮੁਨਸ਼ੀ ਰਾਮ ਦੀ ਲੀਡਰਸ਼ਿਪ ਹੇਠ ਹਰਿਦੁਆਰ ਵਿਚ ਇਸੇ ਤਰ੍ਹਾਂ ਦੀ ਸਿਖਿਆ ਸੰਸਥਾ ਦੀ ਸਥਾਪਨਾ 1902 ਵਿਚ ਕੀਤੀ। ਇਸ ਨੂੰ ਗੁਰੂਕੁਲ ਕਾਂਗੜੀ ਕਿਹਾ ਗਿਆ। ਇਥੇ ਵੈਦਿਕ ਸਿੱਖਿਆ, ਪ੍ਰਾਚੀਨ ਹਿੰਦੂ ਧਰਮ ਦੇ ਆਦਰਸ਼ਾਂ ਅਨੁਸਾਰ ਦਿੱਤੀ ਜਾਣ ਲੱਗ ਪਈ। ਸਿੱਖਿਆ ਦੇ ਇਸ ਨਵੇਂ ਸਿਸਟਮ ਨੇ ਚਰਿੱਤਰ ਨਿਰਮਾਣ ਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ ਅਤੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਚੇਲਿਆਂ ਨੂੰ ਆਪਣੇ ਗੁਰੂਆਂ ਦੇ ਰਸਤੇ ਤੇ ਚਲਣਾ ਚਾਹੀਦਾ ਹੈ। ਭਾਵੇਂ ਆਰੀਆ ਸਮਾਜ ਦਾ ਮੁੱਖ ਏਮ ਸਿੱਖਿਆ ਦਾ ਵਿਸਤਾਰ ਸੀ ਫਿਰ ਵੀ ਇਸਨੇ ਕਈ ਹੋਰ ਸਮਾਜਿਕ, ਸੰਸਕ੍ਰਿਤਕ ਅਤੇ ਲੋਕ ਭਲਾਈ ਦੇ ਕੰਮ ਵੀ ਕੀਤੇ।

ਈਸਾਈ ਧਰਮ ਦੇ ਦਾਇਰੇ ਤੋਂ ਬਾਹਰ ਇਹ ਆਰੀਆ ਸਮਾਜ ਹੀ ਸੀ ਜਿਸਨੇ ਅਨਾਥ ਅਤੇ ਵਿਧਵਾ ਆਸ਼ਰਮ ਖੋਲ੍ਹੇ। ਪਹਿਲਾਂ ਅਨਾਥ ਆਸ਼ਰਮ ਫਿਰੋਜ਼ਪੁਰ ਵਿਚ ਸਥਾਪਿਤ ਕੀਤਾ। ਇਸ ਨਾਲ ਸਕੂਲ ਅਤੇ ਵਰਕਸ਼ਾਪਾਂ ਜੁੜੀਆਂ ਹੋਈਆਂ ਸਨ ਅਤੇ ਇਥੇ ਲੜਕੇ ਅਤੇ ਲੜਕੀਆਂ ਦੋਹਾਂ ਨੂੰ ਰਖਿਆ ਗਿਆ। ਹੋਰ ਵੀ ਕਈ ਅਨਾਥ ਆਸ਼ਰਮ ਆਰੀਆ ਸਮਾਜ ਨੇ ਖੋਲ੍ਹੇ। ਆਰੀਆਂ ਸਮਾਜ ਨੇ 1897-98 ਅਤੇ 1899-1900 ਦੇ ਭਿਆਨਕ ਸੋਕੇ ਦੇ ਸਮੇਂ ਸ਼ਾਨਦਾਰ ਕੰਮ ਕੀਤੇ। ਆਰੀਆ ਸਮਾਜ ਨੇ ਬਹੁਤ ਵੱਡੀ ਪੱਧਰ ਉਤੇ ਗੈਰ ਸਰਕਾਰੀ ਰੂਪ ਵਿਚ ਲੋਕਾਂ ਦੀ ਸਹਾਇਤਾ ਲਈ ਕੰਮ ਕੀਤੇ। ਅਕਾਲ ਪੀੜਤ ਸਮਿਆਂ ਤੋਂ ਇਲਾਵਾ ਵੀ ਆਰੀਆ ਸਮਾਜ ਨੇ ਅਨਾਥਾਂ ਦੀ ਸਹਾਇਤਾ ਲਈ ਕੰਮ ਕੀਤੇ ਅਤੇ ਉਹਨਾਂ ਨੂੰ ਈਸਾਈ ਮੱਤ ਵਿਚ ਜਾਣ ਤੋਂ ਬਚਾਇਆ। ਆਰੀਆ ਸਮਾਜ ਨੇ 1904 ਵਿਚ ਕਾਂਗੜਾ ਦੇ ਇਲਾਕੇ ਵਿਚ ਭਿਆਨਕ ਭੂਚਾਲ ਸਮੇਂ ਬਹੁਤ ਹੀ ਸ਼ਾਨਦਾਰ ਸਮਾਜਿਕ ਸੇਵਾਵਾਂ ਕੀਤੀਆਂ। ਸੱਚ ਤਾਂ ਇਹ ਹੈ ਕਿ ਆਰੀਆ ਸਮਾਜ ਉੱਤਰ ਭਾਰਤ ਦੇ ਇਲਾਕਿਆਂ ਵਿਚ ਸਮਾਜਿਕ ਸੇਵਾਵਾਂ ਸ਼ੁਰੂ ਕਰਨ ਅਤੇ ਉਹਨਾਂ ਨੂੰ ਸੰਗਠਿਤ ਰੂਪ ਦੇਣ ਵਿਚ ਸਭ ਤੋਂ ਅੱਗੇ ਸੀ।

**11. ਮੁੜ ਵਸਾਉਣਾ ਅਤੇ ਧਰਮ ਪਰਿਵਰਤਨ** :– ਆਰੀਆ ਸਮਾਜ ਦਾ ਇਕ ਮਹੱਤਵਪੂਰਨ ਕੰਮ ਉਹਨਾਂ ਵਿਅਕਤੀਆਂ ਨੂੰ ਫਿਰ ਤੋਂ ਵਾਪਸ ਲਿਆਉਣਾ ਜਿਹੜੇ ਵਿਅਕਤੀ ਹਿੰਦੂ ਸਮਾਜ ਛੱਡ ਗਏ ਸਨ। ਆਰੀਆ ਸਮਾਜ ਨੇ ਉਹਨਾਂ ਲੋਕਾਂ ਨੂੰ ਹਿੰਦੂ ਧਰਮ ਵਿਚ ਲਿਆਉਣ ਦਾ ਕੰਮ ਵੀ ਆਪਣੇ ਹੱਥ ਵਿਚ ਲਿਆ ਜਿਹੜੇ ਕਿ ਆਰੀਆ ਸਮਾਜ ਦੀਆਂ ਸਿਖਿਆਵਾਂ ਮੰਨਣ ਲਈ ਤਿਆਰ ਸਨ। ਸਮਾਜ ਨੇ ਇਸਲਾਮ ਅਤੇ ਈਸਾਈ ਮੱਤ ਨੂੰ ਫੈਲਣ ਤੋਂ ਵੀ ਰੋਕਣਾ ਸੀ। ਨਾਲ ਹੀ ਇਸ ਨੇ ਸਮਾਜ ਦੇ ਛੋਟੇ ਵਰਗਾਂ ਦੇ ਲੋਕਾਂ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ ਅਤੇ ਉਹਨਾਂ ਨੂੰ ਹਿੰਦੂ ਸਮਾਜ ਵਿਚ ਲਿਆਉਣ ਲਈ ਕੰਮ ਕੀਤਾ। ਸਵਾਮੀ ਸ਼ਰਧਾਨੰਦ ਨੇ ਇਸ ਦ੍ਰਿਸ਼ਟੀ ਤੋਂ ਸ਼ੁੱਧੀ ਅੰਦੋਲਨ ਚਲਾਇਆ। ਇਸ ਅੰਦੋਲਨ ਨੇ ਦੰਗੇ ਫਸਾਦ ਅਤੇ ਅਵਿਵਸਥਾ ਨੂੰ ਵਧਾਇਆ ਅਤੇ ਨਫ਼ਰਤ ਤੇ ਬਦਲਾ ਲੈਣ ਦੀ ਭਾਵਨਾ ਹਿੰਦੂਆਂ ਅਤੇ ਮੁਸਲਮਾਨ ਦੋਨਾਂ ਵਰਗਾਂ ਵਿਚ ਪੈਦਾ ਹੋ ਗਈ। ਸ਼ੁੱਧੀ ਅਤੇ ਤਬਲਿਗ ਇਕ ਦੂਜੇ ਦੇ ਵਿਰੋਧੀ ਹੋ ਗਏ। ਆਰੀਆ ਸਮਾਜ ਦਾ ਸਭ ਤੋਂ ਮਹੱਤਵਪੂਰਨ ਕੰਮ ਸਮਾਜ ਦੇ ਪਿਛੜੇ ਹੋਏ ਵਰਗਾਂ ਨੂੰ ਉਪਰ ਚੁਕਣਾ ਸੀ। ਕਈ ਸਕੂਲ ਅਤੇ ਸਮਾਜ ਸੁਧਾਰ ਕੇਂਦਰ ਇਹਨਾਂ ਵਰਗਾਂ ਦੇ ਲੋਕਾਂ ਨੂੰ ਉਪਰ ਲਿਆਉਣ ਲਈ ਖੋਲ੍ਹੇ ਗਏ। ਕਈ ਇਹੋ ਜਿਹੀਆਂ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ, ਜਿਹਨਾਂ ਦਾ ਉਦੇਸ਼ ਤੇ ਕੰਮ ਛੂਤ-ਛਾਤ ਨੂੰ ਖਤਮ ਕਰਨਾ, ਸਿੱਖਿਆ ਦਾ ਪ੍ਰਚਾਰ ਕਰਨਾ ਤੇ ਲੋਕਾਂ ਦੇ ਸਮਾਜਿਕ, ਨੈਤਿਕ ਅਤੇ ਆਰਥਿਕ ਦ੍ਰਿਸ਼ਟੀ ਤੋਂ ਜੀਵਨ ਦਾ ਵਿਕਾਸ ਕਰਨਾ ਸੀ। ਇਸ ਤਰ੍ਹਾਂ ਆਰੀਆ ਸਮਾਜ ਸਮਾਜਿਕ ਸੁਧਾਰ ਅਤੇ ਵਿਕਾਸ ਦਾ ਇਕ ਮੋਢੀ ਅੰਦੋਲਨ ਬਣਿਆ ਜਿਸ ਨੂੰ ਅਗੇ ਚਲਕੇ ਮਹਾਤਮਾ ਗਾਂਧੀ ਨੇ ਵੱਡੀ ਪੱਧਰ ਤੇ ਚਲਾਇਆ। ਕਈ ਰੂੜੀਵਾਦੀ ਨੇਤਾਵਾਂ ਨੇ ਜਿਸ ਤਰ੍ਹਾਂ ਮਦਨ ਮੋਹਨ ਮਾਲਵੀਆ ਨੇ ਇਸ ਨੂੰ ਪੂਰੀ ਸਹਾਇਤਾ ਦਿੱਤੀ। ਆਰੀਆ ਸਮਾਜ ਦੇ ਇਹਨਾਂ ਯਤਨਾਂ ਰਾਹੀਂ ਅੱਗੇ ਚਲਕੇ ਸਾਡੇ ਸੰਵਿਧਾਨ ਵਿਚ ਹਰੀਜਨਾਂ ਲਈ ਖਾਸ ਸਥਾਨ ਦਿੱਤਾ ਗਿਆ।

**12. ਆਰੀਆ ਸਮਾਜ ਅਤੇ ਰਾਜਨੀਤੀ** :– ਜਦੋਂ ਤੋਂ ਆਰੀਆ ਸਮਾਜ ਦੀ ਸਥਾਪਨਾ ਹੋਈ

ਉਸ ਸਮੇਂ ਤੋਂ ਹੀ ਵਿਦੇਸ਼ੀ ਸ਼ਾਸਕਾਂ ਨੇ ਇਸ ਨੂੰ ਸ਼ੱਕ ਨਾਲ ਵੇਖਿਆ। ਇਸ ਦੇ ਬੋਲਣ ਦੀ ਸੁਤੰਤਰਤਾ ਅਤੇ ਰਾਸ਼ਟਰੀ ਦ੍ਰਿਸ਼ਟੀਕੋਣ ਜਿਹੜਾ ਉਨ੍ਹਾਂ ਨੇ ਸਮਾਜਿਕ ਅਤੇ ਧਾਰਮਿਕ ਸੁਧਾਰਾਂ ਰਾਹੀਂ ਲਿਆਂਦਾ ਅਤੇ ਆਪਣੀ ਮਦਦ ਆਪ ਕਰਨ ਦੀ ਆਦਤ, ਆਤਮ ਵਿਸ਼ਵਾਸਾਂ ਆਦਿ ਇਸ ਸਮਾਜ ਦੇ ਗੁਣਾਂ ਨੂੰ ਇਸ ਨੂੰ ਬ੍ਰਿਟਿਸ਼ ਸਰਕਾਰ ਦੀ ਅੱਖਾਂ ਦਾ ਰੋੜਾ ਬਣਾ ਦਿੱਤਾ। ਭਾਵੇਂ ਇਸ ਧਰਮ ਸੁਧਾਰ ਲਹਿਰ ਆਪਣੇ ਸੁਭਾਅ ਅਤੇ ਚਰਿੱਤਰ ਵਿਚ ਪੂਰੀ ਤਰ੍ਹਾਂ ਤੇ ਧਾਰਮਿਕ ਸੀ, ਫਿਰ ਵੀ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਸਮਾਜ ਵਿਚ ਸਰਕਾਰ ਵਿਰੋਧੀ ਤੱਤ ਸਨ। ਮੁਸਲਿਮ ਅਤੇ ਈਸਾਈ ਸਮਾਜ ਦੇ ਕੁਝ ਪ੍ਰਭਾਵਸ਼ਾਲੀ ਮੈਂਬਰਾਂ ਨੇ ਸਰਕਾਰ ਦੀ ਨਜ਼ਰ ਵਿਚ ਇਸ ਸਮਾਜ ਨੂੰ ਵਿਦਰੋਹੀ ਸਮਾਜ ਦੇ ਰੂਪ ਵਿੱਚ ਬਦਨਾਮ ਕੀਤਾ। ਕੁੱਝ ਮਹੱਤਵਪੂਰਨ ਆਰੀਆ ਸਮਾਜੀਆਂ ਜਿਸ ਵਿੱਚ ਲਾਲਾ ਲਾਜਪਤ ਰਾਏ ਅਤੇ ਭਾਈ ਪਰਮਾਨੰਦ ਸ਼ਾਮਿਲ ਸਨ, ਨੂੰ ਬ੍ਰਿਟਿਸ਼ ਵਿਰੋਧੀ ਮੰਨਿਆ ਗਿਆ। ਪਟਿਆਲਾ ਰਾਜ ਧ੍ਰੋਹ ਦੇ ਮੁਕੱਦਮੇ ਵਿੱਚ ਘੱਟੋ-ਘੱਟ 76 ਆਰੀਆ ਸਮਾਜੀਆਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ।

ਪੰਜਾਬ ਵਿਖੇ ਸ਼ੁਰੂ ਵਿਚ ਚਲਾਏ ਗਏ ਰਾਸ਼ਟਰੀ ਅੰਦੋਲਨ ਵਿਚ ਬਹੁਤ ਵੱਡੀ ਗਿਣਤੀ ਵਿਚ ਆਰੀਆ ਸਮਾਜੀਆਂ ਦੇ ਹਿੱਸਾ ਲੈਣ ਕਰਕੇ ਵੀ ਸਮਾਜ ਨੂੰ ਰਾਜ ਧਰੋਹੀ ਤੇ ਬਾਗੀ ਸਮਝਿਆ ਗਿਆ। ਆਰੀਆ ਸਮਾਜੀਆਂ ਨੂੰ ਸਖਤ ਨਿਗਰਾਨੀ ਹੇਠ ਰਖਿਆ ਗਿਆ। ਉਨ੍ਹਾਂ ਵਿਚੋਂ ਕਈਆਂ ਨੂੰ ਨੌਕਰੀਆਂ ਤੋਂ ਵੀ ਕੱਢ ਦਿੱਤਾ ਗਿਆ। ਕਈਆਂ ਨੂੰ ਜੇਲ੍ਹਾਂ ਵਿਚ ਪਾ ਦਿੱਤਾ ਗਿਆ ਅਤੇ ਕਈਆਂ ਨੂੰ ਦੇਸ਼-ਨਿਕਾਲਾ ਦੇ ਦਿੱਤਾ ਗਿਆ। ਆਰੀਆ ਸਮਾਜ ਦੇ ਉਦੇਸ਼ਾਂ ਅਤੇ ਕੰਮਾਂ ਬਾਰੇ ਕਾਫੀ ਲੰਮੇ ਸਮੇਂ ਤੱਕ ਸ਼ੱਕ ਬਣਿਆ ਰਿਹਾ। ਕੁਝ ਦੇਰ ਲਈ ਤਾਂ ਆਰੀਆ ਸਮਾਜ ਨੂੰ ਬ੍ਰਿਟਿਸ਼ ਸਰਕਾਰ ਦਾ ਇਕੱਲਾ ਹੀ ਸ਼ਿਕਾਰ ਬਣਨਾ ਪਿਆ। ਦੂਜੇ ਸ਼ਬਦਾਂ ਵਿਚ ਬ੍ਰਿਟਿਸ਼ ਸਰਕਾਰ ਨੇ ਆਰੀਆ ਸਮਾਜ ਨੂੰ ਹੀ ਖਤਮ ਕਰਨ ਲਈ ਆਪਣਾ ਸਾਰਾ ਧਿਆਨ ਲਾ ਦਿੱਤਾ। ਜਿਹੜੇ ਆਰੀਆ ਸਮਾਜੀ ਸਰਕਾਰੀ ਨੌਕਰੀਆਂ ਵਿਚ ਸਨ ਉਹਨਾਂ ਨੂੰ ਸਿਰਫ ਇਸ ਲਈ ਕੱਢ ਦਿੱਤਾ ਗਿਆ ਕਿਉਂਕਿ ਉਹ ਇਸ ਸਮਾਜ ਦੇ ਮੈਂਬਰ ਸਨ। ਕਈਆਂ ਨੂੰ ਆਰੀਆ ਸਮਾਜ ਨਾਲੋਂ ਆਪਣੇ ਸੰਬੰਧ ਤੋੜਨ ਲਈ ਮਜ਼ਬੂਰ ਕਰ ਦਿੱਤਾ ਗਿਆ। ਅੰਗ੍ਰੇਜ਼ੀ ਸਰਕਾਰ ਨੇ ਆਰੀਆ ਸਮਾਜ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਪ੍ਰਭਾਵਿਤ ਕਰਨ ਦਾ ਵੀ ਪੂਰਾ ਯਤਨ ਕੀਤਾ। ਇਹ ਉਹ ਆਰੀਆ ਸਮਾਜੀ ਸਨ ਜਿਨ੍ਹਾਂ ਤੇ ਬ੍ਰਿਟਿਸ਼ ਸਰਕਾਰ ਨੇ ਕਈ ਜੁਲਮ ਢਾਹੇ ਸਨ।

ਡੀ.ਏ.ਵੀ. ਕਾਲਜ ਸੈਕਸ਼ਨ ਨੇ ਹਮੇਸ਼ਾਂ ਤੋਂ ਬ੍ਰਿਟਿਸ਼ ਵਿਚਾਰਧਾਰਾ ਨੂੰ ਅਪਨਾਇਆ ਅਤੇ ਖੁਦ ਨੂੰ ਸਰਕਾਰ ਦਾ ਵਿਸ਼ਵਾਸ ਪਾਤਰ ਕਰਕੇ ਸਥਾਪਿਤ ਕੀਤਾ, ਪਰ ਗੁਰੂਕੁਲ ਪਾਰਟੀ ਨੇ ਆਪਣੀ ਆਜ਼ਾਦ ਨੀਤੀ ਅਪਣਾਈ। ਬਹੁਤ ਸਾਰੇ ਨੇਤਾਵਾਂ ਨੇ ਗਾਂਧੀ ਜੀ ਰਾਹੀਂ ਚਲਾਏ ਅਸਹਿਯੋਗ ਅੰਦੋਲਨ ਵਿਚ ਵਧ ਚੜ੍ਹਕੇ ਹਿੱਸਾ ਲਿਆ। ਰਾਜਨੀਤਿਕ ਉਤਾਰ ਚੜ੍ਹਾਅ ਦੇ ਬਾਵਜੂਦ ਵੀ ਪੰਜਾਬ ਵਿਚ ਆਰੀਆ ਸਮਾਜ ਨੇ ਬਹੁਤ ਹੀ ਮਹੱਤਵਪੂਰਣ ਕੰਮ ਕੀਤੇ। ਉਸ ਨੂੰ ਮੂਰਤੀ-ਪੂਜਾ ਦੇ ਖਿਲਾਫ ਅਤੇ ਇਕ ਈਸ਼ਵਰ ਤੇ ਜ਼ੋਰ ਦਿੱਤਾ। ਆਰੀਆ ਸਮਾਜ ਨੇ ਸਿੱਖਿਆ ਅਤੇ ਸਮਾਜ ਸੁਧਾਰ ਸੰਬੰਧੀ ਕੰਮ ਵੀ ਕੀਤੇ। ਆਰੀਆ ਸਮਾਜ ਰਾਹੀਂ ਜਾਤ-ਪਾਤ, ਛੂਤ-ਛਾਤ, ਬਾਲ-ਵਿਆਹ ਅਤੇ ਬ੍ਰਾਹਮਣਾਂ ਦੇ ਵਿਰੋਧ ਦੇ ਕੰਮਾਂ ਨੇ ਇਸ ਸੁਧਾਰ ਲਹਿਰਾਂ ਦੀ ਗਿਣਤੀ ਵਿਚ ਸਭ ਤੋਂ ਅੱਗੇ ਰਖਿਆ ਗਿਆ।

ਸੁਤੰਤਰਤਾ ਤੋਂ ਬਾਅਦ ਰਾਸ਼ਟਰੀ ਸਰਕਾਰ ਨੇ ਜਿਹੜੇ ਲੋਕ ਹਿਤਕਾਰੀ ਰਾਜ ਦੇ ਕੰਮ ਆਪਣੇ ਹੱਥ ਵਿਚ ਲਏ ਉਹਨਾਂ ਵਿਚ ਜ਼ਿਆਦਾ ਕੰਮ ਪਹਿਲਾਂ ਆਰੀਆ ਸਮਾਜ ਨੇ ਕਰਨੇ ਸ਼ੁਰੂ ਕਰ ਦਿੱਤੇ ਸਨ। ਹੁਣ ਇਹ ਸਰਕਾਰੀ ਏਜੰਸੀਆਂ ਦੇ ਥਾਂ ਵਿਚ ਚਲੇ ਗਏ ਹਨ। ਇਸ ਤਰ੍ਹਾਂ ਇਸ ਸਮਾਜ ਦੇ ਕੰਮਾਂ ਦਾ ਖੇਤਰ ਕਾਫ਼ੀ ਛੋਟਾ ਹੋ ਗਿਆ ਹੈ ਅਤੇ ਨਾਲ ਹੀ ਇਸ ਦੇ ਸਮੇਂ ਜਿਹੜੇ ਮੁੱਖ ਤੌਰ ਤੇ ਪਬਲਿਕ ਰਾਹੀਂ ਦਿੱਤੇ ਦਾਨ ਤੇ ਨਿਰਭਰ ਸਨ, ਉਹ ਵੀ ਘੱਟ ਹੋ ਗਏ ਹਨ।

ਅੱਜ ਕੱਲ ਹਿੰਦੂ ਸਮਾਜ 19ਵੀਂ ਸਦੀ ਦੇ ਸਮਾਜ ਤੋਂ ਬਿਲਕੁਲ ਅਲੱਗ ਕਿਸਮ ਦੀ ਸਾਡੇ ਸਾਹਮਣੇ ਤਸਵੀਰ ਪੇਸ਼ ਕਰਦਾ ਹੈ। ਜਿਸ ਵਿਸ਼ਵਾਸ ਨਾਲ ਹਿੰਦੂ ਪੱਛਮੀ ਵਿੱਚ ਆਪਣੇ ਧਰਮ ਦਾ ਪ੍ਰਚਾਰ ਕਰਦਾ, ਉਹ ਵਿਸ਼ਵਾਸ 19ਵੀਂ ਸਦੀ ਵਿੱਚ ਹਿੰਦੂਆਂ ਵਿੱਚ ਨਹੀਂ ਵੇਖਿਆ ਗਿਆ। ਹੁਣ ਹਿੰਦੂ ਧਰਮ ਬਿਲਕੁਲ ਬਦਲ ਗਿਆ ਹੈ। ਇਸ ਨੇ ਕੁੱਝ ਮੁੱਲਾਂ ਨੂੰ ਆਪਣੇ ਉਦੇਸ਼ ਦੇ ਰੂਪ ਵਿੱਚ ਅਪਣਾਇਆ। ਸੰਖੇਪ ਵਿੱਚ ਸਵਾਮੀ ਦਯਾਨੰਦ ਨੇ 19ਵੀਂ ਸਦੀ ਵਿੱਚ ਹਿੰਦੂਆਂ ਦੇ ਦ੍ਰਿਸ਼ਟੀਕੋਣ ਵਿੱਚ ਰੈਡੀਕੋਲ ਪਰਿਵਰਤਨ ਦੇ ਬੀਜ ਬੀਜੇ। ਆਰੀਆ ਸਮਾਜ ਦੇ

ਪ੍ਰਭਾਵ ਹੇਠ ਸਥਿਰ ਹਿੰਦੂ ਧਰਮ ਇਕ ਇਹੋ ਜਿਹੇ ਧਰਮ ਵਿੱਚ ਬਦਲ ਗਿਆ ਜਿਹੜਾ ਲਗਾਤਾਰ ਵਿਕਾਸ ਦੇ ਰਸਤੇ ਚਲਦੇ ਰਹਿ ਸਕਦਾ ਹੈ।

## ਆਪਣੇ ਗਿਆਨ ਨੂੰ ਪਰਖੋ

1. ਦਯਾਨੰਦ ਸਰਸਵਤੀ ਦਾ ਜਨਮ ________ਈ. ਵਿੱਚ _________ਵਿਖੇ ਹੋਇਆ।
2. ਦਯਾਨੰਦ ਸਰਸਵਤੀ ਦਾ ਅਸਲੀ ਨਾਂ ________ ਸੀ।
3. ਦਯਾਨੰਦ ਦੀ ਸਿੱਖਿਆ ਦਾ ਕੇਂਦਰ ਬਿੰਦੂ ________ ਹੈ।
4. ਸੁਆਮੀ ਦਯਾਨੰਦ ਬੰਬਈ ਆਏ ਅਤੇ ______ ਈ. ਵਿੱਚ ਆਰੀਆ ਸਮਾਜ ਦੀ ਸਥਾਪਨਾ ਕੀਤੀ।
5. _______ ਈ. ਵਿੱਚ ਲਾਹੌਰ ਇਸ ਨਵੇਂ ਅੰਦੋਲਨ ਦਾ ਹੈੱਡ ਕਵਾਟਰ ਬਣ ਗਿਆ।
6. ________ ਈ. ਤੱਕ ਪੂਰੇ ਪੰਜਾਬ ਵਿੱਚ ਆਰੀਆ ਸਮਾਜ ਦੀ ________ਸ਼ਾਖਾਵਾਂ ਸਥਾਪਿਤ ਹੋ ਗਈਆਂ।
7. ਕੁਮਾਰ ਸਭਾਵਾਂ ਤੋਂ ਭਾਵ ਸੀ ________।
8. 1947 ਈ. ਵਿੱਚ ਪੰਜਾਬ ਦੀ ਵੰਡ ਦੇ ਸਮੇਂ ਤੱਕ ਡੀ. ਏ. ਵੀ. ਕਾਲਜ ਲਾਹੌਰ ਇਸ ਪ੍ਰਾਂਤ ਵਿਖੇ _____ ਰਿਹਾ।
9. ~~_________ ਈ. ਵਿੱਚ ਆਰੀਆ ਸਮਾਜ ਦੋ ਕਾਰਣਾਂ ਕਰਕੇ ਦੋ ਹਿੱਸਿਆਂ ਵਿੱਚ ਵੰਡਿਆ ਗਿਆ।~~

### ਉੱਤਰ

(1) 1824, ਤਨਕਾਰਾ (2) ਮੂਲ ਸ਼ੰਕਰ, (3) ਤਰਕ (Rationalism), (4) 1875, (5) 1877, (6) 1928, 500, (7 ) ਨੌਜੁਆਨਾਂ ਦਾ ਆਰੀਆ ਸਮਾਜ, (8) ਮੁੱਖ ਕਾਲਜ, (9) 1892

### ਹੇਠ ਦਿੱਤੇ ਹਰ ਪ੍ਰਸ਼ਨਾਂ ਦੇ 40-50 ਸ਼ਬਦਾਂ ਵਿੱਚ ਉੱਤਰ ਦਿਉ :–

1. ਗੁਰੂ ਵਿਰਜਾਨੰਦ ਬਾਰੇ ਸੰਖੇਪ ਵਿੱਚ ਲਿਖੋ ?
2. ਸੁਵਾਮੀ ਦਯਾਨੰਦ ਦੇ ਮੁੱਢਲੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ ?
3. ਆਰੀਆ ਸਮਾਜ ਦੇ ਉਦੇਸ਼ ਬਾਰੇ ਲਿਖੋ।
4. ਨਵਾਂ ਮਿਸ਼ਨ ਤੋਂ ਤੁਸੀਂ ਕੀ ਸਮਝਦੇ ਹੋ ?
5. ਆਰੀਆ ਸਮਾਜ ਦੀ ਵੰਡ ਕਿਉਂ ਹੋਈ ?
6. ਆਰੀਆ ਸਮਾਜ ਦੀਆਂ ਕੋਈ ਦੋ ਸਮਾਜਿਕ ਪ੍ਰਾਪਤੀਆਂ ਦੱਸੋ।
7. ਆਰੀਆਂ ਸਮਾਜ ਨੇ ਧਾਰਮਿਕ ਖੇਤਰ ਵਿੱਚ ਮੁੱਖ ਕੀ ਕੰਮ ਕੀਤੇ ?
8. ਆਰੀਆ ਸਮਾਜ ਦੀ ਰਾਜਨੀਤੀ ਵਿੱਚ ਕੀ ਦਿਲਚਸਪੀ ਸੀ ?
9. ਆਰੀਆ ਸਮਾਜ ਦੀਆਂ ਸਿੱਖਿਆ ਸੰਬੰਧੀ ਪ੍ਰਾਪਤੀਆਂ ਬਾਰੇ ਲਿਖੋ।
10. ਸੁਵਾਮੀ ਦਇਆਨੰਦ ਦੀ ਰਚਨਾ ਦਾ ਮੂਲ ਮੰਤਰ ਲਿਖੋ।

### ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੀ ਇੱਕ ਪ੍ਰਸ਼ਨ ਦਾ 100 ਸ਼ਬਦਾਂ ਵਿੱਚ ਉੱਤਰ ਦਿਉ :–

1. ਆਰੀਆ ਸਮਾਜ ਦੀ ਦੇਣ ਬਾਰੇ ਤੁਸੀਂ ਕੀ ਜਾਣਦੇ ਹੋ ?
2. ਆਰੀਆ ਸਮਾਜ ਦੀ ਸਥਾਪਨਾ, ਇਸ ਦੇ ਸੰਗਠਨ ਉਦੇਸ਼ਾਂ ਬਾਰੇ ਲਿਖਦਿਆਂ ਹੋਇਆਂ ਇਹ ਦੱਸੋ ਕਿ ਇਸ ਦਾ ਦੇਸ਼ ਦੀ ਅਜ਼ਾਦੀ ਦੇ ਇਤਿਹਾਸ ਵਿੱਚ ਕੀ ਮਹੱਤਵ ਸੀ ?

ਪਾਠ ਨੰ : 2.7

## ਗੁਰਦੁਆਰਾ ਸੁਧਾਰ ਅੰਦੋਲਨ (1920–25 ਈ.)

ਗੁਰਦੁਆਰਾ ਸੁਧਾਰ ਲਹਿਰ 20ਵੀਂ ਸਦੀ ਦੇ ਸ਼ੁਰੂ ਦੀ ਇੱਕ ਮਹੱਤਵਪੂਰਣ ਲਹਿਰ ਸੀ ਜਿਸ ਨੇ ਰਾਸ਼ਟਰੀ ਆਜ਼ਾਦੀ ਦੇ ਅੰਦੋਲਨ ਉੱਤੇ ਬਹੁਤ ਹੀ ਮਹੱਤਵਪੂਰਣ ਅਤੇ ਡੂੰਘਾ ਅਸਰ ਪਾਇਆ। ਸਿੱਖ ਇਤਿਹਾਸ ਵਿਚ ਇਸ ਲਹਿਰ ਦਾ ਇਕ ਆਪਣਾ ਹੀ ਖਾਸ ਮਹੱਤਵ ਰਿਹਾ। ਇਸ ਲਹਿਰ ਨੂੰ ਅਸੀਂ ਹੇਠ ਲਿਖੇ ਕੁਝ ਸਿਰਲੇਖਾਂ ਹੇਠਾਂ ਲਿਖ ਰਹੇ ਹਾਂ।

1. ਭੂਮਿਕਾ
2. ਮਹੰਤਾਂ ਦਾ ਪਤਨ
3. ਸਿੱਖਾਂ ਨੂੰ ਸੁਧਾਰਨ ਲਈ ਇਕ ਗੁੱਟ ਦਾ ਬਣਨਾ
4. ਮਹੰਤਾਂ ਵਿਰੁੱਧ ਸੰਘਰਸ਼

4.1 ਹਰਿਮੰਦਰ ਅਤੇ ਅਕਾਲ ਤਖਤ, ਅੰਮ੍ਰਿਤਸਰ

4.2 ਬ੍ਰਿਟਿਸ਼ ਸਰਕਾਰ ਦੇ ਮਨ ਵਿਚ ਡਰ

5. ਸਿੱਖਾਂ ਦੀ ਬਦਨਾਮੀ
6. ਨਨਕਾਣਾ ਦਾ ਸਾਕਾ ਅਤੇ ਉਸਦਾ ਮਹੱਤਵ
7. ਹਰਿਮੰਦਰ ਦੇ ਤੋਸ਼ਖਾਨੇ ਦੀਆਂ ਚਾਬੀਆਂ ਬਾਰੇ ਸੰਘਰਸ਼

7.1 ਸਰਕਾਰੀ ਦਖਲ ਦੇਣ ਦੀ ਨੀਤੀ ਦਾ ਪ੍ਰਭਾਵ

7.2 ਸਰਕਾਰ ਦੀ ਨੀਤੀ ਵਿਚ ਪਰਿਵਰਤਨ

7.3 ਪੂਰੀ ਸਿੱਖ ਕੌਮ ਦੀ ਨਾਰਾਜ਼ਗੀ

8 ਗੁਰੂ ਕੇ ਬਾਗ ਦਾ ਮੋਰਚਾ

9. ਜੈਤੋਂ ਮੋਰਚਾ
10. ਗੁਰਦੁਆਰਾ ਬਿਲ।

**ਭੂਮਿਕਾ** : ਗੁਰਦੁਆਰਾ ਸੁਧਾਰ ਲਹਿਰ ਪੰਜਾਬ ਅਤੇ ਸਿੱਖ ਇਤਿਹਾਸ ਦੀ ਇਕ ਬਹੁਤ ਹੀ ਮਹੱਤਵਪੂਰਣ ਜਾਂ ਉਘੀ ਘਟਨਾ ਸੀ ਕਿਉਂਕਿ ਇਸ ਲਹਿਰ ਨੇ ਸਿੱਖਾਂ ਵਿਚ ਜ਼ੋਰਦਾਰ ਜਾਗ੍ਰਿਤੀ ਲਿਆ ਦਿੱਤੀ। ਇਸ ਲਹਿਰ ਨੂੰ ਅਕਾਲੀ ਲਹਿਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਕਿਉਂਕਿ ਆਜ਼ਾਦੀ ਸੁਧਾਰਕਾਂ ਦੇ ਜੱਥਿਆਂ ਨੇ ਇਸ ਲਹਿਰ ਨੂੰ ਸ਼ੁਰੂ ਕੀਤਾ ਸੀ। ਉਨ੍ਹਾਂ ਨੇ 1920 ਈ. ਵਿਚ ਇਸ ਲਹਿਰ ਨੂੰ ਸਿੱਖ ਗੁਰਦੁਆਰਿਆਂ ਨੂੰ ਗਲਤ ਅਤੇ ਗੈਰ ਸਿੱਖੀ ਮਾਮਲਿਆਂ ਤੋਂ ਮੁਕਤ ਕਰਵਾਉਣਾ ਸੀ। ਸਮੇਂ ਦੇ ਨਾਲ ਕਈ ਬੁਰਾਈਆਂ ਅਤੇ ਅਮਲ ਸਿੱਖ ਸਮਾਜ ਵਿਚ ਆ ਗਏ ਸਨ। ਸ਼ੁਰੂ ਸ਼ੁਰੂ ਵਿਚ ਗੁਰਦੁਆਰਾ ਦਾ ਪ੍ਰਬੰਧ ਬਾਬਾ ਬੁਢਾ ਅਤੇ ਭਾਈ ਮਨੀ ਸਿੰਘ ਜਿਹੇ ਮੰਨੇ ਪ੍ਰਮੰਨੇ ਸਿੱਖਾਂ ਰਾਹੀਂ ਹੁੰਦਾ ਸੀ। ਮੁਗਲ ਸ਼ਾਸਕਾਂ ਸਮੇਂ ਪੰਜਾਬ ਦੇ ਗਵਰਨਰਾਂ, ਅਬਦੁਲ ਸਮਦ ਖਾਂ, ਜ਼ਕਰੀਆਂ ਖਾਨ, ਯਹੀਆ ਖਾਨ ਅਤੇ ਮੀਰ ਮੰਨੂ ਜਿਹੇ ਵਿਅਕਤੀਆਂ ਨੇ ਸਿੱਖਾਂ ਤੇ ਜ਼ੁਲਮ ਢਾਹੇ। ਸਿੱਖਾਂ ਨੂੰ ਆਪਣੇ ਘਰ ਛੱਡਣ ਲਈ ਮਜ਼ਬੂਰ ਹੋਣਾ ਪਿਆ। ਕੁਝ ਮਹੱਤਵਪੂਰਣ ਗੁਰਦੁਆਰੇ ਉਦਾਸੀ ਮਹੰਤਾਂ ਦੇ ਕਬਜ਼ੇ ਵਿਚ ਆ ਗਏ । ਇਹ ਸਿੱਖੀ ਦਾ ਦਮ ਤਾਂ ਭਰਦੇ ਸਨ ਪਰ ਸਿੱਖੀ ਦੇ ਬਾਹਰੀ ਚਿੰਨ੍ਹਾਂ ਅਤੇ ਹੋਰ ਸਿਧਾਂਤਾਂ ਦਾ ਧਾਰਨ ਨਹੀਂ ਸਨ ਕਰਦੇ। ਸ਼ੁਰੂ ਵਿਚ ਉਨ੍ਹਾਂ ਨੂੰ ਸਿੱਖ ਸੰਗਤਾਂ ਦਾ ਵਿਸ਼ਵਾਸ ਅਤੇ ਸਹਿਯੋਗ ਪ੍ਰਾਪਤ ਸੀ।

**ਮਹੰਤਾਂ ਦੇ ਆਚਰਣਕ ਦੀ ਗਿਰਾਵਟ** : ਹੌਲੀ ਹੌਲੀ ਗੁਰਦੁਆਰਿਆਂ ਦੇ ਮਹੰਤਾਂ ਵਿਚ ਪਵਿੱਤਰਤਾ ਅਤੇ ਸੰਜਮ ਦੀ ਪ੍ਰੰਪਰਾ ਖਤਮ ਹੋਣ ਲਗ ਪਈ। ਇਸ ਦਾ ਮੁੱਖ ਕਾਰਨ ਗੁਰਦੁਆਰਿਆਂ ਦੀ ਆਮਦਨੀ ਵਿਚ ਤੀਬਰ ਵਾਧਾ ਸੀ। ਇਸ ਧਨ ਦੇ ਵਾਧੇ ਨੇ ਮਹੰਤਾਂ ਨੂੰ ਬੇਈਮਾਨ ਬਣਾ ਦਿੱਤਾ। ਇਨ੍ਹਾਂ ਗੁਰਦੁਆਰਿਆਂ ਨਾਲ ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਮਿਸਲਦਾਰਾਂ ਰਾਹੀਂ ਦਿੱਤੀ ਗਈ ਸੰਪਤੀ ਵੀ ਜੁੜੀ ਹੋਈ ਸੀ। ਗੁਰਦੁਆਰਿਆਂ ਦੀ ਆਮਦਨ ਨਾਲ ਮਹੰਤਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਆਪਣੇ ਜੀਵਨ ਦਾ ਢੰਗ ਬਦਲ ਦਿੱਤਾ। ਉਨ੍ਹਾਂ ਨੇ ਟਰੱਸਟ ਦੀ ਸੰਪਤੀ ਨੂੰ ਆਪਣੀ ਨਿਜੀ ਜਾਗੀਰ ਵਿਚ ਬਦਲ ਲਿਆ। 1849 ਈ. ਪਿਛੋਂ ਬ੍ਰਿਟਿਸ਼ ਅਧਿਕਾਰੀਆ ਨੇ ਜਦੋਂ ਪੰਜਾਬ ਉਤੇ ਕਬਜ਼ਾ ਕਰ ਲਿਆ ਅਤੇ ਇਥੋਂ ਦੇ ਸ਼ਾਸਨ ਦੀ ਵਾਗਡੋਰ ਵੀ ਅੰਗਰੇਜ਼ਾਂ ਦੇ ਹੱਥ ਵਿਚ ਆ ਗਈ ਤਾਂ ਉਨਾਂ ਨੇ ਮਹੰਤਾਂ ਦੇ ਕੰਮਾਂ ਵਿਚ ਕੋਈ ਵੀ ਦਖਲ ਨਹੀਂ ਸੀ ਦਿੱਤਾ, ਕਿਉਂਕਿ ਉਹ ਸਿੱਖਾਂ ਦੇ ਇਨ੍ਹਾਂ ਨੇਤਾਵਾਂ ਦੀ ਵਰਤੋਂ ਕਰਕੇ ਪੰਜਾਬ ਵਿਚ ਆਪਣੀ ਤਾਕਤ ਅਤੇ ਸਥਿਤੀ ਨੂੰ ਮਜ਼ਬੂਤ ਬਣਾਉਣਾ ਚਾਹੁੰਦੇ ਸਨ। ਅੰਗਰੇਜ਼ੀ ਸਰਕਾਰ ਦੀ ਸਰਪ੍ਰਸਤੀ ਹਾਸਿਲ ਕਰਕੇ, ਮਹੰਤਾਂ ਅਤੇ ਉਨ੍ਹਾਂ ਦੇ ਚੇਲਿਆਂ ਨੇ ਸਿੱਖਾਂ ਨੂੰ ਨਜ਼ਰ-ਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਗੁਰਦੁਆਰਿਆਂ ਦੇ ਅਹਾਤਿਆਂ ਵਿਚ ਵੀ ਹਰ ਕਿਸਮ ਦੇ ਬੁਰੇ ਅਮਲ ਕਰਨੇ ਸ਼ੁਰੂ ਕਰ ਦਿੱਤੇ। ਸਿੰਘ ਸਭਾ ਦੇ ਉਦਾਰਵਾਦੀ ਨੇਤਾਵਾਂ ਨੇ ਗੁਰਦੁਆਰਿਆਂ ਨੂੰ ਪਵਿੱਤਰ ਕਰਨ ਦੇ ਯਤਨ ਕੀਤੇ। ਪਰ ਇਸ ਕੰਮ ਵਿਚ ਉਨ੍ਹਾਂ ਨੂੰ ਕੋਈ ਖਾਸ ਸਫ਼ਲਤਾ ਪ੍ਰਾਪਤ ਨਹੀਂ ਸੀ ਹੋਈ।

**ਸਿੱਖਾਂ ਨੂੰ ਸੁਧਾਰਣ ਲਈ ਇੱਕ ਗੁੱਟ ਦਾ ਬਣਨਾ** : 20ਵੀਂ ਸਦੀ ਦੇ ਸ਼ੁਰੂ ਵਿਚ ਸਿੱਖਾਂ ਦੇ ਇਕ ਗੁੱਟ ਦੀ ਵਧਦੀ ਹੋਈ ਜਾਗ੍ਰਿਤੀ ਕਾਰਣ ਆਮ ਲੋਕਾਂ ਵਿਚ ਇਤਿਹਾਸਕ ਸਿੱਖ ਧਾਰਮਿਕ ਸਥਾਨਾਂ ਨੂੰ ਪਵਿੱਤਰ ਕਰਨ ਦਾ ਜੋਸ਼ ਪੈਦਾ ਹੋ ਗਿਆ। ਇਨ੍ਹਾਂ ਲੋਕਾਂ ਨੂੰ ਸਰਕਾਰੀ ਖੇਤਰਾਂ ਵਿਚ ਨਵੇਂ ਸਿੱਖ ਕਿਹਾ ਜਾਣ ਲਗ ਪਿਆ। ਹੁਣ ਗਰਮ ਧੜੇ ਦੇ ਸਿੱਖਾਂ ਨੇ ਧਾਰਮਿਕ ਥਾਵਾਂ ਦੀ ਬਦ-ਇੰਤਜ਼ਾਮੀ ਦੇ ਖਿਲਾਫ਼, ਆਪਣੀ ਆਵਾਜ਼ ਉਠਾਈ। ਉਨ੍ਹਾਂ ਨੇ ਅਖ਼ਬਾਰਾਂ, ਇਸ਼ਤਿਹਾਰਾਂ ਅਤੇ ਸਭਾਵਾਂ ਰਾਹੀਂ ਗੁਰਦੁਆਰਾ ਸੁਧਾਰ ਲਹਿਰ ਨੂੰ ਹੋਰ ਮਜ਼ਬੂਤ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਮਹੰਤਾਂ ਨੂੰ ਚਨੌਤੀ ਦਿੱਤੀ ਕਿ ਧਾਰਮਿਕ ਥਾਵਾਂ ਉਨ੍ਹਾਂ ਦੀ ਨਿਜੀ ਸੰਪਤੀ ਨਹੀਂ, ਸਗੋਂ ਉਹ ਸਾਰੀ ਸਿੱਖ ਕੌਮ ਦੀ ਜਾਇਦਾਦ ਹੈ। ਉਹ ਮਹੰਤ ਤਾਂ ਕੇਵਲ ਪੰਥ ਦੇ ਸੇਵਾਦਾਰ ਹੀ ਹਨ। ਸ਼ੁਰੂ ਵਿਚ ਇਨ੍ਹਾਂ ਧਾਰਮਿਕ ਥਾਵਾਂ ਨੂੰ ਕਾਨੂੰਨਾਂ ਰਾਹੀਂ ਇਨ੍ਹਾਂ ਸੁਧਾਰਕਾਂ ਨੇ ਆਜ਼ਾਦ ਕਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ। ਉਨ੍ਹਾਂ ਨੇ 1920 ਈ. ਦੇ ਧਰਮ ਐਕਟ (ਐਕਟ XIV) ਦੀ ਧਾਰਾ ਦੇ ਹੇਠ ਕੁਝ ਮਹੰਤਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ। ਪਰ ਇਸ ਕੰਮ ਵਿਚ ਬਹੁਤ ਜ਼ਿਆਦਾ ਅਦਾਲਤੀ ਫੀਸ ਅਤੇ ਅਨਿਸਚਿਤ ਰੂਪ ਵਿਚ ਦੇਰ ਲਗਦੀ ਸੀ। ਹੁਣ ਉਨ੍ਹਾਂ ਨੇ ਮਹੰਤਾਂ ਨੂੰ ਕੱਢਣ ਦਾ ਕੋਈ ਹੋਰ ਢੰਗ ਅਪਨਾਉਣਾ ਚਾਹਿਆ।

**ਮਹੰਤਾਂ ਖਿਲਾਫ ਸੰਘਰਸ਼** : ਸਭ ਤੋਂ ਪਹਿਲਾਂ ਉਨ੍ਹਾਂ ਨੇ ਮਹੰਤਾਂ ਦਾ ਸਮਾਜਿਕ ਬਾਈਕਾਟ ਕੀਤਾ। ਪਰ ਇਸ ਦਾ ਉਨ੍ਹਾਂ ਉਤੇ ਕੋਈ ਅਸਰ ਨਹੀਂ ਸੀ ਹੋਇਆ, ਕਿਉਂਕਿ ਧਾਰਮਿਕ ਸੰਸਥਾਵਾਂ ਨਾਲ ਲਗੀਆਂ ਜ਼ਮੀਨਾਂ ਤੋਂ ਮਹੰਤਾਂ ਨੂੰ ਭਾਰੀ ਆਮਦਨ ਹੁੰਦੀ ਸੀ। ਸਮਾਜਿਕ ਬਾਈਕਾਟ ਕਾਰਣ ਭਗਤਾਂ ਦੇ ਚੜ੍ਹਾਵਿਆਂ ਦੇ ਬੰਦ ਹੋਣ ਦਾ ਉਨ੍ਹਾਂ ਤੇ ਕੋਈ ਅਸਰ ਨਹੀਂ ਸੀ ਹੋਇਆ। ਇਨ੍ਹਾਂ ਦੋਹਾਂ ਤਰੀਕਿਆਂ ਨਾਲ ਪ੍ਰਭਾਵ ਨਾ ਪੈਣ ਦਾ ਜਦੋ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਤਾਂ ਸੁਧਾਰਕਾਂ ਨੇ ਖੁਦ ਸਥਾਨਿਕ ਅਕਾਲੀ ਜਥੇ ਦੇ ਰੂਪ ਵਿਚ ਸੰਗਠਿਤ ਕਰ ਲਿਆ ਅਤੇ ਭ੍ਰਸ਼ਟ ਮਹੰਤ ਅਤੇ ਉਨ੍ਹਾਂ ਦੇ ਸਾਥੀਆਂ ਦੇ ਅਧਿਕਾਰਾਂ ਤੋਂ ਧਾਰਮਿਕ ਥਾਵਾਂ ਨੂੰ ਅਲਗ ਕਰਨ ਲਈ ਸ਼ਾਂਤੀ ਪੂਰਨ ਅੰਦੋਲਨ ਦੇ ਹਥਿਆਰ ਦੀ ਵਰਤੋਂ ਕੀਤੀ। ਸੁਧਾਰ ਦੇ ਖੇਤਰ ਵਿਚ ਸਥਾਨਿਕ ਜਥਿਆਂ ਨੇ ਆਪਣੇ ਆਪਣੇ ਖੇਤਰਾਂ ਵਿਚ ਅੰਦੋਲਨ ਸ਼ੁਰੂ ਕੀਤਾ। ਪਰ ਛੇਤੀ ਬਾਅਦ ਹੀ ਸਿੱਖ ਦੀਆਂ ਜੋ ਪ੍ਰਤੀਨਿਧੀ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਸਥਾਪਿਤ ਹੋ ਗਈਆਂ। 1920-25 ਈ. ਦੌਰਾਨ ਇਨ੍ਹਾਂ ਸਿੱਖ ਸੰਸਥਾਵਾਂ ਨੇ ਨਾ ਕੇਵਲ ਲਗਭਗ ਸਾਰੇ ਮਹੱਤਵਪੂਰਣ ਸਿੱਖ ਧਰਮ ਸਥਾਨਾਂ ਤੇ ਸ਼ਾਂਤੀ ਪੂਰਣ ਅੰਦੋਲਨ ਅਤੇ ਚੁੱਪ ਚਾਪ ਦੁਖ ਸਹਿਣ ਦੇ ਤਰੀਕਿਆਂ ਰਾਹੀਂ ਆਪਣਾ ਕਬਜ਼ਾ ਕਰ ਲਿਆ, ਸਗੋਂ ਇਨ੍ਹਾਂ ਨੇ ਪੰਜਾਬ ਵਿਚ ਰਾਸ਼ਟਰੀ ਤਾਕਤਾਂ ਨੂੰ ਮਜ਼ਬੂਤ ਬਣਾਉਣ ਲਈ ਪੁਜਾਰੀਆਂ, ਮਹੰਤਾਂ, ਸਰਕਾਰ ਰਾਹੀਂ ਨਿਯੁਕਤ ਕੀਤੇ ਗਏ ਮੈਨੇਜਰਾਂ ਅਤੇ ਹੋਰ ਬ੍ਰਿਟਿਸ਼ ਪੱਖੀ ਲੋਕਾਂ ਨੂੰ ਬਾਹਰ ਕੱਢ ਦਿੱਤਾ। ਇਨ੍ਹਾਂ ਲੋਕਾਂ ਨੇ ਸਿੱਖ ਕੌਮ ਨੂੰ ਨਵੀਂ ਕਿਸਮ ਦੀ ਸੇਧ ਤੇ

ਅਗਵਾਈ ਦਿੱਤੀ।

**ਹਰਿਮੰਦਰ ਅਤੇ ਅਕਾਲ ਤਖਤ ਅੰਮ੍ਰਿਤਸਰ** : ਗੁਰਦੁਆਰਾ ਬਾਬੇ ਦੀ ਬੇਰ, ਸਿਆਲ ਕੋਟ ਉਤੇ ਕਬਜ਼ਾ ਕਰਨ ਮਗਰੋਂ ਅਕਾਲੀ ਜਥਿਆਂ ਨੂੰ ਸ਼ਾਂਤੀ ਪੂਰਨ ਅੰਦੋਲਨ ਰਾਹੀਂ ਆਪਣਾ ਧਿਆਨ ਹਰਿਮੰਦਰ ਸਾਹਿਬ ਵੱਲ ਲਾਇਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਇਹ ਧਰਮ ਸਥਾਨ ਸੋਨੇ ਨਾਲ ਸਜਾਏ ਗਏ ਸਨ। ਸਿੱਟੇ ਵਜੋਂ ਹਰਿਮੰਦਰ ਸਾਹਿਬ ਨੂੰ ਸਵਰਨ ਮੰਦਿਰ ਕਿਹਾ ਜਾਣ ਲੱਗਾ। ਹੁਣ ਇਕ ਜਾਗੀਰ ਇਸ ਮੰਦਰ ਨਾਲ ਲਗਾ ਦਿੱਤੀ ਗਈ ਜਿਸ ਤੇ ਸਰਕਾਰੀ ਮਾਲੀਆ ਮੁਆਫ ਸੀ। 1849 ਈ. ਵਿਚ ਪੰਜਾਬ ਬ੍ਰਿਟਿਸ਼ ਸੱਤਾਂ ਹੇਠ ਆ ਗਿਆ ਅਤੇ ਅੰਗਰੇਜ਼ੀ ਸਰਕਾਰ ਨੇ ਇਨ੍ਹਾਂ ਦੋਹਾਂ ਧਾਰਮਿਕ ਥਾਵਾਂ ਦੀ ਵਾਗਡੋਰ ਆਪਣੇ ਹੱਥ ਵਿਚ ਲੈ ਲਈ। ਇਨ੍ਹਾਂ ਦੇ ਪ੍ਰਬੰਧ ਲਈ ਦਸ ਮੈਂਬਰਾਂ ਦੀ ਇਕ ਕਮੇਟੀ ਨਿਯੁਕਤ ਕੀਤੀ ਗਈ ਅਤੇ ਇਸ ਕਮੇਟੀ ਦਾ ਇਕ ਪ੍ਰਧਾਨ ਥਾਪਿਆ ਗਿਆ।

ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਦੇ ਅਹਾਤੇ ਵਿਚ ਗ਼ੈਰ-ਸਿੱਖੀ ਗੱਲਾਂ ਹੁੰਦੀਆਂ ਸਨ। ਗੁਰਦੁਆਰਾ ਲਹਿਰ ਤੋਂ ਬਹੁਤ ਪਹਿਲਾਂ ਹੀ ਇਨ੍ਹਾਂ ਧਰਮ ਸਥਾਨਾਂ ਤੇ ਸਰਕਾਰੀ ਕੰਟਰੋਲ ਬਾਰੇ ਸਿੱਖਾਂ ਨੂੰ ਬਹੁਤ ਜ਼ਿਆਦਾ ਅਸੰਤੋਖ ਸੀ, ਜਦੋਂ ਕਿ ਸਿੱਖ ਸੁਧਾਰਕ ਇਨ੍ਹਾਂ ਕੇਂਦਰੀ ਸਿੱਖ ਧਰਮ ਸਥਾਨਾਂ ਨੂੰ ਬੁਰੇ ਪ੍ਰਭਾਵਾਂ ਅਤੇ ਸਰਕਾਰੀ ਕੰਟਰੋਲ ਤੋਂ ਛੇਤੀ ਤੋਂ ਛੇਤੀ ਮੁਕਤ ਕਰਵਾਉਣ ਲਈ ਚਿੰਤਾਵਾਨ ਸਨ। ਦੂਜੇ ਪਾਸੇ, ਬ੍ਰਿਟਿਸ਼ ਅਧਿਕਾਰੀ ਬੜੀ ਹੁਸ਼ਿਆਰੀ ਨਾਲ, ਸੁਧਾਰ ਦੀਆਂ ਕੋਸ਼ਿਸ਼ਾਂ ਜਾਂ ਪਹਿਲਾਂ ਤੋਂ ਚਲੇ ਆ ਰਹੇ ਪ੍ਰਬੰਧ ਸਿਸਟਮ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਰੋਕਣ ਦਾ ਉਪਰਾਲਾ ਕਰਨ ਲਗ ਪਏ ਸਨ।

**ਬ੍ਰਿਟਿਸ਼ ਸਰਕਾਰ ਦੇ ਡਰ** : ਸੁਧਾਰ ਦੇ ਸਿੱਟੇ ਵਜੋਂ ਸਿੱਖਾਂ ਦੇ ਧਾਰਮਿਕ ਸਥਾਨਾਂ ਦੀ ਵਰਤੋਂ ਜਾ ਦੁਰਵਰਤੋਂ ਕਰਨ ਦੇ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਤੋਂ ਵੰਚਿਤ ਹੋਣ ਦਾ ਡਰ ਸੀ। ਇਨ੍ਹਾਂ ਅਧਿਕਾਰਾਂ ਨਾਲ ਇਹ ਆਪਣੀ ਤਾਕਤ ਨੂੰ ਪੱਕਾ ਕਰਨ ਅਤੇ ਰਾਜਨੀਤਿਕ ਵਿਰੋਧੀਆਂ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਨ। ਇਨ੍ਹਾਂ ਸਰਕਾਰ ਰਾਹੀਂ ਨਿਯੁਕਤ ਭਾਈਆਂ ਨੂੰ ਗਦਰ ਲਹਿਰ ਦੇ ਬਹਾਦਰਾਂ ਦੇ ਖਿਲਾਫ ਹੁਕਮਨਾਮੇ ਜਾਰੀ ਕਰਨ ਲਈ ਮਜਬੂਰ ਕੀਤਾ ਗਿਆ। ਉਨ੍ਹਾਂ ਨੂੰ ਗਦਾਰ ਕਿਹਾ ਗਿਆ ਅਤੇ ਸਿੱਖਾਂ ਨੂੰ ਇਹ ਕਿਹਾ ਕਿ ਉਨ੍ਹਾਂ ਨੂੰ ਸ਼ਰਨ ਨਾ ਦਿੱਤੀ ਜਾਵੇ। 1919 ਈ. ਵਿਚ ਜਲ੍ਹਿਆਂ ਵਾਲਾ ਬਾਗ ਦੇ ਦੁਖਦ ਸਾਕੇ ਤੋਂ ਬਾਅਦ ਜਦ ਪੂਰਾ ਦੇਸ਼ ਡਾਇਰ ਦੀ ਅਣਮਨੁੱਖੀ ਕਾਰਵਾਈ ਦੀ ਨਿਖੇਧੀ ਕਰਨ ਵਿਚ ਲਗਿਆ ਹੋਇਆ ਸੀ ਤਾਂ ਉਸ ਸਮੇਂ ਅੰਮ੍ਰਿਤਸਰ ਦੇ ਹਰਿਮੰਦਰ ਦੇ ਸਰਕਾਰ ਰਾਹੀਂ ਨਿਯੁਕਤ ਕੀਤੇ ਮੈਨੇਜਰ ਅਰੂੜ ਸਿੰਘ ਨੇ ਡਾਇਰ ਨੂੰ ਹਰਿਮੰਦਰ ਵਿਚ ਆਉਣ ਦਾ ਸੱਦਾ ਦਿੱਤਾ। ਉਸ ਦਾ ਸਤਿਕਾਰ ਕੀਤਾ ਗਿਆ ਅਤੇ ਉਸ ਨੂੰ ਸਰੋਪਾ ਵੀ ਦਿੱਤਾ ਗਿਆ, ਅਤੇ ਡਾਇਰ ਨੂੰ ਸਿੱਖ ਦੱਸਿਆ ਗਿਆ। ਅਰੂੜ ਸਿੰਘ ਅਤੇ ਹੋਰ ਭਾਈਆਂ ਅਤੇ ਜਨਰਲ ਡਾਇਰ ਦੇ ਵਿਚਕਾਰ ਗਲਬਾਤ ਇਸ ਤਰ੍ਹਾਂ ਹੋਈ, ''ਸਾਹਿਬ !'', ਉਨਾਂ ਨੇ ਕਿਹਾ, ''ਨਿਕਲਸਨ ਸਾਹਿਬ ਸਿੱਖ ਬਣ ਗਏ ਸਨ। ਇਸ ਤਰ੍ਹਾਂ ਉਨ੍ਹਾਂ (ਡਾਇਰ) ਨੂੰ ਵੀ ਸਿੱਖ ਬਣ ਜਾਣਾ ਚਾਹੀਦਾ ਹੈ।'' ਡਾਇਰ ਨੇ ਸਤਿਕਾਰ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਕ ਬ੍ਰਿਟਿਸ਼ ਅਫਸਰ ਹੁੰਦੇ ਹੋਏ ਉਹ ਆਪਣੇ ਕੇਸ ਨਹੀਂ ਵਧਾ ਸਕਦਾ। ਇਸ ਤੇ ਅਰੂੜ ਸਿੰਘ ਹੱਸ ਕੇ ਬੋਲਿਆ ਅਸੀਂ ਤੁਹਾਨੂੰ ਲੰਬੇ ਵਾਲ ਨਾ ਰਖਣ ਦੀ ਇਜਾਜ਼ਤ ਦੇ ਦੇਵਾਂਗੇ। ਹੁਣ ਡਾਇਰ ਨੇ ਦੂਜਾ ਇਤਰਾਜ਼ ਰੱਖਿਆ ਕਿ ਉਹ ਤੰਬਾਕੂ ਪੀਣਾ ਨਹੀਂ ਛੱਡ ਸਕਦਾ। ਭਾਈ ਅਰੂੜ ਸਿੰਘ ਨੇ ਇਸ ਦੇ ਜਵਾਬ ਵਿਚ ਕਿਹਾ, ਅਸੀਂ ਤੁਹਾਨੂੰ ਹੌਲੀ ਹੌਲੀ ਛੱਡਣ ਦੀ ਇਜਾਜ਼ਤ ਦੇ ਦਿਆਂਗੇ। ''ਇਸ ਦਾ ਮੈਂ ਵਾਅਦਾ ਕਰਦਾ ਹਾਂ,'' ਜਨਰਲ ਡਾਇਰ ਨੇ ਕਿਹਾ ਕਿ ''ਮੈਂ ਸਾਲ ਵਿਚ ਇੱਕ ਸਿਗਰਟ ਦੀ ਦਰ ਨਾਲ ਸਿਗਰਟ ਪੀਣਾ ਛੱਡ ਦੇਵਾਂਗਾ।''

ਉਨ੍ਹਾਂ ਵਿਚ ਹੋਈ ਗੱਲ ਬਾਤ ਤੋਂ ਸਪੱਸ਼ਟ ਪਤਾ ਲਗਦਾ ਹੈ ਕਿ ਸਿੱਖ ਧਰਮ ਵਿਚ ਕਾਫੀ ਨਿਘਾਰ ਸੀ ਅਤੇ ਨਾਲ ਹੀ ਇਹ ਪਤਾ ਚਲਦਾ ਹੈ ਕਿ ਕੁਝ ਸਿੱਖ ਕਿਸ ਹੱਦ ਤਕ ਬ੍ਰਿਟਿਸ਼ ਸੱਤਾ ਦੇ ਵਫਾਦਾਰ ਸਨ। ਡਾਇਰ ਦੀ ਜੀਵਨੀ ਲਿਖਣ ਵਾਲੇ ਦੇ ਅਨੁਸਾਰ ਭਾਈ ਅਰੂੜ ਸਿੰਘ ਅਤੇ ਹੋਰ ਗ੍ਰੰਥੀ ਹੱਸਣ ਲੱਗ ਪਏ। ਉਨ੍ਹਾਂ ਨੇ ਡਾਇਰ ਅਤੇ ਬ੍ਰਿਗਸ ਨੂੰ ਪੰਜ ਕਕਾਰ ਭੇਟ ਕੀਤੇ ਜਿਹੜੇ ਖਾਲਸਾ ਭਾਈਚਾਰੇ ਦੇ ਚਿੰਨ੍ਹ ਸਨ ਅਤੇ ਇਸ ਤਰ੍ਹਾਂ ਉਨ੍ਹਾਂ ਦੋਹਾਂ ਨੂੰ ਸਿੱਖ ਬਣਾ ਦਿੱਤਾ।

**ਸਿੱਖਾਂ ਦੀ ਬਦਨਾਮੀ** : ਇਸ ਨਕਲੀ ਸਨਮਾਨ ਦੇ ਆਧਾਰ ਤੇ ਜਨਰਲ ਡਾਇਰ ਨੇ ਡੀਂਗ ਮਾਰੀ ਕਿ ਸਿੱਖ ਉਸ ਨੂੰ ਪ੍ਰਵਾਨ ਕਰਦੇ ਹਨ। ਇਸ ਨਾਲ ਸਿੱਖ ਕੌਮ ਨੂੰ ਕਲੰਕ ਪ੍ਰਾਪਤ ਹੋਇਆ। ਗੁਰਦੁਆਰਾ ਸੁਧਾਰ ਦੇ ਪੱਖੀਆਂ ਨੂੰ ਉਸ ਸਮੇਂ ਚਾਲੂ ਗੁਰਦੁਆਰਾ ਪ੍ਰਬੰਧ ਵਿਚ ਇਸ ਤਰ੍ਹਾਂ ਦੇ ਰੁਝਾਣ ਨੂੰ ਫੌਰੀ ਰੋਕਣ ਦੀ ਲੋੜ ਮਹਿਸੂਸ ਹੋਣ ਲਗ ਪਈ। ਅਕਾਲ ਤਖਤ ਦੇ ਭਾਈ, ਖਾਲਸਾ ਬਹਾਦਰੀ ਰਾਹੀਂ ਨਿਯੁਕਤ ਕੀਤੇ ਗਏ, ਨੀਵੀਂ ਜਾਤੀ ਦੇ ਅੰਮ੍ਰਿਤ ਛਕ ਕੇ ਸਿੰਘ ਬਣੇ ਮੈਂਬਰਾਂ ਦੇ ਹਰਿਮੰਦਰ ਸਾਹਿਬ ਵਿਚ ਦਾਖਲੇ ਵਿਰੁਧ ਸਨ ਤੇ ਨਾਰਾਜ਼ਗੀ ਪ੍ਰਗਟ ਕਰਨ ਲਈ ਇਸ ਤੋਂ ਬਾਹਰ ਚਲੇ ਗਏ। ਇਸ ਸਭ ਦਾ ਪ੍ਰਭਾਵ ਇਹ ਹੋਇਆ ਕਿ ਉਨ੍ਹਾਂ ਦਾ ਮਹੱਤਵਪੂਰਣ ਧਰਮ ਸੰਸਥਾਵਾਂ ਉਤੇ ਕਬਜ਼ਾ ਹੋ ਗਿਆ। ਇਸ ਤਰ੍ਹਾਂ ਉਨ੍ਹਾਂ ਨੇ ਇਨ੍ਹਾਂ ਦੋਹਾਂ ਧਰਮ ਸਥਾਨਾਂ ਦੇ ਪ੍ਰਬੰਧ ਲਈ ਇਕ ਪ੍ਰਗਤੀਵਾਦੀ ਨਵੀਂ ਕਮੇਟੀ ਨਿਯੁਕਤ ਕਰ ਦਿੱਤੀ।

**ਨਨਕਾਣਾ ਦਾ ਸਾਕਾ** : ਇਸ ਸੰਘਰਸ਼ ਦੇ ਸਦਕੇ ਅਧਿਕਾਰੀਆਂ ਨੇ ਲਗਭਗ ਸਾਰੇ ਪ੍ਰਮੁੱਖ ਸਿੱਖ ਧਾਰਮਿਕ ਸਥਾਨਾਂ ਉਤੇ ਆਪਣਾ ਕਬਜ਼ਾ ਕਰ ਲਿਆ, ਪਰ ਇਹ ਕੰਮ ਉਨ੍ਹਾਂ ਨੇ ਸ਼ਾਂਤੀ ਪੂਰਣ ਢੰਗ ਨਾਲ ਕੀਤਾ। ਪਰ ਨਨਕਾਣਾ ਦੀ ਦੁਰਘਟਨਾ ਨੇ ਅਕਾਲੀ ਲਹਿਰ ਵਿਚ ਨਵਾਂ ਮੋੜ ਲਿਆ ਦਿੱਤਾ। ਨਾਲ ਹੀ ਦੇਸ਼ ਦੀ ਆਜ਼ਾਦੀ ਲਈ ਜਦੋਂ ਜਹਿਦ ਨੂੰ ਨਵੇਂ ਸਿਰੋਂ ਉਤਸ਼ਾਹ ਪ੍ਰਾਪਤ ਹੋਇਆ। ਇਸ ਘਟਨਾ ਦਾ ਮਹੱਤਵ ਇਸ ਲਈ ਵੀ ਸੀ ਕਿਉਂਕਿ ਮਹੰਤ ਨਰਾਇਣ ਦਾਸ ਅਤੇ ਉਸ ਦੇ ਭਾੜੇ ਦੇ ਟੱਟੂਆਂ ਨੇ 138 ਅਕਾਲੀ ਸਿੱਖ ਜਥੇ ਨੂੰ ਮਾਰ ਦਿੱਤਾ। ਸਿੱਟੇ ਵਜੋਂ ਇਸ ਘਟਨਾਂ ਨੇ ਇਕ ਨਵਾਂ ਮੋੜ ਲਿਆ ਦਿਤਾ। ਇਹ ਮੋੜ ਅਕਾਲੀ ਸੰਘਰਸ਼ ਅਤੇ ਇਸ ਅੰਦੋਲਨ ਵਲ ਸਰਕਾਰੀ ਨੀਤੀ ਦੇ ਇਤਿਹਾਸ ਵਿਚ ਬਹੁਤ ਮਹੱਤਵ ਰਖਦਾ ਹੈ। ਨਨਕਾਣਾ ਦੇ ਸਾਕੇ ਵਿਚ ਬ੍ਰਿਟਿਸ਼ ਸਰਕਾਰੀ ਅਫ਼ਸਰਾਂ ਦੇ ਮੇਲ ਜੋਲ, ਖਾਸ ਤੌਰ ਤੇ ਲਾਹੌਰ ਡਵੀਜ਼ਨ ਦੇ ਕਮਿਸ਼ਨਰ, ਸੀ. ਐਸ. ਕਿੰਗ ਅਤੇ ਮਹੰਤ ਨਰਾਇਣ ਦਾਸ ਨੂੰ ਦਿੱਤੀ ਗਈ ਸਰਕਾਰੀ ਮਦਦ ਨੇ ਅਕਾਲੀ ਨੇਤਾਵਾਂ ਨੂੰ ਇਸ ਗੱਲ ਦਾ ਯਕੀਨ ਦਵਾਇਆ ਕਿ ਸਰਕਾਰੀ ਅਮਲਾ ਸਿੱਖਾਂ ਦੇ ਧਰਮ ਸਥਾਨਾਂ ਦੇ ਨਿੱਜੀ ਸਵਾਰਥਾਂ ਦੇ ਪੱਖ ਵਿਚ ਹੈ।

ਦੂਜੀ ਤਰਫ, ਭਾਰਤ ਸਰਕਾਰ ਨੇ ਪੰਜਾਬ ਸਰਕਾਰ ਦੇ ਸ਼ੁਰੂ ਤੋਂ ਹੀ ਮਜ਼ਬੂਤੀ ਅਤੇ ਇਕ ਸਾਰਤਾ ਨਾਲ ਅਕਾਲੀ ਅੰਦੋਲਨ ਨਾਲ ਨਾ ਨਜਿੱਠਣ ਦੀ ਨਖੇਧੀ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਸਥਾਨਕ ਅਧਿਕਾਰੀਆਂ ਨੇ ਇਸ ਘਟਨਾ ਨੂੰ ਰੋਕਣ ਲਈ ਲੋੜੀਂਦੇ ਕਦਮ ਨਹੀਂ ਚੁੱਕੇ। ਆਪਣੀ ਜ਼ਿੰਮੇਵਾਰੀ ਨੂੰ ਪੂਰਾ ਨਹੀਂ ਸੀ ਕੀਤਾ। ਅਕਾਲੀਆਂ ਨੂੰ ਤਾਕਤ ਰਾਹੀਂ ਦਬਾਉਣਾ, ਅਕਾਲੀ ਲਹਿਰ ਲਈ ਉਚਿਤ ਵਿਧਾਨ ਦੇ ਵਾਅਦੇ ਕਰਨਾ। ਸਰਕਾਰ ਦੀ ਨਵੀਂ ਨੀਤੀ ਸੀ। ਇਸ ਲਈ ਇਸ ਨਵੀਂ ਨੀਤੀ ਦੇ ਅਮਲ ਵਿਚ ਲਿਆਉਣ ਨਾਲ ਚਾਬੀਆਂ ਦੇ ਮਾਮਲੇ ਵਿਚ ਅੰਦੋਲਨ ਸ਼ੁਰੂ ਕੀਤਾ। ਕੁਝ ਕੁ ਦੇਰ ਮਗਰੋਂ ਗੁਰੂ ਕੇ ਬਾਗ ਅਤੇ ਅਕਾਲੀਆਂ ਨੇ ਨਾਭਾ ਦੀ ਸਿੱਖ ਸਟੇਟ ਵਿਚ ਜੈਤੋਂ ਦੇ ਸਥਾਨਾਂ ਉਤੇ ਸੰਘਰਸ਼ ਦੇ ਨਵੇਂ ਫਰੰਟ ਖੁਲ੍ਹ ਗਏ।

**ਹਰਿਮੰਦਰ ਸਾਹਿਬ ਦੇ ਤੋਸ਼ਖਾਨੇ ਦੀਆਂ ਚਾਬੀਆਂ ਬਾਰੇ ਸੰਘਰਸ਼** : ਅਕਾਲੀ ਸੁਧਾਰਕਾਂ ਨੇ ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਦੇ ਅਕਾਲ ਤਖਤ ਦਾ ਪ੍ਰਬੰਧ ਆਪਣ ਹੱਥ ਵਿਚ ਕਰ ਲਿਆ ਸੀ। ਇਨ੍ਹਾਂ ਦੋਹਾਂ ਦਾ ਪ੍ਰਬੰਧ ਕਰਨ ਲਈ ਜਿਥੇ ਆਰਜ਼ੀ ਕਮੇਟੀ ਬਣਾਈ ਗਈ ਇਸ ਦਾ ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆ ਐਸ.ਜੀ.ਪੀ.ਸੀ. ਦੇ ਹੇਠ ਪ੍ਰਬੰਧ ਲਈ ਨਵੀਂ ਬਣਾਈ ਗਈ ਕਮੇਟੀ ਦਾ ਸਕੱਤਰ ਸੀ. ਅਤੇ ਸਰਕਾਰ ਰਾਹੀਂ ਨਾਮਜ਼ਦ ਸਰਬ-ਰਾਹ ਸੀ, ਦੇ ਕਬਜ਼ੇ ਵਿਚ ਤੋਸ਼ਖਾਨੇ ਦੀਆਂ ਚਾਬੀਆਂ ਸਨ। ਧਾਰਮਿਕ ਅਸਥਾਨਾਂ ਓਤੇ ਪੂਰਾ ਕਬਜ਼ਾ ਰਖਣ ਲਈ ਐਸ.ਐਸ.ਪੀ. ਨੇ ਸਰਦਾਰ ਸੁੰਦਰ ਸਿੰਘ ਨੂੰ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਦੇਣ ਲਈ ਕਿਹਾ। ਇਸ ਤੋਂ ਪਹਿਲਾਂ ਕਿ ਉਹ ਕੁਝ ਕਰ ਸਕਦਾ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਇਸ ਕੰਮ ਨੂੰ ਰੋਕਣ ਲਈ ਐਕਸਟਰਾ ਅਸਿਸਟੈਂਟ ਕਮਿਸ਼ਨਰ ਨੂੰ ਰਾਮਗੜ੍ਹੀਆ ਤੋਂ ਚਾਬੀਆਂ ਲੈਣ ਲਈ ਭੇਜ ਦਿੱਤਾ।

**ਸਰਕਾਰੀ ਦਖਲ ਦੇਣ ਦੀ ਨੀਤੀ ਦਾ ਪ੍ਰਭਾਵ** : ਡਿਪਟੀ ਕਮਿਸ਼ਨਰ ਦੀ ਇਸ ਕਾਰਵਾਈ ਨੇ ਸਿੱਖਾਂ ਵਿਚ ਹਲਚਲ ਪੈਦਾ ਕਰ ਦਿੱਤੀ। ਉਹ ਤਾਂ ਪਹਿਲਾਂ ਹੀ ਨਨਕਾਣਾ ਦੇ ਸਾਕਾ ਅਤੇ ਇਸ ਮਾਮਲੇ ਵਿਚ ਸਰਕਾਰੀ ਦਖਲ ਵਜੋਂ ਨਰਾਜ਼ ਸਨ। ਸਰਕਾਰ ਰਾਹੀਂ ਚਾਬੀਆਂ ਲੈਣ ਮਗਰੋਂ ਅਖ਼ਬਾਰਾਂ ਅਤੇਂ ਸਭਾਵਾਂ ਰਾਹੀਂ ਅੰਦੋਲਨ ਦਾ ਇਕ ਦੌਰ ਫਿਰ ਤੋਂ ਸ਼ੁਰੂ ਹੋ ਗਿਆ। ਖਾਸ ਤੌਰ ਤੇ ਅਕਾਲੀ ਅਖ਼ਬਾਰਾਂ ਨੇ ਬੜੀ ਤੇਜ਼ੀ ਨਾਲ ਸਰਕਾਰ ਦੇ ਇਸ

ਕਦਮ ਵਿਰੁੱਧ ਪ੍ਰਤੀਕ੍ਰਿਆ ਵਿਖਾਈ। ਹੁਣ ਸਿੱਖਾਂ ਦੇ ਵੱਖ-ਵੱਖ ਵਰਗ ਅਕਾਲੀ ਲਹਿਰ ਨਾਲ ਹਮਦਰਦੀ ਪਹਿਲਾਂ ਤੋਂ ਕਿਧਰੇ ਜ਼ਿਆਦਾ ਰਖਣ ਲਗ ਪਏ। ਇਸ ਤੇ ਭਾਰਤ ਸਰਕਾਰ ਨੇ ਪੰਜਾਬ ਦੇ ਅਧਿਕਾਰੀਆਂ ਨੂੰ ਇਹ ਸਲਾਹ ਦਿੱਤੀ ਕਿ ਸਿੱਖਾਂ ਵਿਚ ਅਸਹਿਯੋਗ ਦੀ ਵਧਦੀ ਹੋਈ ਭਾਵਨਾ ਫੌਰੀ ਰੋਕਣ। ਇਸ ਲਈ ਇਕ ਉਪਾਅ ਇਹ ਸੀ ਕਿ ਪੰਜ ਜਾਂ ਛੇ ਨੇਤਾਵਾਂ, ਖਾਸ ਤੌਰ ਤੇ ਦਾਨ ਸਿੰਘ, ਜਸਵੰਤ ਸਿੰਘ ਉਤੇ ਮੁਕੱਦਮਾ ਚਲਾਇਆ ਜਾਵੇ। ਸਿੱਟੇ ਵਜੋਂ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰਾਂ ਨੂੰ ਅਸਹਿਯੋਗ ਲਹਿਰ ਦੇ ਨੇਤਾਵਾਂ ਨੂੰ ਬੰਦੀ ਬਣਾ ਲਿਆ, ਜਦੋਂ 26 ਸਤੰਬਰ, 1921 ਦੇ ਦਿਨ ਇਕ ਸਭਾ ਨੂੰ ਸੰਬੋਧਿਤ ਕਰ ਰਹੇ ਸਨ।

ਇਨ੍ਹਾਂ ਗ੍ਰਿਫ਼ਤਾਰੀਆਂ ਤੋਂ ਫੌਰੀ ਬਾਅਦ ਵਿਚ ਲੋਕਾਂ ਵਲੋਂ ਬਹੁਤ ਪ੍ਰਤੀਕ੍ਰਿਆ ਹੋਈ। ਜਦੋਂ ਇਹ ਖ਼ਬਰ ਅੰਮ੍ਰਿਤਸਰ ਪਹੁੰਚੀ, ਉਸ ਸਮੇਂ ਐਸ.ਜੀ.ਪੀ.ਸੀ. ਦੀ ਬੈਠਕ ਚਲ ਰਹੀ ਸੀ, ਉਸ ਨੂੰ ਖਤਮ ਕਰ ਦਿੱਤਾ ਗਿਆ। ਇਸ ਦੇ ਮੈਂਬਰਾਂ ਨੇ ਅਜ਼ਨਾਲਾ ਜਾ ਕੇ ਗ੍ਰਿਫ਼ਤਾਰ ਲੀਡਰਾਂ ਨੂੰ ਮਿਲਣ ਦਾ ਫੈਸਲਾ ਕੀਤਾ। ਪੰਜਾਹ ਮੈਂਬਰ ਇਕ ਦਮ ਅਜਨਾਲਾ ਪਹੁੰਚ ਗਏ ਅਤੇ ਪਹਿਲਾਂ ਤੋਂ ਚਲ ਰਹੇ ਦੀਵਾਨ ਦੀ ਕਾਰਵਾਈ ਜਾਰੀ ਰਹੀ। ਅਧਿਕਾਰੀਆਂ ਨੇ ਇਸ ਦੀਵਾਨ ਨੂੰ ਗੈਰ ਕਾਨੂੰਨੀ ਐਲਾਨ ਕਰ ਦਿੱਤਾ ਅਤੇ ਸਾਰੇ ਮੈਂਬਰਾਂ ਨੂੰ ਫੜ ਲਿਆ ਗਿਆ। ਪਰ ਸਰਕਾਰ ਨੂੰ ਆਪਣੀਆਂ ਯੋਜਨਾਵਾਂ ਵਿਚ ਸਫ਼ਲਤਾ ਨਹੀਂ ਮਿਲੀ, ਕਿਉਂਕਿ ਉਹ ਇਸ ਅੰਦੋਲਨ ਨੂੰ ਖਤਮ ਨਹੀਂ ਕਰ ਸਕੇ, ਸਗੋਂ ਇਹ ਅੰਦੋਲਨ ਹੋਰ ਵੀ ਤੇਜ਼ ਹੋ ਗਿਆ। ਇਕ ਮਤਾ ਪਾਸ ਕਰਕੇ ਐਸ.ਜੀ.ਪੀ.ਸੀ ਨੇ ਹਰ ਥਾਂ ਤੇ ਧਾਰਮਿਕ ਦੀਵਾਨ ਬੁਲਾਉਣ ਦੀ ਅਪੀਲ ਕੀਤੀ ਤੇ ਇਸ ਤਰ੍ਹਾਂ ਚਾਬੀਆਂ ਦੇ ਮਾਮਲੇ ਨੂੰ ਲੋਕਾਂ ਤੱਕ ਪਹੁੰਚਾਇਆ।

**ਸਰਕਾਰ ਦੀ ਨੀਤੀ ਵਿਚ ਤਬਦੀਲੀ** : ਜਦੋਂ ਸਰਕਾਰ ਨੇ ਮਹਿਸੂਸ ਕੀਤਾ ਕਿ ਦਬਾਉਣ ਦੀ ਨੀਤੀ ਨੇ ਲਹਿਰ ਕਮਜ਼ੋਰ ਕਰਨ ਦੀ ਥਾਂ ਤੇ ਮਜ਼ਬੂਤ ਬਣਾ ਦਿੱਤਾ ਅਤੇ ਅਕਾਲੀ ਪ੍ਰਾਂਤੀ ਸਤਰ ਅਤੇ ਕਾਂਗਰਸ ਦੇ ਅਸਹਿਯੋਗ ਪ੍ਰੋਗਰਾਮ ਵਿਚ ਸ਼ਾਮਿਲ ਹੋ ਗਏ ਤਾਂ ਉਸਨੇ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਪਹਿਲਾਂ ਕੁਝ ਨਰਮ ਦਲ ਦੇ ਸਿੱਖਾਂ ਦੀ ਇਕ ਕਮੇਟੀ ਬਣਾਈ ਜਿਸ ਨੂੰ ਗਲਬਾਤ ਰਾਹੀਂ ਚਾਬੀਆਂ ਦਿੱਤੀਆਂ ਜਾ ਸਕਣ। ਬਾਅਦ ਵਿਚ ਜਦੋਂ ਇਹ ਲੋਕ ਇਹ ਕੰਮ ਨਾ ਕਰ ਸਕੇ ਤਾਂ ਸਰਕਾਰ ਨੇ ਅਕਾਲੀ ਨੇਤਾਵਾਂ ਨਾਲ ਗੱਲਬਾਤ ਸ਼ੁਰੂ ਕੀਤੀ ਅਤੇ ਅਕਾਲੀ ਕੈਦੀਆਂ ਨੂੰ ਬਿਨਾਂ ਸ਼ਰਤ ਦੇ ਰਿਹਾ ਕਰ ਦਿੱਤਾ।

ਕਾਂਗਰਸ ਲੀਡਰਾਂ, ਜਿਨ੍ਹਾਂ ਵਿਚ ਦੀਵਾਨ ਨਾਥ ਵੀ ਸੀ, ਸਮੇਤ ਅਕਾਲੀ ਕੈਦੀਆਂ, ਬਿਨਾਂ ਕਿਸੇ ਸ਼ਰਤ ਤੇ ਰਿਹਾ ਕਰ ਦਿੱਤਾ ਅਤੇ ਇਕ ਗਜ਼ਟਿਡ ਅਫ਼ਸਰ ਨੂੰ ਡਿਪਟੀ ਕਮਿਸ਼ਨਰ ਨੇ ਐਸ.ਜੀ.ਪੀ.ਸੀ. ਦੇ ਪ੍ਰਧਾਨ ਬਾਬਾ ਖੜਕ ਸਿੰਘ ਕੋਲ ਚਾਬੀਆਂ ਦੇਣ ਲਈ ਭੇਜਿਆ। ਇਸ ਕੰਮ ਲਈ ਅਕਾਲ ਤਖਤ ਤੇ ਇਕ ਦੀਵਾਨ ਦਾ ਖਾਸ ਤੌਰ ਤੇ ਪ੍ਰਬੰਧ ਕੀਤਾ ਗਿਆ। ਇਸ ਪੂਰੀ ਘਟਨਾ ਦਾ ਉਸ ਸਮੇਂ ਇਕ ਯੂਰਪੀ ਲੇਖਕ ਨੇ ਇਹਨਾਂ ਸ਼ਬਦਾਂ ਵਿਚ ਵਰਣਨ ਕੀਤਾ, ''ਅੱਜ ਤਕ ਅਜਿਹੀ ਸ਼ਰਮਨਾਕ ਹਾਰ ਨਹੀਂ ਸੀ ਹੋਈ।'' ਇਸ ਤਰ੍ਹਾਂ ਸਰਕਾਰ ਦਾ ਸਨਮਾਨ ਪ੍ਰਬੰਧਕ ਕਮੇਟੀ ਦੇ ਅੱਗੇ ਮਿੱਟੀ ਵਿਚ ਮਿਲ ਗਿਆ। ਦੇਸ਼ ਦੇ ਰਾਸ਼ਟਰੀ ਲੀਡਰਾਂ ਨੇ ਜਿਹੜੇ ਸਰਕਾਰ ਦੇ ਖਿਲਾਫ਼ ਸ਼ੰਘਰਸ਼ ਵਿਚ ਅਕਾਲੀਆਂ ਦੀ ਸਹਾਇਤਾ ਕਰ ਰਹੇ ਸਨ, ਸਰਕਾਰ ਦੀ ਇਸ ਹੇਠੀ ਨੂੰ ਦੇਸ਼ ਦੀ ਰਾਸ਼ਟਰੀ ਸ਼ਕਤੀਆਂ ਦੀ ਨਿਸ਼ਚਿਤ ਜਿੱਤ ਮੰਨਿਆ। ਮਹਾਤਮਾ ਗਾਂਧੀ ਨੇ ਐਸ.ਪੀ.ਜੀ.ਸੀ. ਦੇ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਮੁਬਾਰਕ ਦੀ ਇਹ ਤਾਰ ਭੇਜੀ—''ਭਾਰਤ ਦੀ ਸੁਤੰਤਰਤਾ ਦੀ ਪਹਿਲੀ ਲੜਾਈ ਵਿਚ ਜਿੱਤ ਪ੍ਰਾਪਤ ਹੋਈ ਹੈ, ਵਧਾਈ ਹੋਵੇ।''

ਹੁਣ ਸਰਕਾਰ ਨੇ ਅਕਾਲੀਆਂ ਨੂੰ ਖੁਸ਼ ਕਰਨ ਤੇ ਉਹਨਾਂ ਦੇ ਅੰਦੋਲਨਾਂ ਨੂੰ ਬੰਦ ਕਰਾਉਣ ਦੀ ਖਾਤਿਰ ਆਪਣੇ ਹਥਿਆਰ ਸੁੱਟ ਦਿੱਤੇ। ਸਰਕਾਰ ਹਰ ਹਾਲਤ ਵਿਚ ਸਿੱਖਾਂ ਨੂੰ ਆਪਣੇ ਪ੍ਰਤੀ ਵਫ਼ਾਦਾਰ ਬਣਾਉਣਾ ਚਾਹੁੰਦੀ ਸੀ, ਇਸ ਲਈ ਉਹਨਾਂ ਵਲ ਉਦਾਰਤਾ ਦੀ ਨੀਤੀ ਅਪਣਾਈ ਅਤੇ ਆਪਣਾ ਪਹਿਲਾਂ ਵਾਲਾ ਰੁਖ਼ ਛੱਡ ਦਿੱਤਾ। ਅਕਾਲੀ ਲਹਿਰ ਦੇ ਜਿਨ੍ਹਾਂ ਨੇਤਾਵਾਂ ਨੂੰ ਅਦਾਲਤੀ ਮਾਮਲੇ ਨੇ ''ਰਾਜਨੀਤਿਕ ਕਾਰਵਾਈ'' ਅਤੇ ''ਸ਼ਾਸਕ ਦੇ ਵਿਰੁੱਧ ਰਾਜਧਰੋਹ'' ਦੇ ਜੁਰਮ ਦੇ ਆਧਾਰ ਤੇ ਸਖਤ ਸਜ਼ਾਵਾਂ ਸੁਣਾਈਆਂ ਗਈਆਂ ਸਨ। ਉਹਨਾਂ ਜੁਰਮਾਂ ਨੂੰ ਹੁਣ ''ਉਤੇਜਨਾ'' ਦਾ ਨਾਉਂ ਦਿੱਤਾ ਗਿਆ ਜਿਹੜੀ ਦਰਬਾਰ ਸਾਹਿਬ ਦੇ ਮਾਮਲੇ ਵਿਚ ਸਰਕਾਰੀ ਕਾਰਵਾਈ ਦੇ ਕਾਰਣ ਪੈਦਾ ਹੋਈ ਸੀ। ਇਸ ਨੂੰ ਕਾਨੂੰਨ ਦੀ ਹੁਕਮ ਅਦੂਲੀ ਦੇ ਕਿਸੇ ਸੰਘਰਸ਼ ਵਿਚ ਸ਼ਾਮਿਲ ਹੋਣ ਦੀ ਇੱਛਾ ਨਹੀਂ ਸੀ ਮੰਨਿਆ

ਗਿਆ। ਪਹਿਲਾਂ ਉਹਨਾਂ ਦੇ ਮੁਕਦਮੇ ਸਮੇਂ ਅਕਾਲੀ ਨੇਤਾਵਾਂ ਦੇ ਬਿਆਨਾਂ ਦੀ ਰੋਸ਼ਨੀ ਵਿਚ ਜੇਕਰ ਇਸ ਗੱਲ ਨੂੰ ਵੇਖਿਆ ਜਾਵੇ ਤਾਂ ਬਦਲਿਆ ਹੋਇਆ ਸਰਕਾਰੀ ਕਥਨ ਕਮਜ਼ੋਰ ਜਾਪਦਾ ਹੈ। ਨੇਤਾਵਾਂ ਨੇ ਇੱਕ ਤੋਂ ਜ਼ਿਆਦਾ ਵਾਰੀ ਐਲਾਨ ਕੀਤਾ ਸੀ ਕਿ ਉਹ ਲੋਕ ਅਸਹਿਯੋਗੀ ਸਨ ਅਤੇ ਆਪਣੇ ਬਚਾਉ ਲਈ ਕੁਝ ਕਾਰਨ ਲਈ ਤਿਆਰ ਨਹੀਂ ਸਨ ਕਿਉਂਕਿ ਉਹਨਾਂ ਨੂੰ ਵਿਦੇਸ਼ੀ ਸਰਕਾਰ, ਅਦਾਲਤਾਂ ਅਤੇ ਕਾਨੂੰਨ ਦੇ ਲਈ ਕੋਈ ਆਦਰ-ਸਨਮਾਨ ਨਹੀਂ ਸੀ। ਅਦਾਲਤ ਵਿਚ ਬਾਬਾ ਖੜਕ ਸਿੰਘ ਦਾ ਬਿਆਨ ਉਹਨਾਂ ਦੇ ਅਪਣੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰ ਦਿੰਦਾ ਹੈ, ''ਕਿਉਂਕਿ ਸਰਕਾਰ ਇਸ ਮੁਕੱਦਮੇ ਵਿਚ ਪਾਰਟੀ ਹੈ ਅਤੇ ਜੱਜ ਉਸ ਦਾ ਇਕ ਨੌਕਰ ਹੈ, ਇਸ ਲਈ ਮੈਂ ਕੋਈ ਬਿਆਨ ਨਹੀਂ ਦੇਣਾ ਚਾਹੁੰਦਾ। ਸਿੱਖ ਪੰਥ ਦੇ ਪ੍ਰਧਾਨ ਦੇ ਰੂਪ ਵਿਚ ਮੇਰੀ ਹੈਸੀਅਤ ਅਮਰੀਕਾ, ਫਰਾਂਸ ਅਤੇ ਜਰਮਨੀ ਦੇ ਪ੍ਰਧਾਨਾਂ ਵਰਗੀ ਹੈ।''

**ਪੂਰੀ ਸਿੱਖ ਕੌਮ ਦੀ ਸਰਕਾਰ ਨਾਲ ਨਾਰਾਜ਼ਗੀ** : ਸਾਰੀ ਸਿੱਖ ਕੌਮ ਸਿੱਖ ਧਾਰਮਿਕ ਸਥਾਨਾਂ ਦੇ ਸੁਧਾਰ ਲਈ ਸੰਘਰਸ਼ ਰਾਹੀਂ ਵਿਦੇਸ਼ੀ ਸੱਤਾ ਦੇ ਵਿਰੁੱਧ ਆਪਣੀ ਨਰਾਜ਼ਗੀ ਦੀ ਭਾਵਨਾ ਨੂੰ ਪ੍ਰਗਟ ਕਰ ਰਹੀ ਸੀ। ਇਸ ਗੱਲ ਦਾ ਪਤਾ ਸਾਨੂੰ ਹੋਰ ਅਕਾਲੀ ਨੇਤਾਵਾਂ ਦੇ ਬਿਆਨਾਂ ਤੋਂ ਚਲਦਾ ਹੈ। ਉਹਨਾਂ ਦੇ ਬਿਆਨਾਂ ਦਾ ਅਧਿਐਨ ਕਰਨ ਤੋਂ ਬਾਅਦ ਸਾਨੂੰ ਇਸ ਗੱਲ ਦਾ ਪਤਾ ਚਲਦਾ ਹੈ ਕਿ ਉਹਨਾਂ ਵਿਚ ਸਰਕਾਰ ਵਿਰੁੱਧ ਭਾਵਨਾਵਾਂ ਕਿਤਨੀਆਂ ਤੇਜ਼ੀ ਨਾਲ ਫੈਲ ਗਈਆਂ। ਅਦਾਲਤ ਵਿਚ ਬਿਆਨਾਂ ਦੇ ਦੌਰਾਨ ਇਹਨਾਂ ਨੇਤਾਵਾਂ ਨੇ ਇਹ ਵਿਚਾਰ ਦਿੱਤਾ ''ਅਸੀਂ ਇਸ ਮੌਜੂਦਾ ਸਰਕਾਰ ਨੂੰ ਕੋਈ ਮਹੱਤਤਾ ਨਹੀਂ ਦਿੰਦੇ ਅਤੇ ਨਾ ਹੀ ਅਸੀਂ ਅਦਾਲਤ ਨੂੰ ਮੰਨਦੇ ਹਾਂ, ਕਿਉਂਕਿ ਇਹ ਸਰਕਾਰੀ ਹਨ ਅਤੇ ਸਰਕਾਰ ਸ਼ਕਤੀ ਦੇ ਨਸ਼ੇ ਵਿਚ ਪਾਗਲ ਹੋ ਚੁੱਕੀ ਹੈ।''

ਇਹ ਸੀ ਨਾ-ਫਰਮਾਨੀ ਦੀ ਭਾਵਨਾ ਜਿਹੜੀ ਅਕਾਲੀਆਂ ਰਾਹੀਂ ਸ਼ੁਰੂ ਕੀਤੇ ਗਏ ਗੁਰਦੁਆਰਾ ਸੁਧਾਰ ਅੰਦੋਲਨ ਵਿਚ ਕੰਮ ਕਰ ਰਹੀ ਸੀ। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਵਿਚ ਲੋਕਾਂ ਦੇ ਮਨ ਤੇ ਸਰਕਾਰ ਅਤੇ ਉਸ ਦੀਆਂ ਅਦਾਲਤਾਂ ਦਾ ਕੋਈ ਡਰ ਨਹੀਂ ਸੀ ਰਿਹਾ। ਸਿੱਖਾਂ ਨੂੰ ਉਹਨਾਂ ਦੇ ਆਪਣੇ ਪੱਖ ਵਿਚ ਲਿਆਉਣ ਦੀ ਖਾਤਿਰ ਸਰਕਾਰ ਦੇ ਮਿੱਤਰਤਾ ਦੇ ਸੰਬੰਧ ਜਿਹੜੇ ਪਹਿਲਾਂ ਸਨ ਅਗੇਂ ਲਈ ਸਰਕਾਰ ਅਤੇ ਕੌਮ ਦੇ ਹਿੱਤ ਵਿਚ ਬੇਰੋਕ ਜਾਰੀ ਰਹਿਣਗੇ, ਫੋਕੇ ਬਣ ਕੇ ਰਹਿ ਗਏ। ਮਿੱਤਰਤਾ ਅਤੇ ਸਦ ਭਾਵਨਾ ਦਾ ਪ੍ਰਗਟਾਵਾ ਅਕਾਲੀ ਨੇਤਾਵਾਂ ਨੂੰ ਹੁਣ ਧੋਖੇ ਵਿਚ ਨਹੀਂ ਸੀ ਰਖ ਸਕਿਆ। ਸਿੱਖ ਕੌਮ ਆਪਣੀ ਨੀਂਦ ਵਿਚੋਂ ਦੀ ਜਾਗ ਪਈ ਸੀ। ਅੰਮ੍ਰਿਤਸਰ ਜਾਣ ਵਾਲੇ ਸੜਕ ਜਾਂ ਰੇਲ ਗੱਡੀ ਰਾਹੀਂ ਜਥਿਆਂ ਨੂੰ ਰੋਕਣ ਦੇ ਪੂਰੇ ਪ੍ਰਬੰਧ ਵੀ ਕੀਤੇ ਗਏ। ਮਿ. ਜੇ. ਐਸ. ਦੁਨੇਟ, ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਨੇ ਅਕਾਲੀਆਂ ਨੂੰ ਜਿਹੜੇ ਗੁਰੂ ਕੇ ਬਾਗ ਵਿਚ ਇਕੱਠੇ ਹੋਏ ਸਨ, ਉਹਨਾਂ ਨੂੰ ਗੈਰ-ਕਾਨੂੰਨੀ ਐਲਾਨ ਕਰ ਦਿੱਤਾ। ਭੇਜਣ ਵਾਲਿਆਂ ਅਤੇ ਸਪਲਾਈ ਕਰਨ ਵਾਲਿਆਂ ਨੂੰ ਚੇਤਾਵਨੀ ਦਿੱਤੀ ਗਈ ਕਿ ਉਹ ਇੰਡੀਅਨ ਪੀਨਲ ਕੋਡ ਦੇ ਸੈਕਸ਼ਨ ਦੇ ਅਧੀਨ ਇਕ ਮਦਾਖਲਤ ਯੋਗ ਜੁਰਮ ਦੀ ਕਾਰਵਾਈ ਵਿਚ ਰੁਝੇ ਹੋਏ ਸਨ। ਉਹਨਾਂ ਨੂੰ ਅਜਿਹਾ ਕਰਨ ਤੋਂ ਸਰਕਾਰ ਨੇ ਰੋਕਿਆ। ਮੈਜਿਸਟਰੇਟ ਨੇ ਅਪਰ-ਬਾਰੀ ਦੁਆਬ ਦੀ ਲਾਹੌਰ ਬ੍ਰਾਂਚ ਦੇ ਰਾਨੇਵਾਨਾਂ ਅਤੇ ਛੀਕੇਵਾਲਾ ਪੁਲਾਂ ਤੇ ਤੈਨਾਤ ਪੁਲਿਸ ਅਫ਼ਸਰਾਂ ਦੇ ਦਸਤੇ ਨੂੰ ਹੁਕਮ ਦਿੱਤਾ ਕਿ ਗੁਰੂ ਦਾ ਬਾਗ ਦੀ ਗੈਰ ਕਾਨੂੰਨੀ ਸਭਾ ਨੂੰ ਅਜਿਹੀ ਢੋ-ਢੁਆਈ ਨੂੰ ਰੋਕ ਦੇਣ।

ਸਰਕਾਰ ਨੇ ਰੋਕਥਾਮ ਦੇ ਇਹਨਾ ਤਰੀਕਿਆਂ ਤੋਂ ਇਲਾਵਾ ਅਕਾਲੀ ਲਗਾਤਾਰ ਗੁਰੂ ਕੇ ਬਾਗ ਵਲ ਆਉਂਦੇ ਚਲੇ ਗਏ। ਅਕਾਲ ਤਖਤ, ਅੰਮ੍ਰਿਤਸਰ ਤੇ ਅਹਿੰਸਾ ਦੀ ਸਹੁੰ ਚੁਕਣ ਤੋਂ ਬਾਅਦ ਹਰ ਦਿਨ 50 ਜਾਂ 60 ਅਤੇ ਕਦੇ 200 ਦੇ ਜਥਿਆਂ ਨੂੰ ਪੁਲਿਸ ਅਫ਼ਸਰ ਰੋਕ ਕੇ ਡਾਂਗਾਂ ਨਾਲ ਇੰਜ ਕੁਟਦੇ ਸਨ ਕਿ ਜਾਂ ਤਾਂ ਉਹ ਬੇਹੋਸ਼ ਹੋ ਜਾਂਦੇ ਸਨ ਜਾਂ ਉਹ ਆਪਣੀਆਂ ਲੱਤਾਂ ਤੇ ਖੜੇ ਹੋਣ ਦੇ ਕਾਬਿਲ ਨਹੀਂ ਰਹਿੰਦੇ ਸਨ ਤਾਂ ਜੋ ਉਹ ਗੁਰੂ ਕੇ ਬਾਗ ਦੀ ਤਰਫ ਤੁਰ ਕੇ ਨਾ ਜਾ ਸਕਣ।

ਹੁਣ ਸਰਕਾਰ ਦਿੱਲੀ ਤੇ ਲੰਡਨ ਵਿਚ ਤਿੰਨ ਗੱਲਾਂ ਤੋਂ ਬਹੁਤ ਹੀ ਡਰ ਗਈ। ਸਰਕਾਰੀ ਨੀਤੀ ਅਤੇ ਜ਼ਿਆਦਤੀ ਦੀ ਭਾਰਤੀ ਅਤੇ ਵਦੇਸ਼ੀ ਪ੍ਰੈਸ ਰਾਹੀਂ ਆਲੋਚਨਾ, ਭਾਰਤੀ ਫੌਜ ਦੇ ਸਿਪਾਹੀਆਂ ਤੇ ਇਸ ਤਰ੍ਹਾਂ ਦੇ ਕੁਟਾਪੇ ਦੇ ਮਾੜੇ ਪ੍ਰਭਾਵ ਦੀ ਗੁਪਤ ਰਿਪੋਰਟ ਅਤੇ ਗੁਰੂ ਦੇ ਬਾਗ ਵਿਚ ਹੋਈ ਸਰਕਾਰੀ ਕਾਰਵਾਈ ਤੇ ਨਰਮ ਵਿਚਾਰ ਵਾਲੇ ਸਿੱਖਾਂ ਦੀ ਹਿਮਾਇਤ ਦੇ ਖਤਮ ਹੋਣ ਦੇ ਡਰ ਤੋਂ ਪੰਜਾਬ ਸਰਕਾਰ ਤਾਂ ਬਹੁਤ ਹੀ ਜ਼ਿਆਦਾ ਡਰ

ਗਈ ਸੀ। ਹੁਣ ਬ੍ਰਿਟਿਸ਼ ਕਿਸੇ ਵੀ ਤਰ੍ਹਾਂ ਇਸ ਮੁਸੀਬਤ ਵਿਚੋਂ ਨਿਕਲਣਾ ਚਾਹੁੰਦੇ ਸਨ ਕਿਉਂਕਿ ਉਹ ਹੋਰ ਬੇਇਜ਼ਤੀ ਬਰਦਾਸ਼ਤ ਨਹੀਂ ਸਨ ਕਰਨਾ ਚਾਹੁੰਦੇ। ਖੁਸ਼ ਕਿਸਮਤੀ ਨਾਲ ਬਚਣ ਦਾ ਇੱਕ ਢੰਗ ਛੇਤੀ ਹੀ ਮਿਲ ਗਿਆ, ਜਦੋਂ ਇਕ ਰਿਟਾਇਰਡ ਇੰਜੀਨੀਅਰ ਰਾਏ ਬਹਾਦਰ ਸਰ ਗੰਗਾ ਰਾਮ ਨੇ ਆਪਣੀ ਮਦਦ ਮਹੰਤ ਤੋਂ ਝਗੜੇ ਦੀ ਜ਼ਮੀਨ ਦੇ ਲੀਜ਼ ਹਾਸਿਲ ਕਰਕੇ ਅਤੇ ਅਕਾਲੀਆਂ ਨੂੰ ਲਕੜੀ ਕੱਟਣ ਦੀ ਇਜਾਜ਼ਤ ਦੇ ਦਿੱਤੀ। ਜਦੋਂ ਸਰ ਗੰਗਾ ਰਾਮ ਨੇ ਡਿਪਟੀ ਕਮਿਸ਼ਨਰ ਨੂੰ ਖਬਰ ਭੇਜੀ ਕਿ ਪੁਲਿਸ ਦੀ ਕੋਈ ਲੋੜ ਨਹੀਂ ਤਾਂ ਪੁਲਿਸ ਨੂੰ ਫੌਰੀ ਵਾਪਸ ਬੁਲਾ ਲਿਆ ਗਿਆ। ਘੇਰੇ ਦੇ ਚਾਰੇ ਪਾਸੇ ਲਗੀ ਕੰਡਿਆਂ ਵਾਲੀ ਤਾਰ ਵੀ ਹਟਾ ਦਿੱਤੀ ਗਈ। ਅਕਾਲੀਆਂ ਨੇ ਉਸ ਥਾਂ ਤੇ ਕਬਜ਼ਾ ਕਰ ਲਿਆ ਜਿਹੜੀ ਗੁਰੂ ਦੇ ਬਾਗ ਨਾਲ ਲਗੀ ਹੋਈ ਸੀ। ਇਸ ਤਰ੍ਹਾਂ ਅਕਾਲੀਆਂ ਅਤੇ ਸਰਕਾਰ ਦੇ ਵਿਚਕਾਰ ਲੰਬੇ ਸਮੇਂ ਤੋਂ ਚਲਿਆ ਆ ਰਿਹਾ ਸੰਘਰਸ਼ ਸਮਾਪਤ ਹੋ ਗਿਆ। ਇਸ ਸੰਘਰਸ਼ ਵਿਚ 5000 ਅਕਾਲੀ ਜੇਲ੍ਹਾਂ ਵਿਚ ਗਏ ਅਤੇ ਲਗਭਗ 1500 ਬੁਰੀ ਤਰ੍ਹਾਂ ਫੱਟੜ ਹੋਏ।

**ਪੰਜਾਬ ਦੀਆਂ ਰਿਆਸਤਾਂ ਵਿਚ ਸੰਘਰਸ਼** : ਇਹਨਾਂ ਰਿਆਸਤਾਂ ਵਿਚ ਅਕਾਲੀਆਂ ਦੇ ਸੰਘਰਸ਼ ਬ੍ਰਿਟਿਸ਼ ਸਰਕਾਰ ਨੇ ਉਹਨਾਂ ਨੂੰ ਗੈਰ-ਕਾਨੂੰਨੀ ਸੰਸਥਾਵਾਂ ਕਰਾਰ ਦਿੱਤਾ। ਵੱਡੇ-ਵੱਡੇ ਨੇਤਾਵਾਂ ਨੂੰ ਸ਼ਾਸਕਾਂ ਦੇ ਖਿਲਾਫ਼ ਰਾਜ ਧਰੋਹ ਦੇ ਅਪਰਾਧ ਤੇ ਗ੍ਰਿਫ਼ਤਾਰ ਕਰ ਲਿਆ। ਇਥੇ ਵੀ ਅਕਾਲੀਆਂ ਨੂੰ ਜਿਨ੍ਹਾਂ ਨੇ ਸੰਘਰਸ਼ ਦੇ ਸ਼ੁਰੂ ਵਿਚ ਤਾਕਤਵਰ ਸਰਕਾਰੀ ਅਮਲੇ ਨੂੰ ਨੀਵਾਂ ਵਿਖਾਉਣਾ ਸੀ, ਸਿੱਖਾਂ ਦੇ ਅੰਦੋਲਨ ਨੂੰ ਕੁਚਲਣ ਦੀ ਸਰਕਾਰੀ ਨੀਤੀ, ਦੇ ਸਭ ਤੋਂ ਸਖਤ ਇਮਤਿਹਾਨ ਵਿਚੋਂ ਦੀ ਗੁਜ਼ਰਨਾ ਪਿਆ। ਇਸ ਕੰਮ ਵਿਚ ਸਰਕਾਰ ਨੇ ਸਿੱਖਾਂ ਦੀਆਂ ਸੰਸਥਾਵਾਂ ਅਤੇ ਸੰਗਠਨਾਂ, ਸਿੱਖ ਪ੍ਰਿੰਸ, ਖਾਸ ਤੌਰ ਤੇ ਪਟਿਆਲਾ ਦਾ ਮਹਾਰਾਜਾ ਭੁਪਿੰਦਰ ਸਿੰਘ, ਫੌਜੀ ਸਿੱਖ ਸੁਧਾਰ ਅਤੇ ਜੇਲ੍ਹ ਕਮੇਟੀਆਂ ਜਿਨ੍ਹਾਂ ਵਿਚ ਸਿੱਖ ਕੌਮ ਦੇ ਸਰਕਾਰੀ ਵਫਾਦਾਰ ਅਤੇ ਹੋਰ ਨਿਹਿਤ ਸੁਆਰਥ ਸ਼ਾਮਲ ਸਨ, ਬ੍ਰਿਟਿਸ਼ ਸਰਕਾਰ ਦੀ ਮਦਦ ਲਈ ਅਤੇ ਲੋਕ ਲਹਿਰ ਨੂੰ ਕਮਜ਼ੋਰ ਕਰਨ ਲਈ ਸਰਕਾਰੀ ਕੋਸ਼ਿਸ਼ਾਂ ਵਿਚ ਸ਼ਾਮਿਲ ਹੋ ਗਏ।

ਇਸ ਇਲਾਕੇ ਵਿਚੋਂ ਅਕਾਲੀ ਲਹਿਰ ਜਾਂ ਸੰਘਰਸ਼ ਉਸ ਸਮੇਂ ਸ਼ੁਰੂ ਹੋਈ ਜਦੋਂ ਅਕਾਲੀ ਨੇਤਾਵਾਂ ਨੇ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਉਸਦੀ ਰਾਜ ਗੱਦੀ ਤੇ ਫਿਰ ਤੋਂ ਬਿਠਾਉਣ ਦੇ ਉਦੇਸ਼ ਨੂੰ ਆਪਣੇ ਹੱਥਾਂ ਵਿਚ ਲੈ ਲਿਆ ਗਿਆ। ਰਿਪੁਦਮਨ ਸਿੰਘ ਜੋ 20 ਦਸੰਬਰ, 1911 ਈ. ਨੂੰ ਰਾਜਗੱਦੀ ਤੇ ਬੈਠਿਆ, ਉਸ ਨੂੰ 9 ਜੁਲਾਈ, 1923 ਈ. ਨੂੰ ਆਪਣੇ ਛੋਟੇ ਬੇਟੇ ਪ੍ਰਤਾਪ ਸਿੰਘ ਦੇ ਪੱਖ ਵਿਚ ਗੱਦੀ ਛੱਡਣ ਤੇ ਮਜ਼ਬੂਰ ਕਰ ਦਿੱਤਾ। ਮਹਾਰਾਜਾ ਜਿਸਦੇ ਰਾਜਨੀਤਿਕ ਵਿਚਾਰ ਬਹੁਤ ਹੀ ਅਗੇਤਰ ਸਨ ਅਤੇ ਉਸ ਸਮੇਂ ਦੇ ਰਾਸ਼ਟਰਵਾਦੀਆਂ ਦੇ ਨਾਲ ਬਹੁਤ ਨੇੜੇ ਦੇ ਸੰਬੰਧ ਸਨ, ਜਨਤਾ ਦੇ ਉਦੇਸ਼ਾਂ ਦੀ ਖੁੱਲ੍ਹੀ ਹਿਮਾਇਤ ਕਰਨ ਦੇ ਕਾਰਣ ਸਰਕਾਰ ਦੀ ਨਿਗਾਹ ਵਿਚ ਡਿੱਗ ਗਿਆ। ਜਦੋਂ ਨਨਕਾਣਾ ਦੇ ਸਾਕੇ ਮਗਰੋਂ ਐਸ.ਜੀ.ਪੀ.ਸੀ. ਨੇ ਅਕਾਲੀਆਂ ਨੂੰ ਕਾਲੀਆਂ ਪੱਗੜੀਆਂ ਬੰਨਣ ਲਈ ਕਿਹਾ ਤਾਂ ਨਾਭਾ ਦੇ ਮਹਾਰਾਜੇ ਨੇ ਉਹਨਾਂ ਦਾ ਸਾਥ ਦੇਣ ਖਾਤਿਰ ਇਕ ਕਾਲੀ ਪਗੜੀ ਵੀ ਬੰਨ੍ਹੀ। ਮਹਾਰਾਜਾ ਅਕਾਲੀਆਂ ਦੀ ਨੈਤਿਕ ਅਤੇ ਮਾਇਕ ਮਦੱਦ ਭੀ ਕਰਦਾ ਸੀ। ਹੁਣ ਸਰਕਾਰ ਨੇ ਉਸ ਨੂੰ ਆਪਣਾ ਖਤਰਨਾਕ ਵਿਰੋਧੀ ਸਮਝਿਆ। ਉਸ ਨੇ ਨਾਭਾ-ਪਟਿਆਲਾ ਝਗੜੇ ਦੇ ਬਹਾਨੇ ਨਾਲ ਉਸ ਨੂੰ ਰਾਜ ਗੱਦੀ ਛੱਡਣ ਲਈ ਮਜਬੂਰ ਕਰ ਦਿੱਤਾ। ਇਸ ਗੱਲ ਨੇ ਉਸ ਵੇਲੇ ਗੰਭੀਰ ਰੂਪ ਧਾਰਣ ਕਰ ਲਿਆ ਜਦੋਂ ਨਾਭਾ ਦੇ ਮਾਮਲੇ ਨੇ ਜੈਤੋ ਦੇ ਗੁਰਦੁਆਰਾ ਗੰਗਾਸਰ ਵਿਚ ਹੁੰਦੇ ਹੋਏ ਅਖੰਡ ਪਾਠ ਨੂੰ ਭੰਗ ਕਰ ਦਿੱਤਾ ਅਤੇ ਪਵਿਤਰ ਗ੍ਰੰਥ ਨੂੰ ਪੜ੍ਹਨ ਵਾਲੇ ਗ੍ਰੰਥੀ ਨੂੰ ਧੱਕੇ ਨਾਲ ਹਟਾ ਦਿੱਤਾ। ਇਸ ਕਾਰਵਾਈ ਨਾਲ ਸਿੱਖਾਂ ਵਿਚ ਬਹੁਤ ਹੀ ਹਲਚਲ ਮਚ ਗਈ।

**ਜੈਤੋ ਮੋਰਚਾ** : ਨਾਭਾ ਦੇ ਮਾਮਲੇ ਦੀ ਕਾਰਵਾਈ ਦੇ ਸਿੱਟੇ ਵਜੋਂ ਅਕਾਲੀਆਂ ਰਾਹੀ ਨਾਭਾ ਸਟੇਟ ਦੇ ਵਿਚ ਪਿੰਡ ਜੈਤੋਂ ਵਿਚ ਇਕ ਵੱਡਾ ਮੋਰਚਾ ਸ਼ੁਰੂ ਕੀਤਾ ਗਿਆ। 100-100 ਅਕਾਲੀਆਂ ਦੇ ਜਥਿਆਂ ਨੇ ਅਖੰਡ ਪਾਠ ਨੂੰ ਭੰਗ ਕਰਨ ਦੇ ਖਿਲਾਫ਼ ਮਹਾਰਾਜਾ ਰਿਪੁਦਮਨ ਸਿੰਘ ਨੂੰ ਮੁੜ ਗੱਦੀ ਤੇ ਬਿਠਾਉਣ ਅਤੇ ਸਰਕਾਰੀ ਅਮਲੇ ਦਾ ਵਿਰੋਧ ਕਰਨ ਲਈ ਜੈਤੋ ਵਲ ਜਾਣਾ ਸ਼ੁਰੂ ਕੀਤਾ। ਇਸ ਮੋਰਚੇ ਨੇ ਇੱਕ ਵੱਡਾ ਤੇ ਗੰਭੀਰ ਰੂਪ ਧਾਰਣ ਕਰ ਲਿਆ। 21 ਫਰਵਰੀ, 1924 ਈ. ਨੂੰ 500 ਅਕਾਲੀਆਂ ਦੇ ਸ਼ਹੀਦੀ ਜੱਥੇ ਉਤੇ ਪੁਲਿਸ ਨੇ ਗੋਲੀ ਚਲਾਈ

ਜਿਸ ਵਿਚ 19 ਅਕਾਲੀ ਮਰ ਗਏ ਅਤੇ 28 ਗੰਭੀਰ ਰੂਪ ਨਾਲ ਫਟੜ ਹੋਏ। ਸਰਕਾਰ ਦੀ ਇਸ ਨੀਤੀ ਅਤੇ ਜ਼ੁਲਮ ਦੇ ਸਿੱਟੇ ਵਜੋਂ ਅਕਾਲੀਆਂ ਨੂੰ ਪ੍ਰੈਸ ਤੇ ਕਾਂਗਰਸੀ ਲੀਡਰਾਂ ਦੀ ਹਮਦਰਦੀ ਪ੍ਰਾਪਤ ਹੋ ਗਈ।

ਪ੍ਰਿੰਸੀਪਲ ਗਿਡਵਾਨੀ, ਡਾ. ਕਿਚਲੂ ਅਤੇ ਪੰਡਿਤ ਨਹਿਰੂ ਅਤੇ ਉਹਨਾਂ ਦੇ ਸਾਥੀਆਂ ਤੇ ਅਦਾਲਤ ਵਿਚ ਮੁਕੱਦਮੇ ਚਲਾਏ ਗਏ ਅਤੇ ਉਹਨਾਂ ਨੂੰ ਜੇਲ੍ਹਾ ਵਿਚ ਸੁੱਟ ਦਿੱਤਾ ਗਿਆ। ਨਹਿਰੂ ਜੀ ਦੇ ਬਿਆਨ ਦੇ ਪਹਿਲੇ ਡਰਾਫਟ ਦੀਆਂ ਉਹ ਲਾਈਨਾਂ ਜਿਹੜੀਆਂ ਉਹਨਾਂ ਨੇ ਅਦਾਲਤ ਵਿਚ ਪੜ੍ਹਨ ਲਈ ਤਿਆਰ ਕੀਤੀਆਂ ਸਨ ਬਹੁਤ ਮਹੱਤਵ ਵਾਲੀਆਂ ਸਨ ਕਿਉਂਕਿ ਇਹ ਨਾ ਕੇਵਲ ਅਕਾਲੀ ਸਿੱਖਾਂ ਦੀਆਂ ਨੈਤਿਕ ਅਤੇ ਵੱਡੀਆਂ ਰਿਵਾਇਤਾਂ ਵਲ ਸੰਕੇਤ ਕਰਦੀਆਂ ਹਨ, ਸਗੋਂ ਉਸ ਸਮਰਥਨ ਵਲ ਵੀ ਇਸ਼ਾਰਾ ਕਰਦੀਆਂ ਹਨ ਜਿਸ ਵਜੋਂ ਪੰਡਿਤ ਜਵਾਹਰ ਲਾਲ ਨਹਿਰੂ ਜਿਹੇ ਰਾਸ਼ਟਰੀ ਨੇਤਾਵਾਂ ਨੇ ਅੰਦੋਲਨ ਲਈ ਸਹਿਯੋਗ ਦਿੱਤਾ।

ਇਕ ਤਰਫ ਤਾਂ ਰਾਸ਼ਟਰੀ ਪ੍ਰੈਸ ਜੈਤੋ ਮੋਰਚੇ ਤਕ ਅਪਣਾਈ ਸਰਕਾਰੀ ਨੀਤੀ ਦੀ ਆਲੋਚਨਾ ਕਰ ਰਹੀ ਸੀ ਅਤੇ ਨਾਲ ਹੀ ਪੜਤਾਲ ਦੀ ਮੰਗ ਦੁਹਰਾਈ ਜਾ ਰਹੀ ਸੀ, ਉਥੇ ਦੂਜੀ ਤਰਫ ਐਸ.ਜੀ.ਪੀ.ਸੀ. ਜੈਤੋ ਵਲ ਲਗਾਤਾਰ ਜੱਥੇ ਭੇਜ ਰਹੀ ਸੀ। ਉਸੇ ਸਮੇਂ ਕਈ ਰਾਸ਼ਟਰੀ ਨੇਤਾਵਾਂ ਨੇ ਜਿਨ੍ਹਾਂ ਵਿਚ ਗਾਂਧੀ ਜੀ ਵੀ ਸ਼ਾਮਿਲ ਸਨ, ਅਕਾਲੀਆਂ ਨੂੰ ਰਾਏ ਦੇ ਰਹੇ ਸਨ ਕਿ ਉਹ ਹੋਰ ਜੱਥੇ ਜੈਤੋ ਨਾ ਭੇਜਣ ਤਾਂ ਜੋ ਉਨ੍ਹਾਂ ਨੂੰ ਉਸ ਤਰ੍ਹਾਂ ਦੀਆਂ ਹੋਰ ਤਕਲੀਫਾਂ ਨਾ ਸਹਿਣ ਕਰਨੀਆਂ ਪੈਣ ਜੋ ਪਹਿਲੇ ਸ਼ਹੀਦੀ ਜੱਥੇ ਨੂੰ ਸਹਿਣ ਕਰਨੀਆਂ ਪਈਆਂ ਸਨ। ਦੂਜਾ, ਉਨ੍ਹਾਂ ਨੂੰ ਇਸ ਸਮੱਸਿਆ ਬਾਰੇ ਸੋਚਣ ਦਾ ਸਮਾਂ ਮਿਲ ਜਾਵੇਗਾ। ਇਹਨਾਂ ਹਾਲਤਾਂ ਵਿਚ ਦੂਜਾ ਸ਼ਹੀਦੀ ਜੱਥਾ 28 ਫਰਵਰੀ, 1924 ਨੂੰ ਜੈਤੋ ਲਈ ਰਵਾਨਾ ਹੋ ਗਿਆ ਅਤੇ 40,000 ਲੋਕਾਂ ਨੇ ਉਸ ਨੂੰ ਵਿਦਾਇਗੀ ਦਿੱਤੀ। ਇਸ ਤੋਂ ਇਲਾਵਾ ਹੋਰ ਕਈ ਸ਼ਹੀਦੀ ਜੱਥੇ ਜਿਨ੍ਹਾਂ ਵਿਚੋਂ ਪੈਨਸ਼ਨ ਪ੍ਰਾਪਤ ਕਰਨ ਵਾਲੇ ਫੌਜੀ, ਕਨੇਡਾ ਤੋਂ ਆਏ ਸਿੱਖ ਆਦਿ ਜੈਤੋ ਵਲ ਜਾਂਦੇ ਰਹੇ। ਜਦੋਂ ਇਹ ਕਾਰਵਾਈ ਹੋ ਰਹੀ ਸੀ ਤਾਂ ਬਾਹਰ ਤੋਂ ਦੋਹਾਂ ਪਾਰਟੀਆਂ ਉਤਸ਼ਾਹ ਦਾ ਪ੍ਰਗਟਾਵਾ ਕਰ ਰਹੀਆਂ ਸਨ ਪਰ ਅਕਾਲੀ ਅਤੇ ਸਰਕਾਰੀ ਸੋਮਿਆਂ ਨੂੰ ਧਿਆਨ ਪੂਰਵਕ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਦੋਹਾਂ ਕੈਂਪਾਂ ਵਿਚ ਥਕੇਵੇਂ ਦੇ ਚਿੰਨ੍ਹ ਸਾਫ ਵਿਖਾਈ ਦੇਣ ਲਗ ਪਏ ਸਨ। ਹੁਣ ਅਕਾਲੀ ਨੇਤਾਵਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਐਸ.ਜੀ.ਪੀ.ਸੀ. ਦੇ ਅਕਾਲੀ ਨੇਤਾਵਾਂ ਬਚਾਉ ਦਾ ਨਿਰਣਾ ਲਾਹੌਰ ਜ਼ਿਲ੍ਹੇ ਵਿਖੇ ਸਥਿਤ ਭਾਈ ਫੇਰੂ ਵਿਚ ਨਵਾਂ ਫਰੰਟ ਖੋਲ੍ਹਣਾ, ਜਦੋਂ ਕਿ ਜੈਤੋ ਦਾ ਮੋਰਚਾ ਅਜੇ ਚਲ ਰਿਹਾ ਸੀ, ਮੈਲਕਾਮ ਹੈਲੀ ਦੀ ਨਵੀਂ ਨੀਤੀ ਜਿਸ ਵਿਚ ਅਕਾਲੀ ਨੇਤਾਵਾਂ ਦੇ ਵਿਚ ਫੁੱਟ ਪਾਉਣਾ ਅਤੇ ਸਿੱਖ ਸੁਧਾਰ ਕਮੇਟੀਆਂ ਦੇ ਨਾਂ ਤੇ, ਜਿਸ ਵਿਚ ਕੇਵਲ ਵਫਾਦਾਰ ਤੱਤ ਹੀ ਸ਼ਾਮਿਲ ਸਨ, ਅਕਾਲੀ ਅੰਦੋਲਨ ਸੰਗਠਿਤ ਕਰਨਾ, ਆਦਿ ਕਾਰਨਾਂ ਨੇ ਅਕਾਲੀ ਨੇਤਾਵਾਂ ਲਈ ਕਈ ਮੁਸ਼ਕਿਲਾਂ ਪੈਦਾ ਕਰ ਦਿੱਤੀਆਂ। ਦੂਜੀ ਗੱਲ ਇਹ ਕਿ ਅਕਾਲੀ ਨੇਤਾਵਾਂ ਦਾ ਇਹ ਨਿਰਣਾ ਸੀ ਕਿ ਜੈਤੋ ਦਾ ਮੋਰਚਾ ਨਹੀਂ ਰੋਕਣਾ। ਸਿੱਟੇ ਵਜੋਂ ਅਕਾਲੀ ਕੈਦੀਆਂ ਦੀ ਗਿਣਤੀ ਵਧ ਰਹੀ ਸੀ ਅਤੇ ਸਰਕਾਰ ਇਸ ਤੋਂ ਬਹੁਤ ਜ਼ਿਆਦਾ ਤੰਗ ਆ ਚੁੱਕੀ ਸੀ।

ਇਨ੍ਹਾਂ ਹਾਲਤਾਂ ਵਿਚ ਅਕਾਲੀ ਨੇਤਾਵਾਂ, ਨਾਭਾ ਦੇ ਪ੍ਰਬੰਧਕਾਂ ਅਤੇ ਪੰਜਾਬ ਸਰਕਾਰ ਨੇ ਅਕਾਲੀ ਸਮੱਸਿਆ ਦੇ ਹਲ ਲਈ ਆਪਣੀ ਚਿੰਤਾ ਦਾ ਪ੍ਰਗਟਾਵਾ ਕੀਤਾ। ਇਹ ਠੀਕ ਹੈ ਕਿ ਪੰਡਤ ਮਦਨ ਮੋਹਨ ਮਾਲਵੀਆਂ ਅਤੇ ਭਾਈ ਜੋਧ ਸਿੰਘ ਦੇ ਰਾਹੀਂ ਅਕਾਲੀ ਨੇਤਾਵਾਂ ਨਾਲ ਗੱਲਬਾਤ ਕਰਨ ਲਈ ਰਜ਼ਾਮੰਦ ਸੀ, ਪਰ ਅਕਾਲੀ ਇਸ ਲਈ ਤਿਆਰ ਨਹੀਂ ਸਨ, ਕਿਉਂਕਿ ਉਨ੍ਹਾਂ ਦਾ ਜ਼ਿਆਦਾ ਝੁਕਾਅ ਮਹਾਰਾਜਾ ਰਿਪੁਦਮਨ ਸਿੰਘ ਵਲ ਸੀ। ਭਾਵੇਂ ਸਰਕਾਰ ਇਸ ਗੱਲ ਲਈ ਵੀ ਰਾਜ਼ੀ ਸੀ ਕਿ ਅਕਾਲੀਆਂ ਉਤੇ ਕੁਝ ਸ਼ਰਤਾਂ ਲਾ ਕੇ ਭੰਗ ਹੋਏ ਅਖੰਡ ਪਾਠ ਨੂੰ ਪੂਰਾ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਸੀ ਪਰ ਨਾਲ ਹੀ ਸਰਕਾਰ ਇਸ ਗੱਲ ਤੇ ਜ਼ੋਰ ਪਾ ਰਹੀ ਸੀ ਕਿ ਉਹ ਮਹਾਰਾਜਾ ਰਿਪੁਦਮਨ ਸਿੰਘ ਨੂੰ ਦੁਬਾਰਾ ਤੋਂ ਨਾਭਾ ਰਾਜ ਦੀ ਗੱਦੀ ਉਤੇ ਬਿਠਾਉਣ ਦਾ ਪ੍ਰਸ਼ਨ ਹਮੇਸ਼ਾਂ ਲਈ ਛੱਡ ਦੇਣ। ਜਦੋਂ ਸਰਕਾਰੀ ਪ੍ਰਤਿਨਿਧੀਆਂ ਅਤੇ ਅਕਾਲੀ ਨੇਤਾਵਾਂ ਵਿਚਕਾਰ ਗਲਬਾਤ ਚਲ ਰਹੀ ਸੀ ਤਾਂ ਉਸ ਸਮੇਂ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿਚ ਗੁਰਦੁਆਰਾ ਅਤੇ ਧਰਮ ਸਥਾਨ ਬਿਲ ਪੇਸ਼ ਕੀਤਾ। ਅਕਾਲੀ ਨੇਤਾਵਾਂ ਨੇ ਇਸ ਨੂੰ ਮੰਨ ਲਿਆ। ਬਿਲ ਦੇ ਸਫਲਤਾ ਨਾਲ ਪਾਸ ਹੋ ਜਾਣ ਤੇ ਪੰਜਾਬ ਸਰਕਾਰ ਦੇ ਗਵਰਨਰ ਨੇ ਜੈਤੋ ਦੇ ਸੰਬੰਧ ਵਿਚ ਇਕ ਮਹੱਤਵਪੂਰਣ ਐਲਾਨ ਕੀਤਾ ਅਤੇ ਜੁਲਾਈ, 1924 ਈ. ਦੇ ਵਿਚ ਪੰਜਾਬ

ਵਿਧਾਨ ਕੌਂਸਿਲ ਵਿਚ ਵੀ ਐਲਾਨ ਕੀਤਾ ਕਿ ਨਾਭਾ ਦਾ ਪ੍ਰਸ਼ਾਸ਼ਨ ਅਕਾਲੀਆਂ ਨੂੰ ਜੈਤੋ ਦੇ ਗੁਰਦੁਆਰਾ ਗੰਗਸਰ ਜਾਣ ਦੀ ਇਜਾਜ਼ਤ ਦੇ ਦੇਵੇਗਾ। ਇਸ ਨਾਲ ਭੰਗ ਹੋਇਆ ਅਖੰਡ ਪਾਠ ਕੁਝ ਸ਼ਰਤਾਂ ਦੇ ਆਧਾਰ ਤੇ ਪੂਰਾ ਹੋ ਸਕਦਾ ਸੀ।

ਇਸ ਐਲਾਨ ਪਿਛੋਂ 21 ਜੁਲਾਈ, 1924 ਈ. ਦੇ ਦਿਨ ਜੈਤੋ ਮੋਰਚੇ ਦੇ ਸੰਬੰਧ ਵਿਚ ਗ੍ਰਿਫਤਾਰ ਕੀਤੇ ਜ਼ਿਆਦਾਤਰ ਅਕਾਲੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਅਕਾਲੀਆਂ ਦੇ ਦੋ ਜੱਥੇ ਅੰਮ੍ਰਿਤਸਰ ਅਤੇ ਦਿੱਲੀ ਤੋਂ ਜੈਤੋ ਪਹੁੰਚੇ। 27 ਜੁਲਾਈ ਨੂੰ ਕੈਦੀਆਂ ਨੂੰ ਨਾਭਾ ਅਤੇ ਹੋਰ ਜੇਲ੍ਹਾਂ ਤੋਂ ਆਜ਼ਾਦ ਹੋਣ ਤੋਂ ਬਾਅਦ ਹੋਰ ਕਈ ਜੱਥੇ ਉਥੇ ਪੁੱਜ ਗਏ। ਨਾਭਾ ਵਿਚ ਕੁਝ ਅਧਿਕਾਰੀਆਂ ਰਾਹੀਂ ਭੰਗ ਕੀਤੇ ਗਏ ਇਕ ਅਖੰਡ ਪਾਠ ਦੀ ਥਾਂ ਉਤੇ 6 ਅਗਸਤ, 1925 ਈ. ਦੇ ਦਿਨ 101 ਅਖੰਡ ਪਾਠਾਂ ਦਾ ਪੂਰਾ ਹੋਣ ਬਾਰੇ ਚਲੀ ਆ ਰਹੀ ਚੁਪ ਖਤਮ ਹੋ ਗਈ ਅਤੇ ਨਾਲ ਹੀ ਇਸ ਤਰ੍ਹਾਂ ਪ੍ਰਸ਼ਾਸਨ ਅਤੇ ਅਕਾਲੀ ਲੀਡਰਾਂ ਵਿਚਕਾਰ ਕਾਫੀ ਲੰਬੇ ਸਮੇਂ ਤੋਂ ਚਲਿਆ ਆ ਰਿਹਾ ਸੰਘਰਸ਼ ਵੀ ਖਤਮ ਹੋ ਗਿਆ। ਇਸ ਅੰਦੋਲਨ ਜਾਂ ਸੰਘਰਸ ਵਿਚ ਲਗਭਗ 30,000 ਆਦਮੀ ਅਤੇ ਔਰਤਾਂ ਜੇਲ੍ਹ ਵਿਚ ਕੈਦ ਹੋ ਗਏ ਸਨ ਅਤੇ 400 ਸ਼ਹੀਦ ਹੋਏ ਸਨ। 2000 ਫੱਟੜ ਵੀ ਹੋਏ ਅਤੇ ਬਹੁਤ ਸਾਰੇ ਲੋਕਾਂ ਨੂੰ ਸਰਕਾਰੀ ਨੌਕਰੀਆਂ ਵਿਚੋਂ ਕੱਢ ਦਿੱਤਾ ਗਿਆ। ਜਗੀਰਾਂ ਅਤੇ ਪੈਨਸ਼ਨਾਂ ਖੋਹ ਲਈਆਂ ਗਈਆਂ। ਲਗਭਗ 15 ਲੱਖ ਰੁਪਏ ਦੇ ਜੁਰਮਾਨੇ ਕੀਤੇ ਗਏ ਅਤੇ ਕਈਆਂ ਦੀ ਜਾਇਦਾਦ ਜ਼ਬਤ ਕਰ ਲਈ ਗਈ। ਹੋਰ ਕਈ ਕਿਸਮ ਦੀਆਂ ਸਜ਼ਾਵਾਂ ਵੀ ਦਿੱਤੀਆਂ ਗਈਆਂ ਪਰ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਵੀ ਗੁਰਦੁਆਰਾ ਅੰਦੋਲਨ ਨੂੰ ਆਪਣੇ ਉਦੇਸ਼ ਵਿਚ ਸਫਲਤਾ ਮਿਲੀ। ਇਸ ਲਹਿਰ ਨੇ ਸਿੱਖਾਂ ਨੂੰ ਦੇਸ਼ ਦੀ ਰਾਜਨੀਤਿਕ ਹਾਲਤ ਤੋਂ ਇੰਨਾ ਜ਼ਿਆਦਾ ਜਾਣੂ ਕਰਾ ਦਿੱਤਾ ਕਿ ਉਨ੍ਹਾਂ ਨੇ ਅੱਗੇ ਚਲ ਕੇ ਅਜ਼ਾਦੀ ਦੀ ਲੜਾਈ ਵਿਚ ਵਧ ਚੜ੍ਹ ਕੇ ਹਿੱਸਾ ਲਿਆ।

## ਪ੍ਰਸ਼ਨ

### ਹੇਠ ਲਿਖੇ ਹਰ ਪ੍ਰਸ਼ਨ ਦਾ 25 ਤੋਂ 40 ਸ਼ਬਦਾਂ ਦੇ ਵਿਚਕਾਰ ਉੱਤਰ ਦਿਉ :

1. ਗੁਰਦੁਆਰਾ ਸੁਧਾਰ ਅੰਦੋਲਨ ਦੇ ਸਮੇਂ ਅਤੇ ਮੁੱਖ ਨੇਤਾਵਾਂ ਬਾਰੇ ਦਸੋ।
2. ਗੁਰਦੁਆਰਾ ਲਹਿਰ ਦੇ ਮੁੱਖ ਉਦੇਸ਼ ਕੀ ਸਨ ?
3. ਨਨਕਾਣਾ ਦੀ ਘਟਨਾ ਦੇ ਕੋਈ ਦੋ ਪ੍ਰਭਾਵ ਦੱਸੋ।
4. ਹਰਿਮੰਦਰ ਸਾਹਿਬ ਦੇ ਤੋਸ਼ਖਾਨੇ ਦੀਆਂ ਚਾਬੀਆਂ ਦਾ ਕੀ ਮਸਲਾ ਸੀ ?
5. ਗੁਰੂ ਕਾ ਬਾਗ ਦਾ ਅਕਾਲੀ ਮੋਰਚਾ ਕਿਉਂ ਅਤੇ ਕਿੰਨਾਂ ਦੀ ਅਗਵਾਈ ਵਿਚ ਸ਼ੁਰੂ ਹੋਇਆ ?
6. ਜੈਤੋ ਮੋਰਚੇ ਦਾ ਮਹੱਤਵ ਦਸੋ।
7. ਜੈਤੋ ਮੁਰਚੇ ਦਾ ਮੁੱਖ ਸਿੱਟਾ ਕੀ ਨਿਕਲਿਆ ?
8. ਗੁਰਦੁਆਰਾ ਬਿਲ ਅਤੇ ਐਕਟ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?
9. ਗੁਰਦੁਆਰਾ ਸੁਧਾਰ ਅੰਦੋਲਨ ਦੇ ਕੋਈ ਦੋ ਮੁੱਖ ਕਾਰਣ ਦਸੋ।
10. ਸਿੱਖ ਇਤਿਹਾਸ ਵਿਚ ਗੁਰਦੁਆਰਾ ਲਹਿਰ ਦਾ ਮਹੱਤਵ ਦਸੋ।

### ਹੇਠ ਦਿੱਤੇ ਪ੍ਰਸ਼ਨ ਦਾ 1000 ਸ਼ਬਦਾਂ ਵਿਚ ਉੱਤਰ ਦਿਉ :

1. ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਛੁਡਾਉਣ ਲਈ ਲਗਾਏ ਗਏ ਮੋਰਚਿਆਂ ਬਾਰੇ ਤੁਸੀਂ ਕੀ ਜਾਣਦੇ ਹੋ ?

ਪਾਠ ਨੰ : 2.8

## ਪੰਜਾਬ ਦੀ ਵੰਡ ਦੇ ਕਾਰਣ

ਇਸ ਪਾਠ ਵਿਚ ਅਸੀਂ ਭਾਰਤ ਦੀ ਆਜ਼ਾਦੀ ਅਤੇ ਖਾਸ ਤੌਰ ਤੇ ਪੰਜਾਬ ਦੀ ਵੰਡ ਜੋ ਇਤਿਹਾਸ ਵਿਚ ਬਹੁਤ ਹੀ ਮਹੱਤਵਪੂਰਣ ਸਥਾਨ ਰਖਦੀ ਹੈ ਬਾਰੇ ਦੱਸਾਂਗੇ ਕਿਉਂਕਿ ਇਸ ਵੰਡ ਦੇ ਕਾਰਣ ਉਸ ਸਮੇਂ ਕਈ ਵਹਿਸ਼ੀਆਨਾ ਘਟਨਾਵਾਂ ਵਾਪਰੀਆਂ ਸਨ। ਪਰ ਇਸ ਤੋਂ ਬਾਅਦ ਵੀ ਇਸ ਵੰਡ ਨੇ ਸੁਤੰਤਰ ਭਾਰਤ ਦੀ ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਤਾਕਤ ਤੇ ਗੰਭੀਰ ਅਸਰ ਪਾਏ। ਇਸ ਪਾਠ ਨੂੰ ਅਸੀਂ ਹੇਠ ਲਿਖੇ ਸਿਰਲੇਖਾਂ ਵਿਚ ਅਧਿਐਨ ਕਰਨ ਦੀ ਕੋਸ਼ਿਸ਼ ਕਰਾਂਗੇ :

1. ਭੂਮਿਕਾ
2. ਵੰਡ ਦੇ ਕਾਰਣ
2.1 ਉਸ ਸਮੇਂ ਦੀ ਰਾਜਨੀਤਿਕ ਹਾਲਤ
2.2 ਵਿਭਿੰਨ ਵਰਗਾਂ ਦੀ ਆਰਥਿਕ ਸਥਿਤੀ
2.3 ਮੁਸਲਮਾਨਾਂ ਦੀ ਸੰਪ੍ਰਦਾਇਕ ਪ੍ਰਤੀਨਿਧਤਾ
3. ਗੋਲਮੇਜ਼ ਕਾਨਫਰੰਸਾਂ
4. ਸਰ ਜੋਫਰੀ ਕੋਰਬੱਟ ਦੀ ਸਕੀਮ
4.1 ਮੁਸਲਿਮ ਲੀਗ ਦਾ ਲਾਹੌਰ ਮਤਾ
5. ਸਰ ਸਟਾਫੋਰਡ ਕ੍ਰਿਪਸ ਦਾ ਡਰਾਫਟ ਡੈਕਲੇਰੇਸ਼ਨ
5.1 ਪੰਜਾਬ ਵਿਚ ਸਿੱਖਾਂ ਨੂੰ ਖਤਰਾ
5.2 ਮੁਸਲਿਮ ਲੀਗ ਦੇ ਮੁਸਲਿਮ ਰਾਜ ਦੀ ਮੰਗ ਦਾ ਵਿਰੋਧ
6. ਰਾਜ ਗੋਪਾਲ ਆਚਾਰੀਆ ਫਾਰਮੂਲਾ
7. ਜਿਨਾਹ ਅਤੇ ਡਾ. ਇਕਬਾਲ ਦੇ ਵਿਚਾਰ
8. ਸਿਕੰਦਰ ਹਿਆਤ ਦਾ ਲੀਗ ਵਿਚ ਸ਼ਾਮਿਲ ਹੋਣਾ
8.1 ਮੁਸਲਿਮ ਲੀਗ ਦਾ ਯੂਨੀਅਨਸਿਟ ਪਾਰਟੀ ਵਲ ਰੁੱਖ
9. 1946 ਦੀਆਂ ਚੋਣਾਂ ਦੇ ਸਿੱਟੇ
9.1 ਕੋਲਿਸ਼ਨ ਸਰਕਾਰ ਬਣਨ ਦਾ ਸਿੱਟਾ
10. ਲਾਰਡ ਮਾਉਂਟਬੈਟਨ ਦੀ ਯੋਜਨਾ

**1. ਭੂਮਿਕਾ :** 1947 ਵਿਚ ਭਾਰਤ ਦੀ ਆਜ਼ਾਦੀ ਅਤੇ ਦੇਸ਼ ਦੀ ਵੰਡ ਨਾਲ ਹੀ ਪੰਜਾਬ ਦੀ ਵੰਡ ਹੋਈ। ਅੰਗਰੇਜ਼ਾਂ ਨੇ ਭਾਰਤ ਛੱਡਣ ਤੋਂ ਪਹਿਲਾਂ ਹੀ ਭਾਰਤ ਅਤੇ ਪਾਕਿਸਤਾਨ ਦੇ ਸੁਤੰਤਰ ਮੁਲਕ ਬਣਾ ਦਿੱਤੇ ਸਨ। ਇਹ ਵੀ ਸੱਚ ਹੈ ਕਿ ਜਿਨ੍ਹਾਂ ਕਾਰਣਾਂ ਕਰਕੇ ਦੇਸ਼ ਦੀ ਵੰਡ ਹੋਈ ਉਹੀ ਕਾਰਣ ਕਾਫੀ ਹੱਦ ਤਕ ਪੰਜਾਬ ਦੀ ਵੰਡ ਲਈ ਵੀ ਅਪ੍ਰਤੱਖ ਰੂਪ ਨਾਲ ਜ਼ਿੰਮੇਵਾਰ ਸਨ। ਨਾਲ ਹੀ ਕੁਝ ਅਜਿਹੇ ਕਾਰਣ ਵੀ ਸਨ ਜਿਨ੍ਹਾਂ ਦਾ

ਸਿੱਧਾ ਅਤੇ ਪ੍ਰਤੱਖ ਰੂਪ ਵਿਚ ਪੰਜਾਬ ਦੀ ਵੰਡ ਨਾਲ ਸੰਬੰਧ ਸੀ।

**2. ਵੰਡ ਦੇ ਕਾਰਨ—ਉਸ ਸਮੇਂ ਦੀ ਰਾਜਨੀਤਿਕ ਹਾਲਤ** : 1904 ਈ. ਦੇ ਸੁਧਾਰ ਐਕਟ ਰਾਹੀਂ ਮੁਸਲਮਾਨਾਂ ਨੂੰ ਸੰਪ੍ਰਦਾਇਕ ਆਧਾਰ ਉਤੇ ਪ੍ਰਤੀਨਿਧਤਵ ਦਿੱਤਾ ਗਿਆ। ਇਸ ਦੇ ਸਿੱਟੇ ਵਜੋਂ ਪੰਜਾਬ ਵਿਖੇ ਫਿਰਕੂ ਭਾਵਨਾ ਤੇਜ਼ੀ ਨਾਲ ਮਜ਼ਬੂਤੀ ਪਕੜ ਗਈ। 1921 ਈ. ਦੀ ਮਰਦਮ ਸ਼ੁਮਾਰੀ ਅਨੁਸਾਰ ਮੁਸਲਮਾਨ ਪੂਰੀ ਆਬਾਦੀ ਦਾ 55 ਫੀ ਸਦੀ ਸਨ ਅਤੇ 1941 ਦੀ ਮਰਦਮ ਸ਼ੁਮਾਰੀ ਅਨੁਸਾਰ ਉਹ ਪੂਰੀ ਤਰ੍ਹਾਂ ਆਬਾਦੀ ਦਾ 57 ਪ੍ਰਤੀਸ਼ਤ ਸਨ। ਇਸ ਤੋਂ ਭਾਵ ਇਹ ਸੀ ਕਿ ਉਹ ਸਿੱਖਾਂ ਅਤੇ ਹਿੰਦੂਆਂ ਤੋਂ ਥੋੜ੍ਹੇ ਹੀ ਜ਼ਿਆਦਾ ਸਨ। ਇਸ ਨਾਲ ਸੰਪ੍ਰਦਾਇਕ ਸਮੱਸਿਆ ਹੋਰ ਵੀ ਗੰਭੀਰ ਅਤੇ ਗੁੰਝਲਦਾਰ ਬਣ ਗਈ। ਸਮਾਜ ਦੇ ਇਨ੍ਹਾਂ ਵਰਗਾਂ ਦੇ ਲੋਕਾਂ ਵਿਚ ਤਣਾਉ ਵਧ ਗਿਆ। ਪੂਰੇ ਦੇਸ਼ ਵਿਚੋਂ ਪੰਜਾਬ ਹੀ ਇਕ ਇਹੋ ਜਿਹਾ ਸੂਬਾ ਸੀ ਜਿਥੇ ਮੁਸਲਿਮ ਜ਼ਿਆਦਾ ਗਿਣਤੀ ਵਿਚ ਸਨ ਅਤੇ ਉਨ੍ਹਾਂ ਨੂੰ ਅਲਗ ਨੁਮਾਇਦਗੀ ਦਾ ਅਧਿਕਾਰ ਪ੍ਰਾਪਤ ਸੀ। ਭਾਰਤ ਦੇ ਸੰਵਿਧਾਨ ਵਿਚ ਸੁਧਾਰਾਂ ਲਈ ਬਣਾਈ ਗਈ ਫਰਚਾਇਜ ਕਮੇਟੀ ਦੀ ਰਿਪੋਰਟ ਵਿਚ ਇਹ ਸਪਸ਼ਟ ਕੀਤਾ ਗਿਆ ਸੀ ਕਿ ਮੁਸਲਮਾਨਾਂ ਲਈ ਖਾਸ ਚੋਣ ਅਧਿਕਾਰ ਕੇਵਲ ਉਨ੍ਹਾਂ ਪ੍ਰਾਂਤਾਂ ਵਿਚ ਦਿੱਤੇ ਜਾ ਸਕਦੇ ਸਨ ਜਿਥੇ ਉਹ ਘੱਟ ਗਿਣਤੀ ਵਿਚ ਹੋਣ। ਜਿਥੋਂ ਤੱਕ ਪੰਜਾਬ ਦਾ ਸੰਬੰਧ ਸੀ, ਸਾਰੇ ਨਤੀਜੇ ਇਹ ਦੱਸਦੇ ਹਨ ਕਿ ਮੁਸਲਮਾਨ ਹਿੰਦੂਆਂ ਅਤੇ ਸਿੱਖਾਂ ਦੋਹਾਂ ਦੀ ਮਿਲੀ ਆਬਾਦੀ ਤੋਂ ਥੋੜ੍ਹਾ ਜਿਹਾ ਹੀ ਜ਼ਿਆਦਾ ਸਨ। ਇਸੇ ਤਰ੍ਹਾਂ ਹੀ ਸਿੱਖਾਂ ਨੂੰ ਅਲਗ ਨੁਮਾਇਦਗੀ ਦੇਣਾ ਮੰਨ ਲਿਆ ਗਿਆ। ਇਸ ਤੋਂ ਸਾਫ ਪਤਾ ਚਲਦਾ ਸੀ ਕਿ ਫਿਰਕੂ ਭਾਵਨਾਵਾਂ ਨੇ ਪੰਜਾਬ ਦੀ ਵੰਡ ਨੂੰ ਜ਼ਰੂਰੀ ਬਣਾ ਦਿੱਤਾ।

**2.2 ਵਿਭਿੰਨ ਵਰਗਾਂ ਦੀ ਆਰਥਿਕ ਸਥਿਤੀ** : ਆਰਥਿਕ ਦ੍ਰਿਸ਼ਟੀ ਤੋਂ ਮੁਸਲਿਮ ਸਮਾਜ ਪਛੜਿਆ ਹੋਇਆ ਸੀ। ਭਾਵੇਂ ਇਹ ਹਿੰਦੂਆਂ ਅਤੇ ਸਿੱਖਾਂ ਦੋਹਾਂ ਦੀ ਗਿਣਤੀ ਤੋਂ ਕੁਝ ਜ਼ਿਆਦਾ ਸਨ, ਫਿਰ ਵੀ ਉਦਯੋਗ, ਕਾਰੋਬਾਰ, ਵਪਾਰ ਅਤੇ ਸ਼ਾਹੂਕਾਰਾ ਕੰਮ ਹਿੰਦੂਆਂ ਅਤੇ ਸਿੱਖਾਂ ਦੇ ਹੱਥਾਂ ਵਿਚ ਸਨ। ਪੰਜਾਬ ਦੇ ਕੇਵਲ ਲਾਹੌਰ ਸ਼ਹਿਰ ਵਿਚ 186 ਫੈਕਟਰੀਆਂ ਵਿਚੋਂ 108 ਗੈਰ-ਮੁਸਲਮਾਨਾਂ ਕੋਲ ਸਨ। ਜਿਨ੍ਹਾਂ ਜ਼ਿਲ੍ਹਿਆਂ ਜਾਂ ਖੇਤਰਾਂ ਵਿਚ ਮੁਸਲਮਾਨਾਂ ਦੀ ਵਸੋਂ ਜ਼ਿਆਦਾ ਸੀ, ਉਥੇ ਵੀ ਵਪਾਰ ਅਤੇ ਉਦਯੋਗ ਹਿੰਦੂਆਂ ਅਤੇ ਸਿੱਖਾਂ ਦੇ ਹੱਥ ਵਿਚ ਹੀ ਸੀ ਅਤੇ ਉਹ ਸ਼ਹਿਰਾਂ ਵਿਚ ਰਹਿੰਦੇ ਸਨ। ਪੰਜਾਬ ਦੇ ਸੈਂਟਰਲ ਜ਼ਿਲ੍ਹਿਆਂ ਵਿਚ ਸਿੱਖ ਵੱਡੇ ਵੱਡੇ ਜ਼ਿਮੀਂਦਾਰ ਸਨ। ਲਾਹੌਰ ਜ਼ਿਲ੍ਹੇ ਵਿਚ ਉਹ ਕੁਲ ਲਾਗਤ ਦਾ 46 ਪ੍ਰਤੀਸ਼ਤ ਦਿੰਦੇ ਸਨ। ਸੈਂਟਰਲ ਪੰਜਾਬ ਦੇ ਸਿੱਖਾਂ ਨੇ ਹੀ ਲਾਇਲਪੁਰ ਅਤੇ ਮਿੰਟਗੁਮਰੀ ਨਹਿਰੀ ਬਸਤੀਆਂ ਨੂੰ ਆਬਾਦ ਕੀਤਾ।

ਪੰਜਾਬ ਪ੍ਰਾਂਤ ਵਿਖੇ ਦੂਜਾ ਕਾਰੋਬਾਰ ਪੈਸਾ ਸੂਦ ਤੇ ਦੇਣ ਦਾ ਕੰਮ ਸੀ। ਇਹ ਧੰਦਾ ਹਿੰਦੂਆਂ ਅਤੇ ਸਿੱਖਾਂ ਦੇ ਹੱਥਾਂ ਵਿਚ ਸੀ। ਮੁਸਲਮਾਨ ਸੂਦ ਖੋਰੀ ਦੇ ਕੰਮ ਨੂੰ ਹਰਾਮ ਸਮਝਦੇ ਸਨ। ਮੈਲਕਮ ਡਾਰਲਿੰਗ ਲਿਖਦਾ ਹੈ ਕਿ ਪੰਜਾਬ ਵਿਚ ਕੁਲ ਖੇਤੀ ਤੇ ਕਰਜ਼ਾ ਬਹੁਤ ਜ਼ਿਆਦਾ ਸੀ ਅਤੇ ਪੂਰੇ ਕਰਜ਼ੇ ਦੀ ਰਕਮ ਵਿਚ ਅੱਧੀ ਤੋਂ ਕੁਝ ਜ਼ਿਆਦਾ ਵਿਚ ਪੇਂਡੂ ਖੇਤਰ ਦੇ ਕਿਸਾਨ ਉਤੇ ਸੀ। ਮੁਸਲਮਾਨਾਂ ਦੀ ਆਰਥਿਕ ਦ੍ਰਿਸ਼ਟੀ ਤੋਂ ਹਾਲਤ ਖਾਸ ਤੌਰ ਤੇ ਮੁਲਤਾਨ, ਰਾਵਲਪਿੰਡੀ ਅਤੇ ਬਹਾਵਲਪੁਰ ਜ਼ਿਲ੍ਹਿਆਂ ਵਿਚ ਬਹੁਤ ਹੀ ਮਾੜੀ ਸੀ। ਗੈਰ ਮੁਸਲਮਾਨਾਂ ਦੀ ਇਸ ਆਰਥਿਕ ਸੱਤਾ ਨੇ ਮੁਸਲਮਾਨਾਂ ਦੀ ਇਸ ਦਲੀਲ ਨੂੰ ਹੋਰ ਵੀ ਮਜ਼ਬੂਤ ਕਰ ਦਿੱਤਾ ਕਿ ਇਹ ਹਿੰਦੂਆਂ ਅਤੇ ਸਿੱਖਾਂ ਦੇ ਰਾਹੀਂ ਆਰਥਿਕ ਦ੍ਰਿਸ਼ਟੀ ਤੋਂ ਜਾਣ ਕੇ ਪਿਛੇ ਰਖੇ ਗਏ ਸਨ। ਇਸੇ ਆਧਾਰ ਤੇ 1928 ਈ. ਵਿਚ ਪੰਜਾਬ ਲੈਜਿਸਲੇਟਿਵ ਕੌਂਸਲ ਨੇ ਇਕ ਪੰਜਾਬ ਕਮੇਟੀ ਬਣਾਈ ਜਿਸ ਨੇ ਇੰਡੀਅਨ ਕਮਿਸ਼ਨ ਦੀ ਗੱਲ ਮੰਨ ਕੇ ਸਿਫਾਰਸ਼ ਕੀਤੀ ਕਿ ਆਰਥਿਕ ਤੇ ਸਿੱਖਿਆ ਦੇ ਪੱਖੋਂ ਪਿਛੜੇ ਹੋਏ ਵਰਗ ਦੀ ਉਸ ਸਮੇਂ ਤਕ ਸੁਰੱਖਿਆ ਨਹੀਂ ਹੋ ਸਕਦੀ ਸੀ ਜਦ ਤਕ ਕਿ ਉਸ ਵਰਗ ਨੂੰ ਆਪਣੇ ਪ੍ਰਤੀਨਿਧੀ ਚੁਣਨ ਦੀ ਆਜ਼ਾਦੀ ਨਹੀਂ ਸੀ ਦਿੱਤੀ ਜਾਂਦੀ। ਜੇ ਸਾਧਾਰਨ ਚੋਣ ਪ੍ਰਣਾਲੀ ਲਾਗੂ ਕੀਤੀ ਗਈ ਤਾਂ ਸ਼ਾਹੂਕਾਰ ਅਤੇ ਆਰਥਿਕ ਦ੍ਰਿਸ਼ਟੀ ਤੋਂ ਮਜ਼ਬੂਤ ਵਰਗ ਪਛੜੇ ਹੋਏ ਅਤੇ ਆਰਥਿਕ ਪੱਖੋਂ ਕਮਜ਼ੋਰ ਵਰਗ ਦੇ ਵੋਟਾਂ ਨੂੰ ਅਸਾਨੀ ਨਾਲ ਪ੍ਰਭਾਵਿਤ ਕਰ ਸਕੇਗਾ ਅਤੇ ਇਸ ਤਰ੍ਹਾਂ ਆਪਣੇ ਉਮੀਦਵਾਰਾਂ ਨੂੰ ਲਿਆਉਣ ਵਿਚ ਸਫਲ ਹੋਵੇਗਾ। ਇਸ ਤੋਂ ਇਹ ਸਪਸ਼ਟ ਸੀ ਕਿ ਪਛੜੇ ਅਤੇ ਕਮਜ਼ੋਰ ਵਰਗ ਨੂੰ ਵਿਧਾਨ ਸਭਾ ਵਿਚ ਨੁਮਾਇਦਗੀ ਪ੍ਰਾਪਤ ਨਹੀਂ ਹੋਵੇਗੀ।

**2.3 ਮੁਸਲਮਾਨਾਂ ਨੂੰ ਸੰਪ੍ਰਦਾਇਕ ਪ੍ਰਤੀਨਿਧਤਾ** : ਉਸ ਸਮੇਂ ਮੁਸਲਮਾਨਾਂ ਨੂੰ ਵਿਧਾਨ ਸਭਾਵਾਂ ਵਿਚ ਸੰਪ੍ਰਦਾਇਕ ਪ੍ਰਤੀਨਿਧਤਾ ਪ੍ਰਾਪਤ ਸੀ। ਉਨ੍ਹਾਂ ਲਈ ਕਈ ਸੀਟਾਂ ਰਾਖਵੀਆਂ ਸਨ। ਇਹ ਅਧਿਕਾਰ ਉਨ੍ਹਾਂ ਨੂੰ ਕਮਿਊਨਲ ਅਵਾਰਡ ਰਾਹੀਂ ਪ੍ਰਾਪਤ ਹੋਇਆ ਸੀ। ਉਨ੍ਹਾਂ ਦੇ ਇਸ ਅਧਿਕਾਰ ਦਾ ਸਾਰੇ ਗੈਰ ਮੁਸਲਮਾਨਾਂ ਨੇ ਸਖਤ ਵਿਰੋਧ ਕੀਤਾ, ਇਸ ਤੋਂ ਉਨ੍ਹਾਂ ਨੂੰ ਵਿਧਾਨ ਸਭਾ ਵਿਚ 50 ਪ੍ਰਤੀਸ਼ਤ ਨਾਲ ਸੰਵਿਧਾਨਿਕ ਬਹੁ ਗਿਣਤੀ ਪ੍ਰਾਪਤ ਹੁੰਦੀ ਸੀ ਅਤੇ ਹੋਰਾਂ ਦਾ ਸੰਵਿਧਾਨਿਕ ਦ੍ਰਿਸ਼ਟੀ ਤੋਂ ਮਹੱਤਵ ਨਹੀਂ ਸੀ ਰਹਿੰਦਾ। ਇਨ੍ਹਾਂ ਹਿੰਦੂਆਂ, ਜਿਹੜੇ ਆਬਾਦੀ ਦਾ 30 ਪ੍ਰਤੀਸ਼ਤ ਸਨ, ਨੇ ਇਹ ਦਲੀਲ ਦਿੱਤੀ ਕਿ ਬਹੁ ਗਿਣਤੀ ਵਾਲੇ ਸਮਾਜ ਲਈ ਸੀਟਾਂ ਦੀ ਰਿਜ਼ਰਵੇਸ਼ਨ ਨਹੀਂ ਹੋਣੀ ਚਾਹੀਦੀ ਸੀ। ਇਸ ਲਈ ਉਨ੍ਹਾਂ ਨੇ ਮੰਗ ਕੀਤੀ ਕਿ ਉਨ੍ਹਾਂ ਨੂੰ ਉਹ ਅਧਿਕਾਰ ਅਤੇ ਹੋਰ ਸਹੂਲਤਾਂ ਮਿਲਣੀਆਂ ਚਾਹੀਦੀਆਂ ਸਨ ਜੋ ਕੁਝ ਹੋਰ ਪ੍ਰਾਂਤਾਂ ਵਿਚ ਮਿਲੀਆਂ ਹੋਈਆਂ ਸਨ, ਜਿਥੋਂ ਜਿਥੇ ਉਹ ਘੱਟ ਗਿਣਤੀ ਵਿਚ ਸਨ। ਦੂਜੀ ਗੱਲ ਇਹ ਕੀਤੀ ਗਈ ਕਿ ਵਿਧਾਨ ਸਭਾ ਵਿਚ ਮੁਸਲਮਾਨਾਂ ਨੂੰ 50 ਪ੍ਰਤੀਸ਼ਤ ਤੋਂ ਘੱਟ ਸੀਟਾਂ ਮਿਲਣੀਆਂ ਚਾਹੀਦੀਆਂ ਸਨ ਤਾਂ ਜੋ ਸਮਾਜ ਦੇ ਇਕ ਵਰਗ ਜਾਂ ਦੂਜੇ ਵਰਗ ਉਤੇ ਰਾਜ ਨਾ ਹੋ ਸਕੇ।

**3. ਗੋਲਮੇਜ਼ ਕਾਨਫਰੰਸਾਂ** : ਗੋਲਮੇਜ਼ ਕਾਨਫਰੰਸ ਵਿਚ ਸਿੱਖਾਂ ਤੇ ਪ੍ਰਤੀਨਿਧਾਂ ਨੇ ਇਸ ਪ੍ਰਸ਼ਨ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਦਿੱਤੇ ਕਿ ਪੰਜਾਬ ਵਿਚ ਮੁਸਲਮਾਨ ਆਪਣੀ ਜ਼ਿਆਦਾ ਗਿਣਤੀ ਨੂੰ ਕਾਨੂੰਨ ਰਾਹੀਂ ਮਿਲੀ ਦਸਦੇ ਹਨ। ਜੇ ਮੁਸਲਮਾਨਾਂ ਦੀ ਇਸ ਜ਼ਿਆਦਾ ਗਿਣਤੀ ਲਈ ਕੀਤੀ ਅਲਗ ਚੋਣ ਦਾ ਆਧਾਰ ਹੈ ਤੇ ਕੀਤੀ ਗਈ ਤਾਂ ਇਸ ਦਾ ਇਹ ਅਰਥ ਹੋਵੇਗਾ ਕਿ ਸਮਾਜ ਦੇ ਹੋਰ ਵਰਗ ਚੁਣੇ ਗਏ ਸਥਾਈ ਬਹੁ ਗਿਣਤੀ ਨੂੰ ਪ੍ਰਭਾਵਿਤ ਨਹੀਂ ਸਨ ਕਰ ਸਕਦੇ ਕਿਉਂਕਿ ਉਨ੍ਹਾਂ ਮਤਦਾਤਾਵਾਂ ਦੇ ਪ੍ਰਭਾਵ ਹੇਠ ਰਹਿਣਾ ਸੀ ਜਿਨਾਂ ਨੇ ਉਨਾਂ ਨੂੰ ਸੰਪ੍ਰਦਾਇਕ ਉਦੇਸ਼ਾਂ ਅਤੇ ਇਰਾਦਿਆਂ ਦੇ ਆਧਾਰ ਉਤੇ ਚੁਣਿਆ ਸੀ।

ਇਸ ਤਰ੍ਹਾਂ ਵੇਖਣ ਵਿਚ ਆਉਂਦਾ ਹੈ ਕਿ ਸਮਾਜ ਦੇ ਤਿੰਨ ਵਰਗਾਂ ਦੀਆਂ ਮੰਗਾਂ ਕਾਨੂੰਨੀ ਤੌਰ ਤੇ ਠੀਕ ਸਨ, ਪਰ ਇਸ ਪ੍ਰਸ਼ਨ ਨੂੰ ਹੱਲ ਨਹੀਂ ਸੀ ਕੀਤਾ ਜਾ ਸਕਦਾ। ਜੇਕਰ ਸਿੱਖਾਂ ਨੂੰ ਕਾਫੀ ਮਹੱਤਵ ਦਿੱਤਾ ਜਾਂਦਾ ਤਾਂ ਵਿਧਾਨ ਸਭਾ ਵਿਚ ਮੁਸਲਮਾਨਾਂ ਨੂੰ ਆਪਣੀ ਬਹੁਤ ਹੀ ਥੋੜ੍ਹੀ ਜ਼ਿਆਦਾ ਗਿਣਤੀ ਤੋਂ ਹੱਥ ਧੋਣਾ ਪੈਣਾ ਸੀ। ਜੇਕਰ ਸਿੱਖਾਂ ਨੂੰ ਕੁਝ ਨਾ ਦਿੱਤਾ ਜਾਂਦਾ ਤਾਂ ਉਨ੍ਹਾਂ ਨਾਲ ਧੋਖਾ ਸੀ ਕਿਉਂਕਿ ਹੋਰ ਪ੍ਰਾਂਤਾਂ ਵਿਚ ਘੱਟ ਗਿਣਤੀ ਦੇ ਮੁਸਲਿਮ ਵਰਗ ਨੂੰ ਵਿਸ਼ੇਸ਼ ਅਧਿਕਾਰ ਪਹਿਲਾਂ ਤੋਂ ਹੀ ਪ੍ਰਾਪਤ ਸਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੰਜਾਬ ਵਿਚ ਸਮਾਜ ਇਸ ਤਰ੍ਹਾ ਵੰਡਿਆ ਹੋਇਆ ਸੀ ਕਿ ਉਨ੍ਹਾਂ ਵਿਚ ਫਿਰਕੂ ਈਰਖਾ ਦੀ ਭਾਵਨਾ ਪੈਦਾ ਹੋ ਚੁੱਕੀ ਸੀ ਅਤੇ ਇਸ ਪ੍ਰਸ਼ਨ ਨੂੰ ਹਲ ਕਰਨਾ ਨਾ ਮੁਮਕਿਨ ਦਿਸਦਾ ਸੀ।

ਨਹਿਰੂ ਰਿਪੋਰਟ ਵਿਚ ਇਹ ਠੀਕ ਕਿਹਾ ਗਿਆ ਕਿ ਪੰਜਾਬ ਵਿਚ ਸੰਪ੍ਰਦਾਇਕ ਭਾਵਨਾ ਦੇ ਸਿੱਟੇ ਵਜੋਂ ਪੈਦਾ ਹੋਏ ਹਾਲਾਤਾਂ ਨੇ ਕੋਈ ਵੀ ਸੰਤੋਖ ਪੂਰਨ ਇਸ ਪ੍ਰਸ਼ਨ ਦਾ ਹੱਲ ਨਹੀਂ ਸੀ ਕੱਢਣ ਦਿੱਤਾ। ਭਾਵੇਂ ਹੋਰ ਵੀ ਕਈ ਕਾਰਣ ਸਨ, ਪਰ ਫਿਰਕੂ ਈਰਖਾ ਦੀਆਂ ਭਾਵਨਾਵਾਂ ਨੇ ਇਨ੍ਹਾਂ ਹਾਲਤਾਂ ਨੂੰ ਇਨ੍ਹਾਂ ਜ਼ਹਿਰੀਲਾ ਬਣਾ ਦਿੱਤਾ ਕਿ ਪੰਜਾਬ ਦੇ ਬਿਨਾ ਵੰਡੇ ਪ੍ਰਸ਼ਨ ਦਾ ਹੱਲ ਨਹੀਂ ਸੀ ਲੱਭਣਾ। ਸੰਪ੍ਰਦਾਇਕ ਸਮੱਸਿਆ ਨੂੰ ਹੱਲ ਕਰਨ ਲਈ ਜੌਫਰੀ ਕੋਰਬਟ ਨੇ ਇਕ ਸਕੀਮ ਦਿੱਤੀ।

**4. ਸਰ ਜੋਫਰੀ ਕੋਰਬੱਟ ਦੀ ਸਕੀਮ** : ਜੌਫਰੀ ਕੋਰਬੱਟ ਨੇ ਇਕ ਸਕੀਮ ਪੇਸ਼ ਕੀਤੀ। ਉਹ ਪਹਿਲਾਂ ਪੰਜਾਬ ਵਿਖੇ ਕਮਿਸ਼ਨਰ ਰਹਿ ਚੁੱਕਾ ਸੀ। ਉਸ ਨੇ ਸਮਾਜ ਦੇ ਇਕ ਵਰਗ ਦੀ ਪ੍ਰਭੁਤਾ ਬਣਾਉਣ ਲਈ ਇਹ ਰਾਏ ਦਿੱਤੀ ਕਿ ਪੰਜਾਬ ਤੋਂ ਅੰਬਾਲਾ ਡਵੀਜ਼ਨ ਨੂੰ ਵੱਖ ਕਰ ਦਿੱਤਾ ਜਾਵੇ। ਉਸ ਨੇ ਇਹ ਦਲੀਲ ਦਿੱਤੀ ਕਿ ਇਤਿਹਾਸਿਕ ਦ੍ਰਿਸ਼ਟੀ ਤੋਂ ਅੰਬਾਲਾ ਹਿੰਦੁਸਤਾਨ ਦਾ ਹਿੱਸਾ ਬਣਾਇਆ ਜਾਣਾ ਕੇਵਲ ਇਕ ਇਤਫਾਕ ਦੀ ਗੱਲ ਹੀ ਸੀ। ਇਥੋਂ ਦੇ ਲੋਕਾਂ ਦੀ ਭਾਸ਼ਾ ਹਿੰਦੁਸਤਾਨੀ ਸੀ ਨਾ ਕਿ ਪੰਜਾਬੀ। ਇਥੋਂ ਦੇ ਲੋਕ ਜ਼ਿਆਦਾ ਮੇਰਠ ਅਤੇ ਆਗਰਾ ਡਵੀਜ਼ਨਾਂ ਵਾਂਗ ਸਨ। ਅੰਬਾਲਾ ਡਿਵੀਜ਼ਨ ਦੀ ਭੂੰਮੀ ਦੀ ਸਿੰਚਾਈ ਵੀ ਪੰਜਾਬ ਦੀਆਂ ਨਹਿਰਾਂ ਤੋਂ ਨਾ ਹੋ ਕੇ ਜਮਨਾ ਤੋਂ ਹੀ ਹੁੰਦੀ ਸੀ। ਇਹੀ ਕਾਰਣ ਸੀ ਕਿ ਇਹ ਸੋਚਣਾ ਬਿਲਕੁਲ ਉਚਿਤ ਸੀ ਕਿ ਪੰਜਾਬ ਵਿਖੇ ਕੋਈ ਵੀ ਨੈਸ਼ਨਲ ਸਕੀਮ ਅਪਣਾਉਂਦਿਆਂ ਹੋਇਆ ਸ਼ਿਮਲਾ ਦੇ ਜ਼ਿਲ੍ਹੇ ਅਤੇ ਅੰਬਾਲਾ ਤੇ ਉੱਤਰੀ ਪੱਛਮੀ ਕਿਨਾਰੇ ਨੂੰ ਬਾਹਰ ਕੱਢ ਕੇ ਬਾਕੀ ਦਾ ਪੂਰਾ ਅੰਬਾਲਾ ਡਿਵੀਜ਼ਨ ਪੰਜਾਬ ਤੋਂ ਵੱਖ ਕਰਨਾ ਉਚਿਤ ਹੋਵੇਗਾ। ਉਸਦੀ ਇਸ

ਸਕੀਮ ਵੱਲ ਪੰਜਾਬ ਦੇ ਲੋਕਾਂ ਦਾ ਫੌਰੀ ਧਿਆਨ ਗਿਆ।

ਜਦ ਗਾਂਧੀ ਜੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਖੇ ਹਿੱਸਾ ਲੈਣ ਗਏ ਤਾਂ ਉਥੇ ਉਨ੍ਹਾਂ ਨੇ ਇਸ ਸਕੀਮ ਨੂੰ ਇਸ ਸਭਾ ਦੇ ਸਾਰੇ ਮੈਂਬਰਾਂ ਵਿਚ ਸਰਕੁਲੇਟ ਕੀਤਾ। ਅੰਬਾਲਾ ਡਵੀਜ਼ਨ ਨੂੰ ਬਾਕੀ ਦੇ ਪੰਜਾਬ ਤੋਂ ਵੱਖ ਕਰਨ ਤੋਂ ਭਾਵ ਸੀ ਕਿ ਪੰਜਾਬ ਦੀ ਆਬਾਦੀ ਵਿਚੋਂ 3,09,900 ਹਿੰਦੂ, 2,40,286 ਸਿੱਖ ਅਤੇ 1,498,136 ਮੁਸਲਿਮ ਬਾਹਰ ਜਾਣ ਵਾਲੇ ਸਨ। ਸਿੱਟੇ ਵਜੋਂ ਬਾਕੀ ਦੇ ਪੰਜਾਬ ਵਿਚੋਂ ਮੁਸਲਮਾਨਾਂ ਦੀ ਜ਼ਿਆਦਾ ਗਿਣਤੀ ਹੋ ਜਾਣੀ ਸੀ ਜਿਸ ਨਾਲ ਫਿਰਕੂ ਮਸਲੇ ਦਾ ਹੱਲ ਹੋ ਜਾਣਾ ਸੀ। ਪਰ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਨੂੰ ਇਹ ਮਤ ਪਸੰਦ ਨਹੀਂ ਸੀ, ਕਿਉਂਕਿ ਇਸਨੇ ਹਿੰਦੂਆਂ ਦੀ ਗਿਣਤੀ ਨੂੰ ਹੋਰ ਘੱਟ ਕਰ ਦੇਣਾ ਸੀ ਅਤੇ ਨਾਲ ਹੀ ਪੰਜਾਬ ਵਿਖੇ ਵੱਖ-ਵੱਖ ਵਰਗਾਂ ਵਿਚ ਸੁੰਤਲਨ ਨੂੰ ਪੂਰੀ ਤਰਾਂ ਵਿਗੜ ਜਾਣਾ ਸੀ। ਸਿੱਟੇ ਵਜੋਂ ਕਮੇਟੀ ਨੇ ਇਹ ਸਿਫਾਰਸ਼ ਕੀਤੀ ਕਿ ਸਮੇਂ ਦੇ ਹਾਲਾਤਾਂ ਅਨੁਸਾਰ ਅਲੱਗ ਸਮਾਜ ਦੇ ਵਰਗਾਂ ਵਿਚਕਾਰ ਬਹੁਤ ਜ਼ਿਆਦਾ ਫਰਕ ਰਖਣ ਜਾਂ ਕਰਨ ਨਾਲ ਪ੍ਰਾਂਤ ਦੇ ਹਿੱਤਾਂ ਦੇ ਖਿਲਾਫ ਹੋਵੇਗਾ।

ਸਰ ਜੋਫਰੀ ਕੋਰਬੱਟ ਦੀ ਯੋਜਨਾ ਦੇ ਖਿਲਾਫ ਗੋਲਮੇਜ਼ ਕਾਨਫਰੰਸ ਵਿਚ ਗਏ ਸਿੱਖਾਂ ਦੇ ਨੁਮਾਇੰਦਿਆਂ ਨੇ ਪੰਜਾਬ ਦੇ ਇਲਾਕੇ ਲਈ ਇਕ ਹੋਰ ਯੋਜਨਾ ਪੇਸ਼ ਕੀਤੀ। ਉਨ੍ਹਾਂ ਨੇ ਆਪਣੇ ਮੈਮੋਰੰਡਮ ਵਿਚ ਇਹ ਕਿਹਾ ਕਿ ਉਹ ਇਹੋ ਜਿਹੀ ਜ਼ਮੀਨ ਦੀ ਵੰਡ ਤੇ ਸੰਗਠਨ ਲਈ ਕਹਿੰਦੇ ਸਨ ਜਿਸ ਦੇ ਆਧਾਰ ਤੇ ਪੰਜਾਬ ਵਿਚੋਂ ਰਾਵਲਪਿੰਡੀ ਅਤੇ ਮੁਲਤਾਨ ਡਵੀਜ਼ਨ (ਜਿਸ ਵਿਚੋਂ ਮਿੰਟਗੁਮਰੀ ਅਤੇ ਲਾਇਲਪੁਰ ਦੇ ਜ਼ਿਲ੍ਹੇ ਛੱਡ ਦਿੱਤੇ ਜਾਣ) ਕੱਢ ਦਿਤੇ ਜਾਣ। ਇਨ੍ਹਾਂ ਡਵੀਜ਼ਨਾਂ ਵਿਚ ਮੁਸਲਿਮ ਜ਼ਿਆਦਾ ਗਿਣਤੀ ਵਿਚ ਸਨ ਅਤੇ ਉਹ ਜ਼ਿਆਦਾ ਉੱਤਰ ਪੱਛਮੀ ਸਰਹੰਦੀ ਪ੍ਰਾਂਤ ਨਾਲ ਮੇਲ ਖਾਂਦੇ ਸਨ। ਦੂਜੇ ਪਾਸੇ ਰਾਵਲਪਿੰਡੀ ਤੇ ਮੁਲਤਾਨ ਦੇ ਜ਼ਿਲ੍ਹਿਆਂ ਦੇ ਨਿਕਲ ਜਾਣ ਮਗਰੋਂ ਬਾਕੀ ਦੇ ਪੰਜਾਬ ਵਿਚ ਹਿੰਦੂਆਂ ਅਤੇ ਸਿੱਖਾਂ ਨੇ ਬਹੁ-ਗਿਣਤੀ ਵਿਚ ਰਹਿ ਜਾਣਾ ਸੀ।

**4.1 ਮੁਸਲਿਮ ਲੀਗ ਦਾ ਲਾਹੌਰ ਮਤਾ** : 1940 ਈ. ਵਿਚ ਮੁਸਲਿਮ ਲੀਗ ਦੇ ਲਾਹੌਰ ਦੇ ਮਤੇ (ਇਸ ਨੂੰ ਪਾਕਿਸਤਾਨ ਮਤੇ ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ) ਦੀਆਂ ਸ਼ਰਤਾਂ ਵਿਚ ਇਹ ਸਪੱਸ਼ਟ ਕੀਤਾ ਗਿਆ ਕਿ ਮੁਸਲਿਮ ਰਾਜ ਉਨ੍ਹਾਂ ਇਕਾਈਆਂ ਦੇ ਮੇਲ ਨਾਲ ਬਣੇਗਾ ਜਿਹੜੀਆਂ ਭੂਗੋਲਿਕ ਦ੍ਰਿਸ਼ਟੀ ਤੋਂ ਇਕ ਦੂਜੇ ਨਾਲ ਜੁੜੀਆਂ ਹੋਣਗੀਆਂ। ਇਸ ਤਰ੍ਹਾਂ ਅੰਬਾਲਾ ਡਵੀਜ਼ਨ ਨੂੰ ਬਾਹਰ ਰੱਖਣਾ ਵੀ ਸੀ ਕਿਉਂਕਿ ਪੂਰਾ ਪੰਜਾਬ ਪਾਕਿਸਤਾਨ ਵਿਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ ਸੀ, ਕਿਉਂਕਿ ਪੰਜਾਬ ਵਿਚ ਇਸ ਤਰ੍ਹਾਂ ਦੇ ਕਈ ਖੇਤਰ ਸਨ ਜਿਨ੍ਹਾਂ ਵਿਚ ਮੁਸਲਮਾਨਾਂ ਦੀ ਜ਼ਿਆਦਾ ਗਿਣਤੀ ਨਹੀਂ ਸੀ ਅਤੇ ਭੂਗੋਲਿਕ ਨਜ਼ਰ ਤੋਂ ਇਹ ਖੇਤਰ ਜ਼ਿਆਦਾ ਗਿਣਤੀ ਵਾਲੇ ਖੇਤਰ ਨਾਲ ਨਹੀਂ ਸਨ ਲਗਦੇ।

**5. ਸਰ ਸਟਾਫੋਰਡ ਕ੍ਰਿਪਸ ਦਾ ਡਰਾਫਟ ਡੈਕਲੇਰੇਸ਼ਨ** : 1942 ਈ. ਦਾ ਸਰ ਸਟਾਫੋਰਡ ਕ੍ਰਿਪਸ ਦਾ ਡਰਾਫਟ ਡੈਕਲੇਰੇਸ਼ਨ ਪੰਜਾਬ ਦੇ ਇਤਿਹਾਸ ਵਿਚ ਇਕ ਮਹੱਤਵਪੂਰਣ ਕਦਮ ਸੀ। ਇਸ ਯੋਜਨਾ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਇਨ੍ਹਾਂ ਨਵੇਂ ਪ੍ਰਾਂਤਾਂ ਨੂੰ ਨਵੇਂ ਸੰਵਿਧਾਨ ਦਿੱਤੇ ਜਾਣੇ ਸਨ ਜਿਨ੍ਹਾਂ ਰਾਹੀਂ ਉਨ੍ਹਾਂ ਨੂੰ ਕੇਂਦਰ ਦੇ ਬਰਾਬਰ ਸਥਾਨ ਪ੍ਰਾਪਤ ਹੋਣਾ ਸੀ। ਇਸ ਡਰਾਫਟ ਡੈਕਲਰੇਸ਼ਨ ਰਾਹੀਂ ਇਕ ਤਰ੍ਹਾਂ ਨਾਲ ਪਾਕਿਸਤਾਨ ਦੀ ਮੰਗ ਮੰਨ ਲਈ ਗਈ। ਇਸ ਤਰ੍ਹਾਂ ਸਪੱਸ਼ਟ ਰੂਪ ਵਿਚ ਮੁਸਲਮਾਨਾਂ ਨੂੰ ਪੂਰਾ ਪਾਕਿਸਤਾਨ ਪ੍ਰਾਪਤ ਹੁੰਦਾ ਸੀ ਜਿਸ ਤਰ੍ਹਾਂ ਕਿ ਉਹ ਚਾਹੁੰਦੇ ਸਨ ਅਤੇ ਪੰਜਾਬ ਤੇ ਬੰਗਾਲ ਦੀ ਵੰਡ ਦਾ ਕੋਈ ਡਰ ਨਹੀਂ ਸੀ। ਸਰ ਕ੍ਰਿਪਸ ਨੇ ਜਿਨਹਾ ਨੂੰ 2 ਅਪ੍ਰੈਲ, 1942 ਈ. ਦੇ ਦਿਨ ਇਕ ਚਿੱਠੀ ਵਿਚ ਲਿਖਿਆ ਸੀ ਕਿ ਵੰਡ ਦਾ ਇਕ ਪ੍ਰਾਂਤ ਨੂੰ ਜਿਸ ਨੂੰ ਅਸੈਂਬਲੀ ਵਿਚ 60 ਪ੍ਰਤੀਸ਼ਤ ਵੋਟ ਪ੍ਰਾਪਤ ਹੋਣਗੇ ਇਸ ਨੂੰ ਭਾਰਤ ਤੋਂ ਵੱਖ ਹੋਣ ਦੇ ਪੂਰੇ ਅਧਿਕਾਰ ਹੋਣਗੇ। ਜੇਕਰ ਇਕ ਪਾਰਟੀ ਨੂੰ 60 ਪ੍ਰਤੀਸ਼ਤ ਵੋਟ ਕਰਨਾ ਹੁੰਦਾ ਤਾਂ ਪਾਰਟੀ ਪ੍ਰਾਂਤ ਦੀ ਪੂਰੀ ਆਬਾਦੀ ਦੀ ਮਰਦਮ ਸ਼ੁਮਾਰੀ ਦੀ ਮੰਗ ਕਰ ਸਕਦੀ ਸੀ।

ਇਸ ਤੋਂ ਪੰਜਾਬ ਵਿਖੇ ਸਿੱਖਾਂ ਨੂੰ ਬਹੁਤ ਜ਼ਿਆਦਾ ਖਤਰਾ ਪੈਦਾ ਹੋ ਗਿਆ, ਕਿਉਂਕਿ ਇਸ ਤੋਂ ਭਾਵ ਇਹ ਸੀ ਕਿ ਪੰਜਾਬ ਜਿਥੇ ਮੁਸਲਿਮ ਬਹੁ-ਗਿਣਤੀ ਵਿਚ ਸਨ, ਕੇਂਦਰ ਤੋਂ ਅਲੱਗ ਹੋ ਸਕਦਾ ਸੀ ਅਤੇ ਇੰਡੀਅਨ

ਯੂਨੀਅਨ ਦੇ ਬਾਹਰ ਸਥਾਨ ਪ੍ਰਾਪਤ ਕਰ ਸਕਦਾ ਸੀ। ਇਸ ਤਰ੍ਹਾਂ ਸਿੱਖਾਂ ਅਤੇ ਹਿੰਦੂਆਂ ਉਤੇ ਮੁਸਲਮਾਨਾਂ ਦੀ ਸੱਤਾ ਸਥਾਪਿਤ ਹੋ ਜਾਣੀ ਸੀ। ਇਸ ਲਈ ਹੁਣ ਸਿੱਖਾਂ ਨੇ ਸਰ ਸਟੇਫੋਰਡ ਕੋਲ ਇਕ ਮੈਮੋਰੰਡਮ ਭੇਜ ਕੇ ਜ਼ੋਰਦਾਰ ਵਿਰੋਧ ਪ੍ਰਗਟ ਕੀਤਾ ਅਤੇ ਨਾਲ ਇਹ ਕਿਹਾ ਕਿ ਪੰਜਾਬ ਵਿਚ ਉਸ ਦੀ ਪੁਜੀਸ਼ਨ ਨੂੰ ਆਖਰਕਾਰ ਖਤਮ ਕਰ ਦਿੱਤਾ ਗਿਆ ਸੀ।

**5.1 ਪੰਜਾਬ ਵਿਚ ਸਿੱਖਾਂ ਨੂੰ ਖਤਰਾ** : ਜਦ ਸਿੱਖਾਂ ਨੂੰ ਵਿਸ਼ਵਾਸ ਹੋ ਗਿਆ ਕਿ ਪਾਕਿਸਤਾਨ ਹਰ ਹਾਲਤ ਵਿਚ ਬਣੇਗਾ ਤਾਂ ਉਨ੍ਹਾਂ ਨੇ ਪੰਜਾਬ ਦੀ ਵੰਡ ਦੀ ਸਲਾਹ ਸਰਕਾਰ ਅੱਗੇ ਰੱਖੀ। ਮੈਮੋਰੰਡਮ ਵਿਚ ਇਹ ਕਿਹਾ ਗਿਆ ਕਿ ਜੇ ਸਿੱਖਾਂ ਨੂੰ ਆਪਣੀ ਅਧਿਕਾਰਪੂਰਣ ਪੁਜ਼ੀਸ਼ਨ ਪ੍ਰਾਪਤ ਨਹੀਂ ਹੁੰਦੀ ਜਾਂ ਉਹ ਆਪਣੇ ਹਿੱਤਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਸੁਰੱਖਿਆ ਨਹੀਂ ਕਰ ਸਕਦੇ ਸਨ ਤਾਂ ਉਹ ਕਿਤੇ ਦੇ ਵੀ ਨਹੀਂ ਰਹਿੰਦੇ ਸਨ। ਆਪਣੇ ਹਿੱਤਾਂ ਦੀ ਸੁਰੱਖਿਆ ਲਈ, ਸਿੱਖਾਂ ਨੇ ਮਹਿਸੂਸ ਕੀਤਾ ਕਿ ਇਸ ਪ੍ਰਾਂਤ ਨੂੰ ਦੋ ਹਿੱਸਿਆ ਵਿਚ ਵੰਡਿਆ ਜਾਣਾ ਜ਼ਰੂਰੀ ਸੀ ਅਤੇ ਦੋਹਾਂ ਹਿੱਸਿਆਂ ਵਿਚੋਂ ਰਾਵੀ ਨਦੀ ਵਿਚ ਉਹ ਸੀਮਾ ਬਣਾਉਣਾ ਚਾਹੁੰਦੇ ਸਨ। ਇਹ ਵੀ ਕਿਹਾ ਗਿਆ ਕਿ ਉਸ ਸਮੇਂ ਦੇ ਪੰਜਾਬ ਦੇ ਪ੍ਰਾਂਤ ਦੀਆਂ ਸਰਹੱਦਾਂ ਨੂੰ ਨਵਾਂ ਰੂਪ ਦਿੱਤਾ ਜਾਣਾ ਚਾਹੀਦਾ ਹੈ, ਜਿਸ ਵਿਚ ਅੰਮ੍ਰਿਤਸਰ, ਗੁਰਦਾਸਪੁਰ ਅਤੇ ਲਾਹੌਰ ਜ਼ਿਲ੍ਹੇ ਵੀ ਸ਼ਾਮਿਲ ਹੋਣ। ਇਥੇ ਇਹ ਗੱਲ ਚੇਤੇ ਰੱਖਣੀ ਬਹੁਤ ਹੀ ਮਹੱਤਵਪੂਰਣ ਹੋਵੇਗੀ ਕਿ ਸਿੱਖਾਂ ਰਾਹੀਂ ਦਿਤੀ ਗਈ ਨਵੇਂ ਪ੍ਰਾਂਤ ਦੀ ਰੂਪ ਰੇਖਾ ਨੂੰ ਰੈਡਕਲਿਫ ਅਵਾਰਡ ਵਿਚ ਕਾਫੀ ਹੱਦ ਤਕ ਪੂਰਾ ਕੀਤਾ ਗਿਆ।

**5.2 ਮੁਸਲਿਮ ਰਾਜ ਮੰਗ ਦਾ ਵਿਰੋਧ** : ਮੁਸਲਿਮ ਲੀਗ ਦੀ ਇਕ ਅਲੱਗ ਮੁਸਲਿਮ ਰਾਜ ਦੀ ਮੰਗ ਦਾ ਵਿਰੋਧ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਸਿਖ ਰਾਜ ਦੀ ਮੰਗ ਸਾਹਮਣੇ ਰਖੀ। ਇਸ ਮੰਗ ਦੀ ਖਾਸ ਗੱਲ ਅਤੇ ਉਦੇਸ਼ ਪੰਜਾਬ ਦੀ ਵੰਡ ਦੀ ਸਕੀਮ ਉਤੇ ਜ਼ੋਰ ਪਾਉਣਾ ਸੀ। ਇਹ ਇਸ ਗੱਲ ਤੇ ਨਿਰਭਰ ਸੀ ਕਿ ਉਸ ਸਮੇਂ ਪੰਜਾਬ ਪ੍ਰਾਂਤ ਨੂੰ ਇਸ ਤਰ੍ਹਾਂ ਵੰਡਿਆ ਜਾਵੇ ਕਿ ਸੈਂਟਰਲ, ਉੱਤਰੀ ਪੂਰਬੀ ਅਤੇ ਦੱਖਣ ਪੂਰਬੀ ਪੰਜਾਬ ਵਿਚ ਇਕ ਸਵੈ ਸੱਤਾ ਵਾਲਾ ਸਿੱਖ ਰਾਜ ਬਣ ਸਕੇ ਤਾਂ ਜੋ ਸਿੱਖ ਆਬਾਦੀ ਉਥੇ ਰਹੇ। ਇਸ ਸਿੱਖ ਰਾਜ ਵਿਚ ਸੈਂਟਰਲ ਪੰਜਾਬ ਦੇ ਨਾਲ–ਨਾਲ ਲਾਹੌਰ ਤੇ ਜਲੰਧਰ ਡਵੀਜ਼ਨ ਅਤੇ ਅੰਬਾਲਾ, ਮੁਲਤਾਨ ਅਤੇ ਉੱਤਰ ਪੂਰਬ ਦੇ ਕੁਝ ਪਹਾੜੀ ਇਲਾਕੇ ਵੀ ਸ਼ਾਮਿਲ ਹੋਣੇ ਸਨ।

**6. ਰਾਜ ਗੋਪਾਲ ਅਚਾਰੀਆ ਫਾਰਮੂਲਾ** : ਰਾਜ ਗੋਪਾਲ ਅਚਾਰੀਆ ਫਾਰਮੂਲੇ ਵਿਚ ਇਹ ਗੱਲ ਮੰਨੀ ਗਈ ਕਿ ਉਨ੍ਹਾਂ ਜ਼ਿਲ੍ਹਿਆਂ ਨੂੰ ਜਿਥੇ ਮੁਸਲਿਮ ਜ਼ਿਆਦਾ ਗਿਣਤੀ ਵਿਚ ਸਨ ਅਤੇ ਨਾਲ ਹੀ ਭੂਗੋਲਿਕ ਨਜ਼ਰ ਤੋਂ ਇਕ ਦੂਜੇ ਨਾਲ ਜੁੜੇ ਹੋਏ ਹਨ, ਉਹ ਵੱਖ ਕਰ ਲੈਣੇ ਚਾਹੀਦੇ ਹਨ। ਇਸ ਫਾਰਮੂਲੇ ਵਿਚ ਕਿਹਾ ਗਿਆ ਕਿ ਇਕ ਕਮਿਸ਼ਨ ਬਣਾਇਆ ਜਾਵੇਗਾ ਜਿਸ ਦਾ ਕੰਮ ਉੱਤਰ ਪੱਛਮ ਅਤੇ ਭਾਰਤ ਦੇ ਪੂਰਬ ਵਿਚ ਉਨ੍ਹਾਂ ਜ਼ਿਲ੍ਹਿਆਂ ਨੂੰ ਦਸਣਾ ਸੀ ਜਿਥੇ ਮੁਸਲਿਮ ਆਬਾਦੀ ਪੂਰੀ ਤਰ੍ਹਾਂ ਬਹੁ ਗਿਣਤੀ ਵਿਚ ਸੀ ਅਤੇ ਉਹ ਜਿਲ੍ਹੇ ਇਕ ਦੂਜੇ ਨਾਲ ਜੁੜੇ ਹੋਏ ਸਨ। ਕਾਂਗਰਸ ਨੇ ਇਹ ਸਿਧਾਂਤ ਮੰਨ ਲਿਆ ਕਿ ਉਨ੍ਹਾਂ ਇਲਾਕਿਆਂ ਨੂੰ ਸਵੈ–ਸਤਾ ਦਾ ਅਧਿਕਾਰ ਦੇ ਦਿੱਤਾ ਜਾਵੇ। ਪਰ ਇਸ ਯੋਜਨਾ ਨੇ ਸਿੱਖਾਂ ਤੇ ਕਾਫੀ ਪ੍ਰਭਾਵ ਪਾਇਆ, ਕਿਉਂਕਿ ਇਸ ਫਾਰਮੂਲੇ ਵਿਚ ਸਿੱਖਾਂ ਦੀ ਪੁਜ਼ੀਸ਼ਨ ਬਾਰੇ ਕੁਝ ਵੀ ਸਾਫ ਤੌਰ ਤੇ ਨਹੀਂ ਕਿਹਾ ਗਿਆ ਸੀ। ਆਪਣੀ ਪੁਜ਼ੀਸ਼ਨ ਨੂੰ ਸਪੱਸ਼ਟ ਕਰਨ ਲਈ ਸਿੱਖਾਂ ਨੇ ਆਜ਼ਾਦ ਪੰਜਾਬ ਦੀ ਸਕੀਮ ਸਾਹਮਣੇ ਲਿਆਉਂਦੀ। ਇਸ ਸਕੀਮ ਦੇ ਆਧਾਰ ਤੇ ਇਕ ਨਵੇਂ ਪੰਜਾਬ ਨੂੰ ਸੰਗਠਿਤ ਕਰਨਾ ਸੀ ਅਤੇ ਬਹੁ ਗਿਣਤੀ ਵਾਲੇ ਮੁਸਲਿਮ ਇਲਾਕਿਆਂ ਨੂੰ ਅਲਗ ਕਰ ਦਿੱਤਾ ਜਾਣਾ ਸੀ। ਇਹ ਦਲੀਲ ਦਿੱਤੀ ਗਈ ਕਿ ਇਹ ਇਕ ਆਦਰਸ਼ ਪ੍ਰਾਂਤ ਹੋਵੇਗਾ ਜਿਸ ਵਿਚ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੀ ਗਿਣਤੀ ਲਗਭਗ ਬਰਾਬਰ ਹੋਵੇਗੀ ਜੇਕਰ ਦੇਸ਼ ਦੀ ਵੰਡ ਹੋਵੇਗੀ ਤਾਂ ਉਹ ਹਾਲਤ ਵਿਚ ਇਹ ਪ੍ਰਾਂਤ ਭਾਰਤ ਵਿਖੇ ਹੀ ਰਹੇਗਾ। ਮਾਸਟਰ ਤਾਰਾ ਸਿੰਘ ਦੇ ਇਸ ਪ੍ਰਾਂਤ ਨੂੰ ਜਿਸ ਆਧਾਰ ਉਤੇ ਸੰਗਠਿਤ ਕੀਤਾ ਜਾਣਾ ਸੀ, ਉਸ ਬਾਰੇ ਆਪਣੀ ਇਕ ਵਿਧੀ ਵਿਚ ਸਰ ਸਟੇਫੋਰਡ ਕ੍ਰਿਪਸ ਨੂੰ ਲਿਖਿਆ ਕਿ ਸਿੱਖ ਕਿਸੇ ਵੱਡੇ ਹਿੱਸੇ ਵਿਚ ਦੂਜਿਆਂ ਤੇ ਸੱਤਾ ਨਹੀਂ ਜਮਾਂ ਸਕਦੇ ਅਤੇ ਇਸ ਲਈ ਸੱਤਾ ਚਾਹੁੰਦੇ ਵੀ ਨਹੀਂ ਸਨ। ਪਰ ਆਬਾਦੀ ਧਨ ਅਤੇ ਖੇਤਰ ਦੇ ਆਧਾਰ ਤੇ ਇਕ ਇਹੋ ਜਿਹਾ ਉਹ ਜ਼ਰੂਰ ਸੰਗਠਿਤ ਕਰਵਾਉਣਾ ਚਾਹੁੰਦੇ ਸਨ ਜਿਸ ਵਿਚੋਂ

ਕੋਈ ਦੂਜੇ ਸਮਾਜ ਦਾ ਵਰਗ ਤੇ ਆਪਸੀ ਸੱਤਾ ਨਾ ਥੋਪ ਨਾ ਸਕੇ।

**7. ਜਿਨਾਹ ਅਤੇ ਡਾ. ਇਕਬਾਲ ਦੇ ਵਿਚਾਰ** : ਮੁਹੰਮਦ ਅਲੀ ਜਿਨਾਹ ਨੇ ਨਿਊ ਕਰੋਨਿਕਲ ਲੰਡਨ ਦੇ ਨਗਮਾ ਨਿਗਾਰ ਨੂੰ ਆਪਣੀ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਹਿੰਦੂਆਂ ਅਤੇ ਮੁਸਲਮਾਨਾਂ ਦੇ ਆਪਸੀ ਫਰਕਾਂ ਨੂੰ ਦੂਰ ਕਰਨ ਦਾ ਇਕੋ ਹੀ ਵਿਵਹਾਰਿਕ ਅਤੇ ਸੱਚਾ ਢੰਗ ਇਹ ਸੀ ਕਿ ਭਾਰਤ ਨੂੰ ਦੋ ਆਜ਼ਾਦ ਮੁਲਕਾਂ–-ਪਾਕਿਸਤਾਨ ਅਤੇ ਹਿੰਦੁਸਤਾਨ ਵਿਚ ਵੰਡਿਆ ਜਾਵੇ। ਪੂਰੇ ਉੱਤਰੀ-ਪੂਰਬੀ ਸਰਹੰਦੀ ਪ੍ਰਾਂਤ, ਬਲੋਚਿਸਤਾਨ, ਸਿੰਧ, ਬੰਗਾਲ ਅਤੇ ਅਸਾਮ ਨੂੰ ਸੁਤੰਤਰ ਪ੍ਰਭੁਸੱਤਾ ਪ੍ਰਾਪਤ ਰਾਜ ਵਿਚ ਸੰਗਠਿਤ ਕੀਤਾ ਜਾਵੇ।

ਡਾ. ਇਕਬਾਲ ਜੋ ਪੰਜਾਬ ਦੇ ਇਕ ਮੰਨੇ ਪ੍ਰਮੰਨੇ ਕਵੀ ਸਨ ਕੇਵਲ ਮੁਸਲਮਾਨਾਂ ਲਈ ਅਲੱਗ ਰਾਜ ਬਣਾਉਣ ਦਾ ਵਿਚਾਰ ਹੀ ਨਹੀਂ ਸੀ ਦਿੱਤਾ, ਸਗੋਂ ਉਸਨੇ ਯੂਨੀਅਨਿਸਟ ਪਾਰਟੀ ਦੇ ਪ੍ਰਧਾਨ ਮੰਤਰੀ ਨੂੰ ਆਪਣੇ ਸਾਥੀਆਂ ਨਾਲ ਮੁਸਲਿਮ ਲੀਗ ਵਿਚ ਸ਼ਾਮਿਲ ਕਰਵਾਉਣ ਵਿਚ ਸਫਲਤਾ ਪ੍ਰਾਪਤ ਕੀਤੀ। ਅਸਲ ਵਿਚ ਡਾ. ਇਕਬਾਲ ਨੂੰ ਸਫ਼ਲਤਾ ਇਸ ਲਈ ਮਿਲੀ ਸੀ ਕਿਉਂਕਿ ਉਹ ਕਾਫੀ ਸਮੇਂ ਤੋਂ ਯੂਨੀਅਨਿਸਟ ਪਾਰਟੀ ਦੇ ਮੁਸਲਿਮ ਮੈਂਬਰਾਂ ਨੂੰ ਮੁਸਲਿਮ ਲੀਗ ਵਿਚ ਆਉਣ ਲਈ ਜ਼ੋਰ ਪਾਉਂਦੇ ਆ ਰਹੇ ਸਨ। ਯੂਨੀਅਨਿਸਟ ਪਾਰਟੀ ਦੇ ਮੁਸਲਿਮ ਮੈਂਬਰ ਇਹ ਐਲਾਨ ਕਰਨ ਲਈ ਤਿਆਰ ਸਨ ਕਿ ਭਾਰਤ ਦੇ ਮੁਸਲਮਾਨਾਂ ਲਈ ਲੀਗ ਜਿਹਨਾਂ ਵੀ ਵਿਸ਼ਿਆਂ ਨੂੰ ਆਪ ਹੱਥ ਵਿਚ ਲਵੇਗੀ, ਉਨ੍ਹਾਂ ਵਿਚ ਉਹ ਲੀਗ ਦਾ ਸਾਥ ਦੇਣਗੇ ਅਤੇ ਲੀਗ ਦੇ ਫੈਸਲਿਆਂ ਨੂੰ ਮੰਨਣਗੇ ।

**8. ਸਿਕੰਦਰ ਹਿਆਤ ਦਾ ਲੀਗ ਵਿਚ ਸ਼ਾਮਿਲ ਹੋਣਾ** : ਜੇ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਸਿਕੰਦਰ ਹਿਆਤ ਦਾ ਲੀਗ ਵਿਚ ਸ਼ਾਮਿਲ ਹੋਣਾ ਇਸ ਸਮੇਂ ਉਸ ਦੀ ਇਕ ਬਹੁਤ ਵੱਡੀ ਭੁੱਲ ਸੀ ਕਿਉਂਕਿ ਵਿਧਾਨ ਸਭਾ ਦੇ 175 ਮੈਂਬਰਾਂ ਵਿਚੋਂ 119 ਮੈਂਬਰ ਉਸ ਦੇ ਨਾਲ ਸਨ। ਸਿਕੰਦਰ ਨੇ ਆਪਣੇ ਇਸ ਕੰਮ ਨਾਲ ਯੂਨੀਅਨਿਸਟ ਪਾਰਟੀ ਨੂੰ ਬਿਲਕੁਲ ਕਮਜ਼ੋਰ ਬਣਾ ਦਿੱਤਾ, ਜਿਸ ਦਾ ਉਹ ਨੇਤਾ ਸੀ। ਇਸ ਪਾਰਟੀ ਦੇ ਸੰਸਥਾਪਕ ਸਰ ਫਜਲੀ ਹੁਸੈਨ ਦਾ ਇਹ ਕਹਿਣਾ ਸੀ ਕਿ ਪੰਜਾਬ ਦੇ ਰਾਜਨੀਤਿਕ ਪ੍ਰਸ਼ਨ ਨੂੰ ਜਦ ਵੀ ਫਿਰਕੂ ਢੰਗ ਨਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਯੂਨੀਅਨਿਸਟ ਪਾਰਟੀ ਖੇਰੂੰ ਖੇਰੂੰ ਹੋ ਜਾਵੇਗੀ। ਇਹੀ ਕਾਰਨ ਸੀ ਕਿ 1936 ਈ. ਵਿਚ ਸਰ ਫਜਲੀ ਹੁਸੈਨ ਨੇ ਜਿਨਾਹ ਨੂੰ ਆਪਣੀ ਪਾਰਟੀ ਨੂੰ ਮੁਸਲਿਮ ਲੀਗ ਵਿਚ ਸ਼ਾਮਿਲ ਹੋਣ ਤੋਂ ਮਨਾਹੀ ਕੀਤੀ, ਪਰ ਸਿਕੰਦਰ ਦੇ ਮੁਸਲਿਮ ਲੀਗ ਵਿਚ ਸ਼ਾਮਿਲ ਹੋਣ ਨਾਲ ਮੁਸਲਿਮ ਲੀਗ ਦੀ ਇੱਜ਼ਤ ਅਤੇ ਤਾਕਤ ਬਹੁਤ ਵੱਧ ਗਈ ਸੀ।

ਰਾਜਨੀਤਿਕ ਸਮਝੌਤਾ ਇਹ ਠੀਕ ਹੀ ਕਿਹਾ ਗਿਆ ਹੈ ਇਕ ਸਵਾਰ ਅਤੇ ਘੋੜੇ ਵਿਚਕਾਰ ਸੰਬੰਧਾਂ ਨੂੰ ਦੱਸਦਾ ਹੈ। ਇਸ ਵਿਚ ਮਿ. ਜਿਨਾਹ ਸਵਾਰ ਦੇ ਰੂਪ ਵਿਚ ਸਾਹਮਣੇ ਆਇਆ ਅਤੇ ਉਸ ਨੇ ਕਾਠੀ ਸਿਕੰਦਰ ਦੀ ਪਿੱਠ ਤੇ ਰੱਖੀ। ਦੋਹਾਂ ਨੇਤਾਵਾਂ ਵਿਚਕਾਰ ਭਾਰਤ ਦੇ ਭਵਿੱਖ ਦੇ ਸੰਵਿਧਾਨ ਦੇ ਸੰਬੰਧ 'ਚ ਕਾਫੀ ਮਤਭੇਦ ਸਨ। ਸਿਕੰਦਰ ਹਿਯਾਤ ਦੀ ਯੋਜਨਾ ਅਨੁਸਾਰ ਭਾਰਤ ਨੂੰ 7 ਜ਼ੋਨਾਂ ਵਿਚ ਵੰਡਿਆ ਜਾਣਾ ਸੀ ਅਤੇ ਯੋਜਨਾ ਦੀ ਆਪਣੀ ਹੀ ਖੇਤਰੀ ਅਸੈਂਬਲੀ ਹੋਣੀ ਸੀ। ਕੇਂਦਰ ਸਰਕਾਰ ਕੋਲ ਸੀਮਿਤ ਸ਼ਕਤੀਆਂ ਹੋਣੀਆਂ ਸਨ। 4 ਫਰਵਰੀ, 1941 ਦੀ ਮੁਸਲਿਮ ਲੀਗ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਸਰ ਸਿਕੰਦਰ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਸ ਦੀ ਸਕੀਮ ਨੂੰ ਮੰਨ ਲਿਆ ਜਾਵੇ ਪਰ ਮਿ. ਜਿਨਾਹ ਨੇ ਇਸ ਆਧਾਰ ਤੇ ਇਸ ਨੂੰ ਰੱਦ ਕਰ ਦਿੱਤਾ ਕਿ ਮੁਸਲਿਮ ਲੀਗ ਨੂੰ ਆਪਣੀ ਮੰਗ ਨੂੰ ਪੂਰੇ ਭਾਰਤ ਦੀ ਥਾਂ ਤੇ ਸਿਰਫ ਮੁਸਲਿਮ ਜ਼ੋਨਾਂ ਤਕ ਸੀਮਿਤ ਰੱਖਣਾ ਚਾਹੁੰਦਾ ਹੈ। ਸਿਕੰਦਰ ਨੇ ਪਾਕਿਸਤਾਨ ਦੇ ਵਿਚਾਰ ਨੂੰ ਪਸੰਦ ਨਹੀਂ ਕੀਤਾ ਅਤੇ ਇਸ ਨੂੰ ਜਿਨਾਹਸਥਾਨ ਕਿਹਾ ਕਿਉਂਕਿ ਉਸ ਨੂੰ ਪੱਕਾ ਵਿਸ਼ਵਾਸ ਸੀ ਕਿ ਪਾਕਿਸਤਾਨ ਬਣਨ ਤੋਂ ਭਾਵ ਸੀ ਪੰਜਾਬ ਵਿਚ ਕਤਲੇਆਮ ਦਾ ਵਾਪਰਨਾ। ਉਸ ਨੇ 11 ਮਾਰਚ, 1941 ਨੂੰ ਪੰਜਾਬ ਵਿਧਾਨ ਸਭਾ ਵਿਚ ਕਿਹਾ ਅਸੀਂ ਇਹੋ ਜਿਹੀ ਅਜ਼ਾਦੀ ਨਹੀਂ ਮੰਗਦੇ ਜਿਥੇ ਮੁਸਲਿਮ ਰਾਜ ਅਤੇ ਹਿੰਦੂ ਰਾਜ ਅਲੱਗ ਅਲੱਗ ਥਾਵਾਂ ਤੇ ਹੋਣ। ਜੇਕਰ ਪਾਕਿਸਤਾਨ ਤੋਂ ਇਹ ਭਾਵ ਹੈ ਤਾਂ ਉਸ ਨੇ ਇਸ ਤੋਂ ਕੁਝ ਨਹੀਂ ਲੈਣਾ।

**8.1 ਮੁਸਲਿਮ ਲੀਗ ਦਾ ਯੂਨੀਅਨਿਸਟ ਪਾਰਟੀ ਵੱਲ ਰੁੱਖ** : 1942 ਈ. ਵਿਚ ਸਿਕੰਦਰ ਹਿਯਾਤ ਦੀ ਮੌਤ ਪਿਛੋਂ ਮੁਸਲਿਮ ਲੀਗ ਨੇ ਯੂਨੀਅਨਨਿਸਟ ਪਾਰਟੀ ਵਲ ਬਹੁਤ ਹੀ ਸਖਤ ਰੁਖ ਅਪਣਾ ਲਿਆ। ਮਿ. ਜਿਨਾਹ ਨੇ ਇਸ ਗੱਲ ਤੇ ਜ਼ਿਆਦਾ ਜ਼ੋਰ ਦਿੱਤਾ ਕਿ ਪੰਜਾਬ ਵਿਚ ਮੰਤਰੀ ਪਰਿਸ਼ਦ ਨੂੰ ਮੁਸਲਿਮ ਲੀਗ ਕੋਲੀਸ਼ਨ ਮਨਿਸਟਰੀ ਦਾ ਨਾਂ ਦਿੱਤਾ ਜਾਵੇ ਨਾ ਕਿ ਯੂਨੀਅਨਨਿਸਟ ਮਨਿਸਟਰੀ। ਕਿਉਂਕਿ ਯੂਨੀਅਨਨਿਸਟ ਪਾਰਟੀ ਵਿਚ ਜਿਤਨੇ ਵੀ ਮੁਸਲਿਮ ਮੈਂਬਰ ਸਨ ਉਹ ਮੁਸਲਿਮ ਲੀਗ ਦੇ ਵੀ ਮੈਂਬਰ ਸਨ ਪਰ ਖ਼ਿਜਰ ਹਿਯਾਤ ਖਾਂ ਜਿਹੜਾ ਸਿਕੰਦਰ ਮਗਰੋਂ ਪ੍ਰਧਾਨ ਮੰਤਰੀ ਬਣਿਆ ਉਹ ਜਿਨਾਹ ਦੀ ਮੰਗ ਨਾਲ ਸਹਿਮਤ ਸੀ। ਜਿਨਾਹ ਨੇ ਸਖਤ ਰੁਖ ਹੀ ਅਪਣਾਈ ਰਖਿਆ ਅਤੇ ਸਰ ਖਿਜ਼ਰ ਹਿਯਾਤ ਖਾਂ ਸਾਹਮਣੇ ਸਮਝੌਤੇ ਦੀਆਂ ਇਹ ਸ਼ਰਤਾਂ ਰਖੀਆਂ :

(1) ਪੰਜਾਬ ਵਿਚ ਮੁਸਲਿਮ ਲੀਗ ਦੇ ਹਰ ਮੈਂਬਰ ਨੂੰ ਪੰਜਾਬ ਅਸੈਂਬਲੀ ਵਿਚ ਇਹ ਐਲਾਨ ਕਰਨਾ ਚਾਹੀਦਾ ਹੈ ਕਿ ਉਹ ਕੇਵਲ ਮੁਸਲਿਮ ਲੀਗ ਪ੍ਰਤੀ ਹੀ ਵਫਾਦਾਰ ਹੈ ਅਤੇ ਉਹ ਪੰਜਾਬ ਵਿਧਾਨ ਸਭਾ ਵਿਚ ਕਿਸੇ ਹੋਰ ਪਾਰਟੀ ਪ੍ਰਤੀ ਜ਼ਿੰਮੇਵਾਰ ਜਾਂ ਵਫਾਦਰ ਨਹੀਂ ਭਾਵੇਂ ਉਹ ਯੂਨੀਅਨਨਿਸਟ ਪਾਰਟੀ ਹੀ ਕਿਉਂ ਨਾ ਹੋਵੇ।

(2) ਯੂਨੀਅਨਿਸਟ ਦਾ ਮੌਜੂਦਾ ਲੇਬਲ ਛੱਡ ਦਿੱਤਾ ਜਾਵੇ।

(3) ਕੋਲੀਸ਼ਨ ਦਾ ਨਾਉਂ ਮੁਸਲਿਮ ਲੀਗ ਕੋਲੀਸ਼ਨ ਪਾਰਟੀ ਹੋਣਾ ਚਾਹੀਦਾ ਹੈ।

ਯੂਨੀਅਨਨਿਸਟ ਪਾਰਟੀ ਦੇ ਨੇਤਾ ਇਸ ਤਰ੍ਹਾਂ ਦੀਆਂ ਸ਼ਰਤਾਂ ਸਵੀਕਰ ਨਹੀਂ ਸਨ ਕਰ ਸਕਦੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਯੂਨੀਅਨਨਿਸਟ ਪਾਰਟੀ ਨੂੰ ਭਾਰੀ ਸੱਟ ਵਜਣੀ ਸੀ। ਸਿੱਟੇ ਵਜੋਂ ਪੰਜਾਬ ਅਸੈਂਬਲੀ ਦੇ ਮੁਸਲਿਮ ਲੀਗ ਦੇ ਮੈਂਬਰਾਂ ਜਿਨ੍ਹਾਂ ਦੀ ਸੰਖਿਆ 1 ਤੋਂ 22 ਹੋ ਗਈ ਸੀ, ਵਿਰੋਧੀ ਬੈਂਚਾਂ ਤੇ ਬੈਠੇ। ਇਹ ਘਟਨਾ 1946 ਈ. ਦੀ ਚੋਣ ਤੋਂ ਕੁਝ ਸਮੇਂ ਹੀ ਪਹਿਲਾਂ ਵਾਪਰੀ ਸੀ।

**9. 1946 ਦੀਆਂ ਚੋਣਾਂ ਦੇ ਸਿੱਟੇ** : ਪੰਜਾਬ ਦੇ ਇਤਿਹਾਸ ਵਿਚ 1946 ਦੀਆਂ ਚੋਣਾਂ ਦੇ ਨਤੀਜੇ ਬਹੁਤ ਹੀ ਮਹੱਤਵਪੂਰਣ ਨਵਾਂ ਮੋੜ ਲਿਆਉਣ ਵਾਲੇ ਸਾਬਤ ਹੋਏ। ਪੰਜਾਬ ਲੈਜਿਸਲੇਟਿਵ ਅਸੈਂਬਲੀ ਦੀਆਂ ਚੋਣਾਂ ਵਿਚ ਇਸ ਪਾਰਟੀ ਨੇ 83 ਉਮੀਦਵਾਰ ਖੜੇ ਕੀਤੇ ਜਿਨ੍ਹਾਂ ਵਿਚੋਂ 73 ਸਫਲ ਹੋਏ ਜਦ ਕਿ ਯੂਨੀਅਨਨਿਸਟ ਪਾਰਟੀ ਦੇ 99 ਉਮੀਦਵਾਰਾਂ ਵਿਚੋਂ ਕੇਵਲ 9 ਮੈਂਬਰ ਹੀ ਸਫਲ ਹੋਏ। ਇਹਨਾਂ ਚੋਣਾਂ ਵਿਚ ਮੁਸਲਿਮ ਲੀਗ ਨੂੰ 62.5 ਫੀਸਦੀ ਵੋਟ ਪ੍ਰਾਪਤ ਹੋਏ ਜਦੋਂ ਕਿ ਯੂਨੀਅਨਨਿਸਟ ਪਾਰਟੀ ਨੂੰ 26.61 ਫੀਸਦੀ ਵੋਟ ਪ੍ਰਾਪਤ ਹੋਏ। ਇਸ ਤਰ੍ਹਾਂ ਪੰਜਾਬ ਅਸੈਂਬਲੀ ਵਿਚ ਮੁਸਲਿਮ ਲੀਗ ਸਭ ਤੋਂ ਜ਼ਿਆਦਾ ਗਿਣਤੀ ਵਾਲੀ ਪਾਰਟੀ ਸਾਬਤ ਹੋਈ। ਭਾਵੇਂ ਮੁਸਲਿਮ ਲੀਗ ਨੂੰ ਚੋਣਾਂ ਵਿਚ ਸਫਲਤਾ ਮਿਲੀ ਸੀ ਪਰ ਕੁਲੀਸ਼ਨ ਸਰਕਾਰ ਖਿਜਰ ਹਿਯਾਤ ਖਾਂ ਨੇ ਹੀ ਪੰਜਾਬ ਵਿਚ ਬਣਾਈ। ਉਸ ਨੇ ਇਹ ਸਰਕਾਰ ਅਕਾਲੀ ਪਾਰਟੀ ਤੇ ਕਾਂਗਰਸ ਪਾਰਟੀ ਦੀ ਮਦਦ ਨਾਲ ਬਣਾਈ। ਇਸਦਾ ਪੰਜਾਬ ਦੇ ਮੁਸਲਮਾਨਾਂ ਉਤੇ ਬਹੁਤ ਹੀ ਬੁਰਾ ਅਸਰ ਪਿਆ। ਇਸ ਨਾਲ ਮੁਸਲਿਮ ਸਮਾਜ ਵਿਚ ਨਿਰਾਸ਼ਾ ਵਧੀ ਅਤੇ ਸਿੱਟੇ ਵਜੋਂ ਪ੍ਰਾਂਤ ਵਿਚ ਸੰਪਰਦਾਇਕ ਝਗੜੇ ਵੱਧ ਗਏ।

ਜਦੋਂ ਖ਼ਿਜਰ ਨੇ ਹਿੰਦੂਆਂ ਤੇ ਸਿੱਖਾਂ ਦੀ ਮਦਦ ਨਾਲ ਮੰਤਰੀ ਮੰਡਲ ਬਣਾ ਲਿਆ ਤਾਂ ਮੁਸਲਮਾਨਾਂ ਤੋਂ ਹਿੰਦੂ ਸਿੱਖਾਂ ਵਿਚਕਾਰ ਮਿਲਵਰਤਨ ਤੇ ਸਹਿਯੋਗ ਦੀ ਭਾਵਨਾ ਦਾ ਸਵਾਲ ਹਮੇਸ਼ਾ ਲਈ ਖਤਮ ਹੋ ਗਿਆ। ਪ੍ਰਾਂਤ ਸਵੈ-ਸੱਤਾ ਸਥਾਪਿਤ ਹੋਣ ਦੇ ਸਮੇਂ ਤੋਂ ਹੀ ਪੰਜਾਬ ਦੇ ਹਰ ਮੰਤਰੀ ਮੰਡਲ ਵਿਚ ਮੁਸਲਮਾਨਾਂ ਨੇ ਬਹੁਤ ਹੀ ਉੱਘਾ ਕੰਮ ਕੀਤਾ ਸੀ ਕਿਉਂਕਿ ਉਹਨਾਂ ਦੀ ਬਹੁ-ਗਿਣਤੀ ਨੇ ਉਹਨਾਂ ਨੂੰ ਇਸ ਕਾਬਿਲ ਬਣਾ ਦਿੱਤਾ ਸੀ। ਹੁਣ ਇਹ ਪਹਿਲੀ ਵਾਰ ਹੋਇਆ ਜਦ ਪੰਜਾਬ ਵਿਚ ਗੈਰ-ਮੁਸਲਿਮ ਸਰਕਾਰ ਬਣਾਈ ਗਈ। ਮੁਸਲਿਮ ਲੀਗ ਦੇ ਮੈਂਬਰਾਂ ਨੇ ਇਸ ਤਰ੍ਹਾਂ ਖੁਦ ਨੂੰ ਕਾਂਗਰਸ, ਯੂਨੀਅਨਨਿਸਟ ਤੇ ਅਕਾਲੀਆਂ ਦੇ ਮੇਲ ਕਾਰਣ ਤਾਕਤ ਤੋਂ ਬਾਹਰ ਵੇਖਿਆ, ਜਿਸ ਨਾਲ ਮੁਸਲਮਾਨਾਂ ਦੀਆਂ ਭਾਵਨਾਵਾਂ ਭੜਕ ਉਠੀਆਂ। ਇਸ ਕੋਲੀਸ਼ਨ ਸਰਕਾਰ ਦੇ ਮਿਲਵਰਤਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਜੇਕਰ ਮੁਸਲਿਮ ਲੀਗ ਨੂੰ ਸਰਕਾਰ ਬਣਾਉਣ ਦਿੱਤੀ ਜਾਂਦੀ ਤੇ ਉਹਨਾਂ ਰਾਹੀਂ ਪੰਜਾਬ ਵਿਚ ਸ਼ਾਂਤੀ ਬਣਾਉਣ ਦਾ ਕੰਮ ਕੀਤਾ ਗਿਆ ਹੁੰਦਾ ਤਾਂ ਉਹ ਪ੍ਰਾਂਤ ਵਿਚ ਕਦੀ ਵੀ ਗੜਬੜੀ

ਨਾ ਕਰਦੇ।

**9.1 ਕੋਲੀਸ਼ਨ ਸਰਕਾਰ ਬਣਨ ਦਾ ਸਿੱਟਾ** : ਸਗੋਂ ਇਸ ਕੋਲੀਸ਼ਨ ਸਰਕਾਰ ਬਣਨ ਨਾਲ ਪਾਕਿਸਤਾਨ ਦੀ ਮੰਗ ਹੋਰ ਮਜ਼ਬੂਤ ਹੋ ਗਈ। ਇਸ ਕੋਲੀਸ਼ਨ ਸਰਕਾਰ ਨੂੰ ਮੁਸਲਿਮ ਲੀਗ ਨੂੰ ਤਾਕਤ ਵਿਚੋਂ ਬਾਹਰ ਰੱਖਣ ਦੀ ਸਾਜ਼ਿਸ਼ ਸਮਝਿਆ ਗਿਆ। ਜਿਨਾਹ ਹਮੇਸ਼ਾਂ ਇਸ ਬਾਰੇ ਲੋਕਾਂ ਨੂੰ ਜਾਗ੍ਰਿਤ ਕਰਦਾ ਸੀ ਅਤੇ ਇਸ ਦੇ ਨਾਲ ਪਾਕਿਸਤਾਨ ਦੀ ਮੰਗ ਹੋਰ ਤੇਜ਼ੀ ਨਾਲ ਵਧੀ। ਉਸ ਨੇ ਇਹ ਵਿਚਾਰ ਦਿੱਤਾ ਕਿ ਸੰਗਠਤ ਪੰਜਾਬ ਵਿਚ ਹਿੰਦੂ ਹਮੇਸ਼ਾਂ ਸਮਾਜ ਦੇ ਹੋਰ ਵਰਗਾਂ ਤੋਂ ਮੁਸਲਮਾਨਾਂ ਵਿਰੁੱਧ ਸਹਿਯੋਗ ਪ੍ਰਾਪਤ ਕਰਕੇ ਆਪਣੀ ਸੱਤਾ ਬਣਾਈ ਰਖਣਗੇ ਜਿਸ ਨਾਲ ਬਹੁ ਸੰਖਿਆ ਵਾਲੇ ਸਮਾਜ ਦੇ ਵਰਗ ਦੇ ਹਿੱਤਾਂ ਦੀ ਰਖਿਆ ਨਹੀਂ ਕੀਤੀ ਜਾ ਸਕਦੀ। ਨਰਾਜ਼ ਤੇ ਗੁੱਸੇ ਵਿਚ ਮੁਸਲਿਮ ਲੀਗ ਕੋਲ ਮੁਸਲਮਾਨਾਂ ਨੂੰ ਭੜਕਾਉਣ ਦਾ ਜਾਇਜ਼ ਕਾਰਣ ਸੀ ਜਿਸ ਦੇ ਆਧਾਰ ਤੇ ਉਹਨਾਂ ਨੇ ਮੁਸਲਿਮ ਵਰਗ ਨੂੰ ਪਾਕਿਸਤਾਨ ਪ੍ਰਾਪਤ ਕਰਨ ਲਈ ਲੜਨ ਮਰਨ ਲਈ ਭੜਕਾਇਆ ਅਤੇ ਤਿਆਰ ਕੀਤਾ।

1946 ਦੀਆਂ ਆਮ ਚੋਣਾਂ ਨੇ ਇਹ ਸਾਬਿਤ ਕਰ ਦਿੱਤਾ ਸੀ ਕਿ ਪੰਜਾਬ ਵਿਚ ਮੁਸਲਮਾਨ, ਮੁਸਲਿਮ ਲੀਗ ਨਾਲ ਹਨ ਅਤੇ ਉਹ ਪਾਕਿਸਤਾਨ ਬਣਾਉਣ ਦਾ ਨਿਸ਼ਚਾ ਕਰ ਚੁੱਕੇ ਹਨ ਜਿਸ ਵਿਚ ਪੰਜਾਬ ਇਕ ਪ੍ਰਾਂਤ ਹੋਵੇ ਗਾ ਜਿਸ ਤਰ੍ਹਾਂ ਹਿੰਦੂ ਤੇ ਸਿੱਖ ਘੱਟ ਗਿਣਤੀ ਵਾਲੇ ਵਰਗ ਵੀ ਪਾਕਿਸਤਾਨ ਵਿਚ ਹੀ ਰਹਿ ਜਾਣਗੇ। ਪਰ ਇਸ ਸੰਭਾਵਨਾ ਨੂੰ ਖਤਮ ਕਰਨ ਲਈ ਪੰਜਾਬ ਦੇ ਹਿੰਦੂਆਂ ਤੇ ਸਿੱਖਾਂ ਨੇ ਪ੍ਰਾਂਤ ਦੀ ਵੰਡ ਤੇ ਜ਼ੋਰ ਦਿੱਤਾ। ਗਿਆਨੀ ਕਰਤਾਰ ਸਿੰਘ ਨੇ ਕਿਹਾ ਜੇਕਰ ਹਿੰਦੂ ਸਿੱਖਾਂ ਦੀ ਇਹ ਮੰਗ ਨਾ ਮੰਨੀ ਗਈ ਤਾਂ ਇਸ ਤੋਂ ਇਹ ਸਿੱਟਾ ਨਿਕਲੇਗਾ, ਸਮਾਜ ਦੇ ਇਹ ਦੋਨੋਂ ਵਰਗ ਹਮੇਸ਼ਾਂ ਲਈ ਮੁਸਲਮਾਨਾਂ ਦੀ ਸੱਤਾ ਹੇਠ ਚਲੇ ਜਾਣਗੇ ਜਿਹੜੇ ਆਪਣੇ ਲਈ ਅਲੱਗ ਰਾਸ਼ਟਰ ਦੀ ਮੰਗ ਕਰ ਰਹੇ ਹਨ। ਖਾਸ ਤੌਰ ਤੇ ਸਿੱਖ ਜਿਨ੍ਹਾਂ ਨੇ 100 ਸਾਲ ਪਹਿਲਾਂ ਇਹਨਾਂ ਮੁਸਲਮਾਨਾਂ ਨੂੰ ਹਰਾ ਕੇ ਇਥੇ ਰਾਜ ਕੀਤਾ ਸੀ ਅਤੇ ਸਿੱਖਾਂ ਵਿਚੋਂ 95 ਫੀਸਦੀ ਸਿੱਖ ਪੰਜਾਬ ਵੀ ਹੀ ਰਹਿੰਦੇ ਸਨ। ਇਹ ਅਨਿਆਂ ਪੂਰਣ, ਬੇ ਅਸੂਲਾ ਅਤੇ ਗਲਤ ਹੈ, ਇਸ ਲਈ ਇਸ ਤਰ੍ਹਾਂ ਕਰਨ ਦੀ ਆਗਿਆ ਨਹੀਂ ਸੀ ਦਿੱਤੀ ਜਾ ਸਕਦੀ। ਦੂਜੇ ਸ਼ਬਦਾਂ ਵਿਚ ਮੁਸਲਮਾਨਾਂ ਅਤੇ ਹਿੰਦੂ ਸਿੱਖਾਂ ਵਿਚਕਾਰ ਕਿਸੇ ਵੀ ਦ੍ਰਿਸ਼ਟੀ ਤੋਂ ਸਹਿਯੋਗ ਨਹੀਂ ਸੀ ਹੋ ਸਕਦਾ, ਇਸ ਲਈ ਪੰਜਾਬ ਦੇ ਵੰਡਾਰੇ ਨੂੰ ਨਹੀਂ ਸੀ ਰੋਕਿਆ ਜਾ ਸਕਦਾ।

**10. ਲਾਰਡ ਮਾਉਂਟਬੈਟਨ ਦੀ ਯੋਜਨਾ** : 1947 ਈ. ਵਿਚ ਲਾਰਡ ਮਾਉਂਟਬੈਟਨ ਨੂੰ ਭਾਰਤ ਦਾ ਵਾਇਸਰਾਏ ਬਣਾਉਣ ਪਿਛੋਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਬਹੁਤ ਹੀ ਮਹੱਤਵਪੂਰਣ ਭਾਸ਼ਨ ਦਿੱਤਾ ਜਿਸ ਵਿਚ ਉਸ ਨੇ ਉਹ ਨਿਸ਼ਚਿਤ ਤਾਰੀਖ ਦੱਸੀ ਜਦੋਂ ਸੱਤਾ ਭਾਰਤੀਆਂ ਨੂੰ ਦਿੱਤੀ ਜਾਣੀ ਸੀ। ਇਸ ਐਲਾਨ ਦਾ ਪੰਜਾਬ ਦੀ ਰਾਜਨੀਤੀ ਤੇ ਡੂੰਘਾ ਅਸਰ ਹੋਇਆ। ਇਸ ਨਾਲ ਹੀ ਰਾਵਲਪਿੰਡੀ, ਅਟਕ ਤੇ ਮੁਲਤਾਨ ਦੇ ਜ਼ਿਲ੍ਹਿਆਂ ਵਿਚ ਫਿਰਕ ਦੰਗੇ ਫਸਾਦ ਸ਼ੁਰੂ ਹੋ ਗਏ। ਹਜ਼ਾਰਾਂ ਹਿੰਦੂ ਤੇ ਸਿੱਖ ਮਾਰੇ ਗਏ। ਇਨ੍ਹਾਂ ਦੰਗਿਆਂ ਨੇ ਗ਼ੈਰ ਮੁਸਲਮਾਨਾਂ ਨੂੰ ਵਿਸ਼ਵਾਸ ਦਿਲਾਇਆ ਕਿ ਉਹ ਮੁਸਲਿਮ-ਸੰਪਰਦਾਇ ਸੱਤਾ ਹੇਠ ਸੁਰੱਖਿਅਤ ਨਹੀਂ ਸਨ ਰਹਿ ਸਕਦੇ। 8 ਅਪ੍ਰੈਲ, 1947 ਈ. ਨੂੰ ਕਾਂਗਰਸ ਨੇ ਇਹ ਮਤਾ ਪਾਸ ਕੀਤਾ ਕਿ ਪੰਜਾਬ ਵਿਚ ਕਤਲੇਆਮ ਤੇ ਦੰਗੇ ਫਸਾਦ ਬਹੁਤ ਹੀ ਦੁਖ ਭਰੀਆਂ ਘਟਨਾਵਾਂ ਹਨ। ਪੰਜਾਬ ਵਿਚ ਹਿੰਸਾ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਅਤੇ ਕੋਈ ਵੀ ਹੱਲ ਜਿਹੜਾ ਦਬਾਉ ਹੇਠ ਹੋਇਆ ਹੋਵੇਗਾ, ਜ਼ਿਆਦਾ ਦੇਰ ਤੱਕ ਨਹੀਂ ਰਹਿ ਸਕਦਾ। ਇਸ ਨੇ ਪੰਜਾਬ ਦੀ ਵੰਡ ਨੂੰ ਹੋਰ ਜ਼ਰੂਰੀ ਬਣਾ ਦਿੱਤਾ ਤਾਂ ਜੋ ਬਹੁ-ਗਿਣਤੀ ਵਾਲਾ ਮੁਸਲਿਮ ਪ੍ਰਦੇਸ਼ ਬਹੁ-ਗਿਣਤੀ ਵਾਲੇ ਗ਼ੈਰ-ਮੁਸਲਿਮ ਖੇਤਰ ਤੋਂ ਵੱਧ ਕੀਤਾ ਜਾ ਸਕੇ।

ਅੰਤ ਵਿਚ 3 ਜੂਨ,1947 ਈ. ਦੇ ਇਸ ਬਟਵਾਰੇ ਦੀ ਯੋਜਨਾ ਦੀ ਘੋਸ਼ਣਾ ਕੀਤੀ ਗਈ। ਇਹ ਘੋਸ਼ਣਾ ਬ੍ਰਿਟਿਸ਼ ਸੰਸਦ ਰਾਹੀਂ ਪਾਸ ਕੀਤੇ ਗਏ ਇੰਡੀਅਨ ਇੰਡੀਪੈਂਡਸ ਐਕਟ 1947 ਈ. ਦੇ ਆਧਾਰ ਤੇ ਕੀਤੀ ਗਈ। ਇਸ ਯੋਜਨਾ ਵਿਚ ਪੰਜਾਬ ਦੇ ਬਟਵਾਰੇ ਦੀ ਤਜਵੀਜ਼ ਸੀ। ਇਸ ਦੇ ਆਧਾਰ ਤੇ ਉਹਨਾਂ ਖੇਤਰਾਂ ਨੂੰ ਜਿਹਨਾ ਵਿਚ ਮੁਸਲਿਮ ਬਹੁ-ਗਿਣਤੀ ਵਿਚ ਸਨ, ਯੋਜਨਾ ਦੀ ਅੰਤਿਕਾ ਵਿਚ ਲਿਖਿਆ ਗਿਆ। ਯੋਜਨਾ ਅਨੁਸਾਰ ਬਾਉਂਡਰੀ ਕਮਿਸ਼ਨ ਦੀ ਸਥਾਪਨਾ ਹੋਈ ਜਿਸ ਨੇ ਇਲਾਕੇ ਦੀ ਵੰਡ ਦੀ ਨਿਸ਼ਾਨ ਦੇਹੀ

ਕਰਨੀ ਸੀ ਅਤੇ ਨਿਸਚਿਤ ਕੀਤਾ ਗਿਆ ਕਿ ਕਿਹੜਾ ਇਲਾਕਾ ਪੂਰਬੀ ਪੰਜਾਬ ਅਤੇ ਕਿਹੜਾ ਪੱਛਮੀ ਪੰਜਾਬ ਵਿਚ ਸ਼ਾਮਲ ਕੀਤਾ ਜਾਵੇਗਾ।

ਇਸ ਤਰ੍ਹਾਂ ਪੰਜਾਬ ਦੀ ਵੰਡ ਦਾ ਪੰਜਾਬ ਦੇ ਸਮਾਜ ਉਤੇ ਬੜਾ ਡੂੰਘਾ ਅਸਰ ਪਿਆ। ਸਮਾਜ ਵਿਚੋਂ ਹਿੰਦੂਆਂ ਤੇ ਮੁਸਲਮਾਨਾਂ ਲਈ ਭਾਈਚਾਰਕ ਸਾਂਝ ਖਤਮ ਹੋ ਗਈ। ਲੱਖਾਂ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਹਜ਼ਾਰਾਂ ਦੀ ਗਿਣਤੀ ਵਿਚ ਬੇਕਸੂਰ ਲੋਕ ਇਸ ਬਟਵਾਰੇ ਕਾਰਣ ਮਾਰੇ ਗਏ। ਜਾਨੀ ਨੁਕਸਾਨ ਤੋਂ ਇਲਾਵਾ ਪੰਜਾਬੀਆਂ ਨੂੰ ਆਰਥਿਕ ਤੰਗੀ ਦਾ ਵੀ ਸਾਹਮਣਾ ਕਰਨਾ ਪਿਆ।

## ਪ੍ਰਸ਼ਨ

### ਹੇਠ ਲਿਖੇ ਹਰ ਸਵਾਲ ਦਾ 30 ਤੋਂ 40 ਸ਼ਬਦਾਂ ਵਿਚ ਉੱਤਰ ਲਿਖੋ :

1. 1909 ਈ. ਤੇ ਕਮਿਊਨਲ ਐਵਾਰਡ ਤੋਂ ਤੁਸੀਂ ਕੀ ਸਮਝਦੇ ਹੋ ?
2. ਪੰਜਾਬ ਵਿਖੇ ਮੁਸਲਮਾਨਾਂ ਦੀ ਆਰਥਿਕ ਦਸ਼ਾ ਬਾਰੇ ਦਸੋ ।
3. ਪੰਜਾਬ ਦਾ ਉਦਯੋਗ ਅਤੇ ਕ੍ਰਿਸ਼ੀ ਕਿਸ ਦੇ ਹੱਥ ਵਿਚ ਸੀ ?
4. ਜੋਫਰੀ ਕੋਰਬੈਟ ਦੀ ਸਕੀਮ ਬਾਰੇ ਤੁਸੀਂ ਕੀ ਜਾਣਦੇ ਹੋ ?
5. ਕ੍ਰਿਪਸ ਦੇ ਡਰਾਫਟ ਡੈਕਲੇਰਿਸ਼ਨ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?
6. ਐਸ.ਜੀ.ਪੀ.ਸੀ. ਨੇ ਮੁਸਲਿਮ ਲੀਗ ਦੇ ਮੁਸਲਿਮ ਰਾਜ ਦੀ ਮੰਗ ਦਾ ਵਿਰੋਧ ਕਿਉਂ ਕੀਤਾ ?
7. ਮੁਸਲਿਮ ਲੀਗ ਦੇ ਪਾਕਿਸਤਾਨ ਮਤੇ ਬਾਰੇ ਤੁਸੀਂ ਕੀ ਜਾਣਦੇ ਹੋ ?
8. ਡਾ. ਇਕਬਾਲ ਕੌਣ ਸਨ ਅਤੇ ਉਨ੍ਹਾਂ ਨੇ ਕੀ ਵਿਚਾਰ ਦਿੱਤਾ ਸੀ ?
9. ਖਿਜ਼ਾਰ ਹਿਯਾਤ ਕੌਣ ਸੀ ?
10. ਕੋਲਿਸ਼ਨ ਸਰਕਾਰ ਬਣਨ ਦਾ ਕੀ ਸਿੱਟਾ ਨਿਕਲਿਆ ?

### ਹੇਠ ਲਿਖੇ ਕਿਸੇ ਇਕ ਪ੍ਰਸ਼ਨ ਦਾ 1000 ਸ਼ਬਦਾਂ ਵਿਚ ਉੱਤਰ ਦਿਉ।

1. ਪੰਜਾਬ ਦੀ ਵੰਡ ਕਿੰਨਾਂ ਕਾਰਣਾਂ ਕਰਕੇ ਹੋਈ, ਇਸ ਦਾ ਵਿਸਥਾਰ ਵਿਚ ਵਰਨਣ ਕਰੋ।
2. ਅੰਗਰੇਜ਼ਾਂ ਦਾ ਪਾਕਿਸਤਾਨ ਦੀ ਮੰਗ ਵਲ ਕੀ ਰਵੱਈਆ ਰਿਹਾ ਅਤੇ ਅੰਤ ਉਨ੍ਹਾਂ ਨੇ ਪਾਕਿਸਤਾਨ ਦੀ ਵੰਡ ਕਿਸ ਆਧਾਰ ਤੇ ਕੀਤੀ ?

---

Type Setting:
Departmet of Distance Education, Punjabi University, Patiala.